22-SEP-PAGE-1.qxd 9/21/2023 9:48 PM Page 1

ਸ਼ੁੱਕਰਵਾਰ, 22 ਸਤੰਬਰ, 2023
6 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 112

# ਨਵਾਂ ਜ਼ਮਾਨਾ

DAILY NAWAN ZAMANA • FRIDAY, 22 SEPTEMBER, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕੈਨੇਡੀਅਨਾਂ ਨੂੰ ਵੀਜ਼ੇ ਜਾਰੀ ਕਰਨ 'ਤੇ ਰੋਕ




**ਨਵੀਂ ਦਿੱਲੀ** : ਕੈਨੇਡਾ ਖਿਲਾਫ ਹੋਰ ਕਦਮ ਚੁੱਕਦਿਆਂ ਭਾਰਤ ਨੇ ਸੁਰੱਖਿਆ ਕਾਰਨਾਂ ਕਰਕੇ ਉਥੇ ਆਪਣੇ ਮਿਸ਼ਨਾਂ ਤੋਂ ਕੈਨੇਡੀਅਨਾਂ ਨੂੰ ਹਰ ਕੈਟਾਗਰੀ ਦੇ ਵੀਜ਼ੇ ਜਾਰੀ ਕਰਨ ਦਾ ਓਪਰੇਸ਼ਨ ਮੁਅੱਤਲ ਕਰ ਦਿੱਤਾ ਅਤੇ ਨਵੀਂ ਦਿੱਲੀ ਵਿਚਲੇ ਹਾਈ ਕਮਿਸ਼ਨ ਨੂੰ ਸਟਾਫ ਘਟਾਉਣ ਲਈ ਕਿਹਾ ਤਾਂ ਜੋ ਦੋਹਾਂ ਦੇਸ਼ਾਂ ਦੇ ਹਾਈ ਕਮਿਸ਼ਨਾਂ ਵਿਚ ਸਟਾਫ ਸਾਵਾਂ ਹੋਵੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਵੀਰਵਾਰ ਮੀਡੀਆ ਬ੍ਰੀਫਿੰਗ ਵਿਚ ਕਿਹਾ ਕਿ ਜਿਨ੍ਹਾਂ ਕੋਲ ਜਾਇਜ਼ ਵੀਜ਼ੇ ਤੇ ਓ ਸੀ ਆਈ ਕਾਰਡ ਹਨ, ਉਹ ਟਰੈਵਲ ਕਰ ਸਕਦੇ ਹਨ। ਬਾਗਚੀ ਨੇ ਇਹ ਵੀ ਕਿਹਾ ਕਿ ਕੈਨੇਡਾ ਨੇ ਦਹਿਸ਼ਤਗਰਦ ਹਰਦੀਪ ਸਿੰਘ ਨਿੱਝਰ ਦੇ 18 ਜੂਨ ਨੂੰ ਹੋਏ ਕਤਲ ਬਾਰੇ ਕੋਈ ਠੋਸ ਜਾਣਕਾਰੀ ਮੁਹੱਈਆ ਨਹੀਂ ਕਰਾਈ। ਦੂਜੇ ਪਾਸੇ ਕੈਨੇਡਾ ਨੇ ਕੈਨੇਡਾ ਵਿਚ ਸੁਰੱਖਿਅਤ ਪਨਾਹ ਲਈ ਬੈਠੇ ਭਾਰਤੀ-ਮੂਲ ਦੇ ਦਹਿਸ਼ਤਗਰਦਾਂ ਤੇ ਗੈਂਗਸਟਰਾਂ ਬਾਰੇ ਭਾਰਤ ਵੱਲੋਂ ਮੰਗੀਆਂ ਗਈਆਂ ਜਾਣਕਾਰੀਆਂ ਵੀ ਨਹੀਂ ਦਿੱਤੀਆਂ। ਬਾਗਚੀ ਨੇ ਕਿਹਾ ਕਿ ਕੈਨੇਡਾ ਵਿਚ ਦਹਿਸ਼ਤਗਰਦ ਤੇ ਅੱਤਵਾਦੀ ਖੁੱਲ੍ਹੇ ਘੁੰਮ ਰਹੇ ਹਨ ਤੇ ਭਾਰਤ ਚਾਹੇਗਾ ਕਿ ਉਥੇ ਭਾਰਤੀ ਭਾਈਚਾਰੇ ਤੇ ਡਿਪਲੋਮੈਟਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਏ। ਬਾਗਚੀ ਨੇ ਕਿਹਾ ਕਿ ਸੁਰੱਖਿਆ ਮੁੱਦਿਆਂ ਕਾਰਨ ਕੰਮਕਾਜ 'ਚ ਵਿਘਨ ਪਿਆ ਹੈ, ਜਿਸ ਨਾਲ ਕੈਨੇਡਾ 'ਚ ਭਾਰਤੀ ਹਾਈ ਕਮਿਸ਼ਨ ਤੇ ਕੌਂਸਲਖਾਨੇ ਵੀਜ਼ਾ ਅਰਜ਼ੀਆਂ ਸੰਬੰਧੀ ਪ੍ਰਕਿਰਿਆ ਅੱਗੇ ਤੋਰਨ 'ਚ ਅਸਮਰੱਥ ਹਨ। ਇਸ ਤੋਂ ਪਹਿਲਾਂ ਕੈਨੇਡੀਅਨਾਂ ਦੀਆਂ ਵੀਜ਼ਾ ਅਰਜ਼ੀਆਂ ਦੀ ਸ਼ੁਰੂਆਤੀ ਜਾਂਚ ਲਈ ਭਾਰਤ ਵੱਲੋਂ ਭਾੜੇ 'ਤੇ ਕੀਤੀ ਬੀ ਐੱਲ ਐੱਸ ਇੰਟਰਨੈਸ਼ਨਲ ਨਾਂਅ ਦੀ ਨਿੱਜੀ ਏਜੰਸੀ ਦੀਆਂ ਵੀਰਵਾਰ ਕਲਾਬਾਜ਼ੀਆਂ ਦੇਖਣ ਨੂੰ ਮਿਲੀਆਂ। ਪਹਿਲਾਂ ਉਸ ਨੇ ਆਪਣੀ ਵੈੱਬਸਾਈਟ 'ਤੇ ਪਾਇਆ ਕਿ ਓਪਰੇਸ਼ਨਲ ਕਾਰਨਾਂ ਕਰਕੇ ਉਸ ਨੇ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ। ਕੁਝ ਘੰਟਿਆਂ ਬਾਅਦ ਕਹਿ ਦਿੱਤਾ ਕਿ ਸੇਵਾਵਾਂ ਜਾਰੀ ਹਨ। ਇਸ ਦੇ ਨਾਲ ਹੀ ਉਸ ਨੇ ਭਾਰਤੀ ਸਟਾਕ ਐਕਸਚੇਂਜ ਨੂੰ ਜਾਣੂੰ ਕਰਾਇਆ ਕਿ ਉਸ ਨੇ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ।

ਏਜੰਸੀ ਨੇ ਆਪਣੀ ਵੈੱਬਸਾਈਟ 'ਤੇ ਪਾਇਆ—ਭਾਰਤੀ ਮਿਸ਼ਨ ਵੱਲੋਂ ਅਹਿਮ ਨੋਟਿਸ। ਓਪਰੇਸ਼ਨਲ ਕਾਰਨਾਂ ਕਰਕੇ 21 ਸਤੰਬਰ 2023 ਤੋਂ ਅਗਲੇ ਹੁਕਮਾਂ ਤੱਕ ਭਾਰਤੀ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕ੍ਰਿਪਾ ਕਰਕੇ ਅਪਡੇਟ ਲਈ ਬੀ ਐੱਲ ਐੱਸ ਵੈੱਬਸਾਈਟ ਦੇਖਦੇ ਰਹੋ। ਬੀ ਐੱਲ ਐੱਸ ਇੰਟਰਨੈਸ਼ਨਲ ਸਰਵਿਸਿਜ਼ ਲਿਮਟਿਡ, ਜੋ ਕਿ ਭਾਰਤੀ ਸਟਾਕ ਐਕਸਚੇਂਜ 'ਚ ਲਿਸਟਿਡ ਕੰਪਨੀ ਹੈ, ਨੇ ਸਟਾਕ ਐਕਸਚੇਂਜ ਨੂੰ ਦੱਸਿਆ ਕਿ ਇਸ ਕਾਰਵਾਈ ਦਾ ਇਸ ਦੀ ਮਾਲੀ ਹਾਲਤ 'ਤੇ ਨਿਗੂਣਾ ਅਸਰ ਹੋਵੇਗਾ, ਕਿਉਂਕਿ ਇਸ ਦੀ ਕੁਲ ਸਾਲਾਨਾ ਆਮਦਨ ਵਿਚ ਕੈਨੇਡਾ ਦੇ ਲੋਕਾਂ ਨੂੰ ਵੀਜ਼ਾ ਜਾਰੀ ਕਰਨ ਨਾਲ ਹੁੰਦੀ ਕਮਾਈ ਦੋ ਫੀਸਦੀ ਤੋਂ ਵੀ ਘੱਟ ਹੈ।

ਉਧਰ, ਸੰਯੁਕਤ ਰਾਸ਼ਟਰ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤ ਦੀ ਸ਼ਮੂਲੀਅਤ ਬਾਰੇ ਸੰਸਦ 'ਚ ਉਨ੍ਹਾ ਵੱਲੋਂ ਲਗਾਏ ਦੋਸ਼ਾਂ ਨੂੰ ਭਾਰਤ ਵੱਲੋਂ ਰੱਦ ਕਾਰਨ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਟਰੂਡੋ ਸੰਯੁਕਤ ਰਾਸ਼ਟਰ ਮਹਾਂ ਸਭਾ ਦੇ 78ਵੇਂ ਸੈਸ਼ਨ 'ਚ ਹਿੱਸਾ ਲੈਣ ਲਈ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਆਏ ਸਨ। ਭਾਰਤ-ਕੈਨੇਡਾ ਦੇ ਕੂਟਨੀਤਕ ਸੰਬੰਧਾਂ 'ਚ ਕੁੜੱਤਣ ਦੌਰਾਨ ਕੈਨੇਡੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਦੋਸ਼ ਲਾਇਆ ਕਿ ਕੱਟੜਪੰਥੀਆਂ ਤੋਂ ਹਿੰਦੂ-ਕੈਨੇਡੀਅਨਾਂ ਨੂੰ ਭਾਰਤ ਵਾਪਸ ਜਾਣ ਲਈ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾ ਸਾਰੇ ਹਿੰਦੂ-ਕੈਨੇਡੀਅਨਾਂ ਨੂੰ ਸ਼ਾਂਤ ਤੇ ਚੌਕਸ ਰਹਿਣ ਦੇ ਨਾਲ-ਨਾਲ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਚਨਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਦੇਣ ਦੀ ਅਪੀਲ ਕੀਤੀ ਹੈ। ਚੰਦਰ ਆਰੀਆ ਕੈਨੇਡਾ ਦੀ ਲਿਬਰਲ ਪਾਰਟੀ ਨਾਲ ਸੰਬੰਧਤ ਹਨ।

ਕੈਨੇਡੀਅਨਾਂ ਦੀਆਂ ਵੀਜ਼ਾਂ ਅਰਜ਼ੀਆਂ ਦੀ ਸ਼ੁਰੂਆਤੀ ਜਾਂਚ ਲਈ ਭਾਰਤ ਵੱਲੋਂ ਭਾੜੇ 'ਤੇ ਕੀਤੀ ਬੀ ਐੱਲ ਐੱਸ ਇੰਟਰਨੈਸ਼ਨਲ ਨਾਂਅ ਦੀ ਨਿੱਜੀ ਏਜੰਸੀ ਨੇ ਆਪਣੀ ਵੈੱਬਸਾਈਟ 'ਤੇ ਪਾਇਆ—ਭਾਰਤੀ ਮਿਸ਼ਨ ਵੱਲੋਂ ਅਹਿਮ ਨੋਟਿਸ। ਓਪਰੇਸ਼ਨਲ ਕਾਰਨਾਂ ਕਰਕੇ 21 ਸਤੰਬਰ 2023 ਤੋਂ ਅਗਲੇ ਹੁਕਮਾਂ ਤੱਕ ਭਾਰਤੀ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕ੍ਰਿਪਾ ਕਰਕੇ ਅਪਡੇਟ ਲਈ ਬੀ ਐੱਲ ਐੱਸ ਵੈੱਬਸਾਈਟ ਦੇਖਦੇ ਰਹੋ।

ਬੀ ਐੱਲ ਐੱਸ ਇੰਟਰਨੈਸ਼ਨਲ ਸਰਵਿਸਿਜ਼ ਲਿਮਟਿਡ, ਜੋ ● ਬਾਕੀ ਸਫ਼ਾ 2 'ਤੇ

## ਮਹਿੰਦਰਾ ਨੇ ਕੈਨੇਡਾ 'ਚ ਬੰਦ ਕੀਤਾ ਆਪਣਾ ਕਾਰੋਬਾਰ

*ਨਵੀਂ ਦਿੱਲੀ : ਭਾਰਤ ਅਤੇ ਕੈਨੇਡਾ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਇਸ ਦਾ ਅਸਰ ਹੁਣ ਕਾਰੋਬਾਰ 'ਤੇ ਵੀ ਦਿਖਾਈ ਦੇਣ ਲੱਗਾ ਹੈ। ਇਸੇ ਦੌਰਾਨ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਨੇ ਵੀਰਵਾਰ ਕਿਹਾ ਕਿ ਉਸ ਦੀ ਕੈਨੇਡਾ ਸਥਿਤ ਸਬਸੀਡੀਅਰੀ ਕੰਪਨੀ ਰੇਸਨ ਏਅਰੋਸਪੇਸ ਕਾਰਪੋਰੇਸ਼ਨ ਨੇ ਆਪਣਾ ਸੰਚਾਲਨ ਬੰਦ ਕਰ ਦਿੱਤਾ ਹੈ। ਮੁੰਬਈ ਸਥਿਤ ਵਾਹਨ ਨਿਰਮਾਤਾ ਕੋਲ ਉਸ ਕੰਪਨੀ 'ਚ 11.18 ਫੀਸਦੀ ਹਿੱਸੇਦਾਰੀ ਸੀ, ਜਿਸ ਨਾਲ ਸਵੈਇੱਛਾ ਦੇ ਤੌਰ 'ਤੇ ਸੰਚਾਲਨ ਬੰਦ ਕਰਨ ਲਈ ਅਰਜ਼ੀ ਦਿੱਤੀ ਗਈ। ਮਹਿੰਦਰਾ ਐਂਡ ਮਹਿੰਦਰਾ ਨੇ ਸ਼ੇਅਰ ਬਾਜ਼ਾਰ ਨੂੰ ਦਿੱਤੀ ਜਾਣਕਾਰੀ 'ਚ ਕਿਹਾ ਕਿ ਰੇਸਨ ਕਾਰਪੋਰੇਸ਼ਨ ਕੈਨੇਡਾ ਤੋਂ 20 ਸਤੰਬਰ ਨੂੰ ਕੰਮਕਾਜ ਬੰਦ ਕਰਨ ਦੀ ਮਨਜ਼ੂਰੀ ਲਈ ਜ਼ਰੂਰੀ ਦਸਤਾਵੇਜ਼ ਮਿਲ ਗਏ, ਜਿਸ ਦੀ ਸੂਚਨਾ ਕੰਪਨੀ ਨੂੰ ਦਿੱਤੀ ਗਈ। ਕੰਪਨੀ ਨੇ ਦੱਸਿਆ ਕਿ ਇਸ ਤੋਂ ਬਾਅਦ ਰੇਸਨ ਨੇ ਆਪਣਾ ਸੰਚਾਲਨ ਬੰਦ ਕਰ ਦਿੱਤਾ। ਉਹ 20 ਸਤੰਬਰ ਤੋਂ ਕੰਪਨੀ ਦੀ ਸਹਿਯੋਗੀ ਨਹੀਂ। ਇਸ ਦੇ ਨਾਲ ਹੀ ਮਹਿੰਦਰਾ ਦੇ ਸ਼ੇਅਰ ਵੀਰਵਾਰ 3 ਫੀਸਦੀ ਤੋਂ ਵੱਧ ਟੁੱਟ ਗਏ ਅਤੇ 1,584.85 ਰੁਪਏ ਤੱਕ ਪਹੁੰਚ ਗਏ।*

## ਸੁਖਬੀਰ ਵੱਲੋਂ ਸ਼ਾਹ 'ਤੇ ਮਸਲਾ ਛੇਤੀ ਹੱਲ ਕਰਨ 'ਤੇ ਜ਼ੋਰ

**ਨਵੀਂ ਦਿੱਲੀ** : ਭਾਰਤ-ਕੈਨੇਡਾ ਸੰਬੰਧਾਂ 'ਚ ਤਣਾਅ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀਰਵਾਰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਮੁਲਕਾਂ ਵਿਚਾਲੇ ਚੱਲ ਰਹੇ ਵਿਵਾਦ ਦੇ ਜਲਦੀ ਹੱਲ ਦੀ ਆਸ ਪ੍ਰਗਟ ਕੀਤੀ। ਉਨ੍ਹਾ ਕਿਹਾ ਕਿ ਕੈਨੇਡਾ 'ਚ ਵੱਡੀ ਗਿਣਤੀ 'ਚ ਪੰਜਾਬੀ ਵਸਦੇ ਹਨ। ਤਾਜ਼ਾ ਹਾਲਾਤ ਕਾਰਨ ਉਨ੍ਹਾਂ ਅੰਦਰ ਡਰ ਪੈਦਾ ਹੋ ਗਿਆ ਹੈ। ਸੁਖਬੀਰ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਵਿਗੜ ਰਹੇ ਸੰਬੰਧਾਂ ਦਾ ਅਸਰ ਵੱਡੀ ਗਿਣਤੀ 'ਚ ਸਿੱਖਾਂ ਸਮੇਤ ਪੰਜਾਬੀਆਂ 'ਤੇ ਪੈ ਰਿਹਾ ਹੈ। ਪੰਜਾਬੀਆਂ 'ਚ ਦਹਿਸ਼ਤ ਦਾ ਮਾਹੌਲ ਹੈ। ਭਾਰਤ ਅਤੇ ਕੈਨੇਡਾ ਦੀਆਂ ਸਰਕਾਰਾਂ ਨੂੰ ਜਲਦੀ ਤੋਂ ਜਲਦੀ ਇਸ ਦਾ ਹੱਲ ਕੱਢਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਿੱਖ ਸਭ ਤੋਂ ਵੱਧ ਦੇਸ਼ ਭਗਤ ਹਨ, ਜਿਨ੍ਹਾਂ ਆਜ਼ਾਦੀ ਦੇ ਸੰਘਰਸ਼ ਦੌਰਾਨ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾ ਕਿਹਾ ਕਿ ਕੁਝ ਵਿਅਕਤੀ ਜੋ ਕਰਦੇ ਹਨ, ਉਸ ਲਈ ਸਮੁੱਚੇ ਭਾਈਚਾਰੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ। ਉਨ੍ਹਾ ਕਿਹਾ ਕਿ ਕੈਨੇਡਾ 'ਚ 18 ਲੱਖ ਤੋਂ ਵੱਧ ਭਾਰਤੀ ਹਨ ਅਤੇ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ।

## ਭਾਰਤੀ ਕੌਂਸਲਖਾਨੇ 'ਤੇ ਹਮਲਾ ਕਰਨ ਵਾਲਿਆਂ ਦੀਆਂ ਤਸਵੀਰਾਂ ਜਾਰੀ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਇਸ ਸਾਲ ਮਾਰਚ ਮਹੀਨੇ ਅਮਰੀਕਾ ਦੇ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ 'ਤੇ ਹਮਲੇ 'ਚ ਸ਼ਾਮਲ 10 ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕਰਕੇ ਲੋਕਾਂ ਤੋਂ ਉਨ੍ਹਾਂ ਬਾਰੇ ਜਾਣਕਾਰੀ ਮੰਗੀ ਹੈ। ਏਜੰਸੀ ਨੇ ਜਾਣਕਾਰੀ ਸਾਂਝੀ ਕਰਨ ਵਾਲੇ ਵਿਅਕਤੀ ਦੀ ਪਛਾਣ ਜ਼ਾਹਰ ਨਾ ਕਰਨ ਦਾ ਵਾਅਦਾ ਕੀਤਾ ਹੈ। ਐੱਨ ਆਈ ਏ ਅਨੁਸਾਰ ਇਹ ਕੇਸ 18 ਅਤੇ 19 ਮਾਰਚ ਦੀ ਦਰਮਿਆਨੀ ਰਾਤ ਨੂੰ ਸਾਨ ਫਰਾਂਸਿਸਕੋ 'ਚ ਭਾਰਤੀ ਕੌਂਸਲੇਟ ਉੱਤੇ ਹੋਏ ਹਮਲੇ ਤੋਂ ਬਾਅਦ ਦਰਜ ਕੀਤਾ ਗਿਆ ਸੀ।

# ਮੁੱਖ ਮੰਤਰੀ ਨੇ ਪੇਂਡੂ ਵਿਕਾਸ ਫੰਡ ਦੇ ਮੁੱਦੇ 'ਤੇ ਰਾਜਪਾਲ ਨੂੰ ਲਿਖੀ ਚਿੱਠੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੇਂਡੂ ਵਿਕਾਸ ਫੰਡ (ਆਰ ਡੀ ਐੱਫ) ਦੇ 5637.4 ਕਰੋੜ ਰੁਪਏ ਰੁਕਣ ਦਾ ਮੁੱਦਾ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਕੋਲ ਉਠਾਉਣ ਲਈ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਦਖ਼ਲ ਦੀ ਮੰਗ ਕੀਤੀ। ਰਾਜਪਾਲ ਨੂੰ ਲਿਖੀ ਚਿੱਠੀ ਵਿੱਚ ਭਗਵੰਤ ਸਿੰਘ ਮਾਨ ਨੇ ਚੇਤੇ ਕਰਵਾਇਆ ਕਿ ਦੇਸ਼ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਕੇਂਦਰੀ ਅਨਾਜ ਭੰਡਾਰ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਨਾਜ ਦੀ ਖ਼ਰੀਦ ਕੇਂਦਰ ਸਰਕਾਰ ਲਈ ਅਤੇ ਉਸ ਦੀ ਤਰਫੋਂ ਕੀਤੀ ਜਾਂਦੀ ਹੈ ਤੇ ਕੇਂਦਰੀ ਪੂਲ ਲਈ ਖ਼ਰੀਦਿਆ ਸਾਰਾ ਅਨਾਜ ਭਾਰਤ ਸਰਕਾਰ ਨੂੰ ਉਸ ਦੀਆਂ ਲੋੜਾਂ ਮੁਤਾਬਕ ਸੌਂਪਿਆ ਜਾਂਦਾ ਹੈ। ਉਨ੍ਹਾ ਕਿਹਾ ਕਿ ਇਸ ਮਕਸਦ ਲਈ ਸੂਬਾ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਭਾਰਤ ਸਰਕਾਰ ਦੇ ਖ਼ਰੀਦ ਏਜੰਟ ਵਜੋਂ ਕੰਮ ਕਰਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਿਧਾਂਤਕ ਤੌਰ ਉਤੇ ਅਨਾਜ ਦੀ ਖ਼ਰੀਦ ਲਈ ਹੋਏ ਸਾਰੇ ਖ਼ਰਚੇ ਦੀ ਭਰਪਾਈ ਖੁਰਾਕ ਤੇ ਜਨਤਕ ਵੰਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਕੀਤੀ ਜਾਣੀ ਹੁੰਦੀ ਹੈ। ਉਨ੍ਹਾ ਕਿਹਾ ਕਿ ਸਾਉਣੀ ਮਾਰਕੀਟਿੰਗ ਸੀਜ਼ਨ 2020-21 ਦੀ ਆਰਜ਼ੀ ਖ਼ਰੀਦ ਸ਼ੀਟ ਵਿੱਚ ਭਾਰਤ ਸਰਕਾਰ ਨੇ ਕੁਝ ਸਪੱਸ਼ਟੀਕਰਨਾਂ ਦੀ ਘਾਟ ਕਾਰਨ ਪੇਂਡੂ ਵਿਕਾਸ ਫੰਡ ਦੀ ਅਦਾਇਗੀ ਨਹੀਂ ਕੀਤੀ। ਮਾਨ ਨੇ ਕਿਹਾ ਕਿ ਵਿਚਾਰ-ਵਟਾਂਦਰੇ ਮਗਰੋਂ ਸੂਬਾ ਸਰਕਾਰ ਨੇ ਖੁਰਾਕ ਤੇ ਜਨਤਕ ਵੰਡ ਮੰਤਰਾਲੇ ਵੱਲੋਂ ਮੰਗੇ ਗਏ ਸਾਰੇ ਸਪੱਸ਼ਟੀਕਰਨ ਸੌਂਪ ਦਿੱਤੇ ਅਤੇ ਭਾਰਤ ਸਰਕਾਰ/ਐੱਫ ਸੀ ਆਈ ਦੀਆਂ ਹਦਾਇਤਾਂ ਮੁਤਾਬਕ ਪੰਜਾਬ ਪੇਂਡੂ ਵਿਕਾਸ ਐਕਟ 1987 ਵਿੱਚ ਵੀ ਸੋਧ ਕਰ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁਤਾਬਕ ਭਾਰਤ ਸਰਕਾਰ ਨੇ ਹਾੜ੍ਹੀ ਮਾਰਕੀਟਿੰਗ ਸੀਜ਼ਨ 2021-22 ਦਾ ਪੇਂਡੂ ਵਿਕਾਸ ਫੰਡ ਦਾ ਰੁਕਿਆ ਪੈਸਾ ਜਾਰੀ ਕਰ ਦਿੱਤਾ। ਉਨ੍ਹਾ ਅਫ਼ਸੋਸ ਜ਼ਾਹਰ ਕੀਤਾ ਕਿ ਪੰਜਾਬ ਪੇਂਡੂ ਵਿਕਾਸ ਐਕਟ 1987 ਵਿੱਚ ਸੋਧ ਕਰਨ ਦੇ ਬਾਵਜੂਦ ਸਾਉਣੀ ਮਾਰਕੀਟਿੰਗ ਸੀਜ਼ਨ 2021-22 ਤੋਂ ਖੁਰਾਕ ਤੇ ਜਨਤਕ ਵੰਡ ਮੰਤਰਾਲਾ ਭਾਰਤ ● ਬਾਕੀ ਸਫ਼ਾ 2 'ਤੇ

# ਨੇਵਾ ਐਪਲੀਕੇਸ਼ਨ ਦੀ ਸ਼ੁਰੂਆਤ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਇੱਥੇ ਕਿਹਾ ਕਿ ਵਿਧਾਨ ਸਭਾ ਦਾ ਕੰਮਕਾਜ ਆਨਲਾਈਨ ਕਰਨ ਨਾਲ ਵਿਧਾਇਕਾਂ ਦੀ ਕਾਰਜਕੁਸ਼ਲਤਾ ਵਧੇਗੀ ਅਤੇ ਉਹ ਲੋਕਾਂ ਦੇ ਮੁੱਦਿਆਂ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਉਠਾ ਸਕਣਗੇ। ਇਸ ਤੋਂ ਇਲਾਵਾ ਲੋਕਾਂ ਨੂੰ ਵੀ ਵਿਧਾਇਕਾਂ ਦੀ ਕਾਰਗੁਜ਼ਾਰੀ ਬਾਰੇ ਜਾਣਨ ਦਾ ਮੌਕਾ ਮਿਲੇਗਾ। ਮੁੱਖ ਮੰਤਰੀ ਨੇ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਦੀ ਸ਼ੁਰੂਆਤ ਤੋਂ ਬਾਅਦ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਕ੍ਰਾਂਤੀਕਾਰੀ ਕਦਮ ਜਿੱਥੇ ਵਿਧਾਇਕਾਂ ਦੀ ਕਾਰਜਕੁਸ਼ਲਤਾ ਵਿੱਚ ਵਾਧਾ ਕਰੇਗਾ, ਉਥੇ ਹੀ ਉਨ੍ਹਾਂ ਦੀ ਜਵਾਬਦੇਹੀ ਵੀ ਤੈਅ ਕਰੇਗਾ। ਉਨ੍ਹਾ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ, ਦੇਸ਼ ਦੀ ਪਹਿਲੀ ਅਜਿਹੀ ਵਿਧਾਨ ਸਭਾ ਹੈ, ਜਿਸ ਨੇ ਦੇਸ਼ 'ਚ ਵੱਖ-ਵੱਖ ਐਪਲੀਕੇਸ਼ਨਾਂ ਦੀ ਸ਼ੁਰੂਆਤ ਕਰਕੇ ਅਤਿ-ਆਧੁਨਿਕ ਆਧੁਨਿਕ ਪ੍ਰਣਾਲੀ ਲਾਗੂ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਹ ਕਦਮ ਆਮ ਆਦਮੀ ਦੀ ਭਲਾਈ ਅਤੇ ਵਿਧਾਇਕਾਂ ਨੂੰ ਅਪਡੇਟ ਰੱਖਣ ਦੇ ਉਦੇਸ਼ ਨਾਲ ਚੁੱਕਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਣਾਲੀ ਵਿਧਾਨ ਸਭਾ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ ਅਤੇ ਇਹ ਪਹਿਲਕਦਮੀ ਕਰਨ ਵਾਲਾ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ ਦੇ ਸਦਨ ਦੀ ਕਾਰਵਾਈ ਨੂੰ ਲਾਈਵ ਕਰਨ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਹ ਕਦਮ ਇਸ ਲਈ ਚੁੱਕਿਆ ਹੈ ਤਾਂ ਜੋ ਲੋਕਾਂ ਨੂੰ ਇਸ ਦਾ ਪੂਰਾ ਫਾਇਦਾ ਮਿਲ ਸਕੇ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਭਵਿੱਖ 'ਚ ● ਬਾਕੀ ਸਫ਼ਾ 2 'ਤੇ

## ਅਜਰਬਾਈਜਾਨ ਨੇ 24 ਘੰਟਿਆਂ 'ਚ ਕਾਰਬਾਖ 'ਤੇ ਕੀਤਾ ਕਬਜ਼ਾ

**ਜੇਰਵਨ** : ਅਜਰਬਾਈਜਾਨ ਨੇ 24 ਘੰਟਿਆਂ ਤੱਕ ਚੱਲੀ ਝੜਪ ਤੋਂ ਬਾਅਦ ਨਾਗੋਰਨੋ-ਕਾਰਬਾਖ ਇਲਾਕੇ 'ਤੇ ਕਬਜ਼ਾ ਕਰ ਲਿਆ। ਵੀਰਵਾਰ ਨੂੰ ਅਜਰਬਾਈਜਾਨ ਦੇ ਰਾਸ਼ਟਰਪਤੀ ਨੇ ਇਸ ਦਾ ਐਲਾਨ ਕੀਤਾ। ਵੱਖਵਾਦੀਆਂ ਦੀ ਫੋਰਸ ਦੇ ਆਤਮ-ਸਮਰਪਣ ਤੋਂ ਬਾਅਦ ਉਨ੍ਹਾ ਨੇ ਫੌਜ ਦੇ ਜਜ਼ਬੇ ਦੀ ਪ੍ਰਸ਼ੰਸਾ ਕੀਤੀ। ਅਜਰਬਾਈਜਾਨ ਨੇ 19 ਸਤੰਬਰ ਨੂੰ ਅਰਮਾਨੀਆ ਦੇ ਨਾਗੋਰਨੋ-ਕਾਰਬਾਖ ਇਲਾਕੇ 'ਚ ਸੇਪਰੇਟਿਸਟਸ ਖਿਲਾਫ਼ ਹਮਲਾ ਕਰ ਦਿੱਤਾ ਸੀ। ਅਜਰਬਾਈਜਾਨ ਦਾ ਕਹਿਣਾ ਸੀ ਕਿ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦ ਤੱਕ ਨਾਗੋਰਨੋ ਕਾਰਬਾਖ ਦੇ ਵੱਖਵਾਦੀ ਆਤਮ-ਸਮਰਪਣ ਨਹੀਂ ਕਰ ਦਿੰਦੇ। ਇੱਕ ਰਿਪੋਰਟ ਮੁਤਾਬਕ ਅਰਮਾਨੀਆ ਵੱਲੋਂ ਕੋਈ ਸਹਾਇਤਾ ਨਾ ਮਿਲਣ ਤੋਂ ਬਾਅਦ ਕਾਰਬਾਖ 'ਚ ਮੌਜੂਦ ਸੇਪਰੇਟਿਸਟਸ ਨੇ ਆਤਮਸਮਰਪਣ ਕਰ ਦਿੱਤਾ। ਅਰਮਾਨੀਆ ਦੇ ਅਧਿਕਾਰੀਆਂ ਮੁਤਾਬਕ ਹਮਲੇ 'ਚ 7 ਨਾਗਰਿਕਾਂ ਸਮੇਤ 32 ਲੋਕਾਂ ਦੀ ਮੌਤ ਹੋ ਗਈ ਅਤੇ 200 ਤੋਂ ਵੱਧ ਲੋਕ ਜ਼ਖ਼ਮੀ ਹੋਏ।

## ਸਕੂਲ 'ਚ ਬੰਬ ਦੀ ਅਫਵਾਹ

**ਨਵੀਂ ਦਿੱਲੀ** : ਆਰ ਕੇ ਪੁਰਮ ਦੇ ਲਾਲ ਬਹਾਦਰ ਸ਼ਾਸਤਰੀ ਸਕੂਲ 'ਚ ਬੰਬ ਹੋਣ ਬਾਰੇ ਈਮੇਲ ਮਿਲਣ ਤੋਂ ਬਾਅਦ ਜਾਂਚ ਤੋਂ ਬਾਅਦ ਇਹ ਅਫਵਾਹ ਨਿਕਲੀ। ਪੁਲਸ ਨੇ ਦੱਸਿਆ ਕਿ ਸਕੂਲ ਅਧਿਕਾਰੀਆਂ ਨੂੰ ਬੁੱਧਵਾਰ ਨੂੰ ਈਮੇਲ ਆਈ ਸੀ, ਪਰ ਉਨ੍ਹਾਂ ਵੀਰਵਾਰ ਦੇਖੀ। ਸਕੂਲ ਨੇ 400 ਵਿਦਿਆਰਥੀਆਂ ਦੀ ਪ੍ਰੀਖਿਆ ਲੈਣੀ ਸੀ ਤੇ ਜਾਂਚ ਤੋਂ ਬਾਅਦ ਪ੍ਰੀਖਿਆ ਸ਼ੁਰੂ ਹੋਈ। ਮਈ 'ਚ ਮਥੁਰਾ ਰੋਡ ਸਥਿਤ ਦਿੱਲੀ ਪਬਲਿਕ ਸਕੂਲ ਨੂੰ ਅਜਿਹੀ ਈਮੇਲ ਮਿਲੀ ਸੀ। ਸਾਦਿਕ ਨਗਰ ਦੇ ਇੰਡੀਅਨ ਸਕੂਲ ਨੂੰ ਦੋ ਵਾਰ ਬੰਬ ਦੀਆਂ ਧਮਕੀਆਂ ਮਿਲੀਆਂ ਸਨ।

## ਪੱਗ 'ਚੋਂ ਸੋਨਾ ਫੜਿਆ

**ਅੰਮ੍ਰਿਤਸਰ** : ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਕਸਟਮ ਏਅਰ ਇੰਟੈਲੀਜੈਂਸ ਯੂਨਿਟ ਨੇ ਯਾਤਰੀ ਨੂੰ ਰੋਕ ਕੇ ਉਸ ਦੀ ਪੱਗ ਵਿਚ ਲੁਕਾਏ ਸੋਨੇ ਦੀ ਪੇਸਟ ਦੇ ਦੋ ਪੈਕਟ ਬਰਾਮਦ ਕੀਤੇ, ਜਿਨ੍ਹਾਂ ਦੀ ਕੀਮਤ 68,67,654 ਰੁਪਏ ਹੈ।

## ਪਾਕਿ 'ਚ ਚੋਣਾਂ ਜਨਵਰੀ ਦੇ ਆਖਰੀ ਹਫ਼ਤੇ

**ਇਸਲਾਮਾਬਾਦ** : ਪਾਕਿਸਤਾਨ 'ਚ ਆਮ ਚੋਣਾਂ ਤਿੰਨ ਮਹੀਨੇ ਤੱਕ ਟਲ ਗਈਆਂ ਹਨ। ਚੋਣ ਕਮਿਸ਼ਨ ਨੇ ਵੀਰਵਾਰ ਨੂੰ ਜਾਰੀ ਇੱਕ ਬਿਆਨ 'ਚ ਸਾਰੇ ਕਿਆਫੇ ਖ਼ਤਮ ਕਰਦੇ ਹੋਏ ਐਲਾਨ ਕੀਤਾ। ਵੈਸੇ ਤਾਂ ਇਹ ਚੋਣਾਂ ਅਕਤੂਬਰ ਦੇ ਅਖੀਰ ਤੱਕ ਹੋ ਜਾਣੀਆਂ ਚਾਹੀਦੀਆਂ ਸਨ, ਪਰ ਚੋਣ ਕਮਿਸ਼ਨ ਨੇ ਕਿਹਾ ਕਿ ਹੱਦਬੰਦੀ ਅਤੇ ਜਨਗਣਨਾ ਦੇ ਨਤੀਜਿਆਂ ਦਾ ਇੰਤਜ਼ਾਰ ਹੈ। ਉਸ ਕਾਰਨ ਇਹ ਚੋਣਾਂ ਜਨਵਰੀ 2024 'ਚ ਹੋਣਗੀਆਂ।

ਚੋਣ ਕਮਿਸ਼ਨ ਮੁਤਾਬਕ ਵਿਧਾਨ ਸਭਾਵਾਂ ਦੀ ਫਾਇਨਲ ਲਿਸਟ 30 ਨਵੰਬਰ ਨੂੰ ਪ੍ਰਕਾਸ਼ਤ ਕੀਤੀ ਜਾਵੇਗੀ। 54 ਦਿਨ ਲੰਮੇ ਚੋਣ ਪ੍ਰੋਗਰਾਮ ਤੋਂ ਬਾਅਦ 2024 'ਚ ਜਨਵਰੀ ਦੇ ਆਖਰੀ ਹਫ਼ਤੇ ਚੋਣਾਂ ਹੋਣਗੀਆਂ।

# ਰਾਹੁਲ ਨੇ ਭਾਰ ਵੰਡਾਇਆ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਵੀਰਵਾਰ ਆਨੰਦ ਵਿਹਾਰ ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਕੁਲੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਰਾਹੁਲ ਨੇ ਕੁਲੀਆਂ ਦੀ ਲਾਲ ਕਮੀਜ਼ ਪਹਿਨੀ ਅਤੇ ਸਿਰ 'ਤੇ ਸਾਮਾਨ ਚੁੱਕਿਆ। ਰਾਹੁਲ ਨੇ ਦੱਸਿਆ— ਕਾਫੀ ਚਿਰ ਤੋਂ ਮੇਰੇ ਮਨ ਵਿਚ ਇੱਛਾ ਸੀ ਤੇ ਉਨ੍ਹਾਂ ਵੀ ਬਹੁਤ ਪਿਆਰ ਨਾਲ ਸੱਦਿਆ ਸੀ। ਭਾਰਤ ਦੇ ਮਿਹਨਤੀ ਭਰਾਵਾਂ ਦੀ ਇੱਛਾ ਤਾਂ ਹਰ ਹਾਲ ਵਿਚ ਪੂਰੀ ਹੋਣੀ ਚਾਹੀਦੀ ਹੈ। ਕਾਂਗਰਸ ਨੇ ਟਵੀਟ ਕੀਤਾ— ਰਾਹੁਲ ਗਾਂਧੀ ਜੀ ਦਿੱਲੀ ਦੇ ਆਨੰਦ ਵਿਹਾਰ ਰੇਲਵੇ ਸਟੇਸ਼ਨ 'ਤੇ ਕੁਲੀ ਸਾਥੀਆਂ ਨੂੰ ਮਿਲੇ ਤੇ ਇਤਮਿਨਾਨ ਨਾਲ ਉਨ੍ਹਾਂ ਦੀ ਗੱਲ ਸੁਣੀ। ਭਾਰਤ ਜੋੜੋ ਯਾਤਰਾ ਜਾਰੀ ਹੈ...

# ਗੈਂਗਸਟਰ ਸੁੱਖਾ ਦੁੱਨੇਕੇ ਕੈਨੇਡਾ 'ਚ ਮਾਰਿਆ ਗਿਆ



**ਚੰਡੀਗੜ੍ਹ** : ਏ ਕੈਟੇਗਰੀ ਦਾ ਗੈਂਗਸਟਰ ਸੁਖਦੂਲ ਸਿੰਘ ਉਰਫ ਸੁੱਖਾ ਦੁੱਨੇਕੇ ਕੈਨੇਡਾ ਦੇ ਵਿਨੀਪੈਗ 'ਚ ਮਾਰਿਆ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਇਹ ਕਤਲ ਗੈਂਗਵਾਰ ਦਾ ਸਿੱਟਾ ਹੈ। ਉਹ ਕੈਨੇਡਾ 'ਚ ਖਾਲਿਸਤਾਨ ਲਹਿਰ ਦਾ ਹਿੱਸਾ ਸੀ ਤੇ 2017 'ਚ ਜਾਅਲੀ ਦਸਤਾਵੇਜ਼ਾਂ 'ਤੇ ਪੰਜਾਬ ਤੋਂ ਕੈਨੇਡਾ ਗਿਆ ਸੀ। ਉਸ ਦਾ ਨਾਂਅ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਵੱਲੋਂ ਲੋੜੀਂਦੇ 41 ਦਹਿਸ਼ਤਗਰਦਾਂ ਤੇ ਗੈਂਗਸਟਰਾਂ ਦੀ ਬੁੱਧਵਾਰ ਨੂੰ ਜਾਰੀ ਲਿਸਟ 'ਚ ਸ਼ਾਮਲ ਸੀ। ਉਸ ਦੇ ਕਰੀਬ 15 ਗੋਲੀਆਂ ਲੱਗੀਆਂ ਤੇ ਮੌਕੇ 'ਤੇ ਹੀ ਮੌਤ ਹੋ ਗਈ। ਦੁੱਨੇਕੇ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਦੀ ਸੱਜੀ ਬਾਂਹ ਸੀ। ਡੱਲਾ ਪਿੱਛੇ ਜਿਹੇ ਮਾਰੇ ਗਏ ਦਹਿਸ਼ਤਗਰਦ ਹਰਦੀਪ ਨਿੱਝਰ ਦਾ ਵੀ ਕਰੀਬੀ ਹੈ। ਦੁੱਨੇਕੇ ਨੂੰ ਮਾਰਨ ਦੀ ਜ਼ਿੰਮੇਦਾਰੀ ਲੈਂਦਿਆਂ ਲਾਰੈਂਸ ਬਿਸ਼ਨੋਈ ਗੈਂਗ ਨੇ ਕਿਹਾ ਹੈ ਕਿ ਬੰਬੀਹਾ ਗਰੁੱਪ ਦੇ ਇੰਚਾਰਜ ਬਣੇ ਫਿਰਦੇ ਦੁੱਨੇਕੇ ਨੂੰ ਮਾਰ ਦਿੱਤਾ ਗਿਆ ਹੈ। ਇਸ ਹੈਰੋਇਨ ਦੇ ਨਸ਼ੇੜੀ ਨੇ ਨਸ਼ਾ ਪੂਰਾ ਕਰਨ ਲਈ ਬਹੁਤ ਘਰ ਉਜਾੜੇ ਸਨ। ਉਨ੍ਹਾ ਦੇ ਭਾਈ ਗੁਰਲਾਲ ਬਰਾੜ, ਵਿੱਕੀ ਮਿੱਡੂਖੇੜਾ ਦੇ ਕਤਲ ਵਿਚ ਇਸ ਨੇ ਬਾਹਰ ਬੈਠ ਕੇ ਸਭ ਕੁਝ ਕੀਤਾ ਸੀ। ਸੰਦੀਪ ਨੰਗਲ ਅੰਬੀਆਂ ਦਾ ਕਤਲ ਵੀ ਇਸ ਨੇ ● ਬਾਕੀ ਸਫ਼ਾ 2 'ਤੇ

## ਫਿਲਮ '3 ਇਡੀਅਟਸ' ਵਾਲੇ ਲਾਇਬ੍ਰੇਰੀਅਨ ਦੂਬੇ ਦੀ ਮੌਤ



**ਮੁੰਬਈ** : ਅਭਿਨੇਤਾ ਅਖਿਲ ਮਿਸ਼ਰਾ, ਫਿਲਮ '3 ਇਡੀਅਟਸ' ਵਾਲੇ ਅਭਿਨੇਤਾ ਅਖਿਲ ਮਿਸ਼ਰਾ (67) ਦੀ ਬੁੱਧਵਾਰ ਸ਼ਾਮ ਘਰ 'ਚ ਡਿੱਗਣ ਕਾਰਨ ਮੌਤ ਹੋ ਗਈ। ਉਸ ਨੂੰ ਬਲੱਡ ਪ੍ਰੈਸ਼ਰ ਦੀ ਸਮੱਸਿਆ ਸੀ। ਉਹ ਰਸੋਈ ਵਿਚ ਕੁਰਸੀ 'ਤੇ ਬੈਠਾ ਸੀ ਤੇ ਕੁਝ ਕਰਨ ਦੀ ਕੋਸ਼ਿਸ਼ 'ਚ ਅਚਾਨਕ ਡਿੱਗ ਗਿਆ। ਉਸ ਦੇ ਸਿਰ ਅਤੇ ਪਿੱਠ 'ਤੇ ਸੱਟ ਲੱਗੀ। ਪਰਵਾਰ ਅਤੇ ਗੁਆਂਢੀਆਂ ਨੇ ਹਸਪਤਾਲ ਪਹੁੰਚਾਇਆ, ਪਰ ਉਹ ਦਮ ਤੋੜ ਗਿਆ। '3 ਇਡੀਅਟਸ' 'ਚ ਉਸ ਨੇ ਲਾਇਬ੍ਰੇਰੀਅਨ ਦੂਬੇ ਦੀ ਭੂਮਿਕਾ ਨਿਭਾਈ ਸੀ।

# ਔਰਤਾਂ ਨੂੰ ਵੰਦਨ ਨਹੀਂ ਸਮਾਨਤਾ ਚਾਹੀਦੀ



**ਨਵੀਂ ਦਿੱਲੀ** : ਸੰਸਦ ਦੇ ਵਿਸ਼ੇਸ਼ ਸੈਸ਼ਨ ਦੇ ਚੌਥੇ ਦਿਨ ਰਾਜਸਭਾ 'ਚ ਮਹਿਲਾ ਰਾਖਵੇਂਕਰਨ ਬਿੱਲ 'ਤੇ ਚਰਚਾ ਹੋਈ। ਸਭ ਤੋਂ ਪਹਿਲਾਂ ਕਾਨੂੰਨ ਮੰਤਰੀ ਅਰਜੁਨਰਾਮ ਮੇਘਵਾਲ ਨੇ ਬਿੱਲ ਪੇਸ਼ ਕੀਤਾ। ਇਸ ਤੋਂ ਬਾਅਦ ਕਾਂਗਰਸ ਸਾਂਸਦ ਰੰਜੀਤ ਰੰਜਨ ਨੇ ਚਰਚਾ ਦੀ ਸ਼ੁਰੂਆਤ ਕੀਤੀ। ਉਨ੍ਹਾ ਨੇ ਬਿੱਲ ਦੇ ਨਾਂਅ 'ਤੇ ਇਤਰਾਜ਼ ਪ੍ਰਗਟਾਇਆ ਤੇ ਕਿਹਾ ਕਿ ਔਰਤਾਂ ਨੂੰ ਵੰਦਨ ਨਹੀਂ, ਸਮਾਨਤਾ ਚਾਹੀਦੀ। ਇਸ ਤੋਂ ਬਾਅਦ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਨੇ ਆਪਣੀ ਗੱਲ ਰੱਖੀ। ਉਨ੍ਹਾ ਕਿਹਾ, ਇਹ ਬਿੱਲ ਮਹਿਲਾਵਾਂ 'ਤੇ ਅਹਿਸਾਨ ਨਹੀਂ, ਬਲਕਿ ਉਨ੍ਹਾ ਦਾ ਵੰਦਨ ਅਤੇ ਅਭਿਨੰਦਨ ਹੈ। ਜੇਕਰ ਬਿੱਲ ਅੱਜ ਪਾਸ ਹੁੰਦਾ ਹੈ ਤਾਂ 2029 ਤੱਕ 33 ਫੀਸਦੀ ਮਹਿਲਾਵਾਂ ਸਾਂਸਦ ਬਣ ਕੇ ਆਉਣਗੀਆਂ। ਖੜਗੇ ਨੇ ਕਬੀਰ ਦਾ ਦੋਹਾ 'ਕਾਲ ਕਰੇ ਸੋ, ਆਜ ਕਰ' ਸੁਣਾਇਆ ਅਤੇ ਤੁਰੰਤ ਰਾਖਵਾਂਕਰਨ ਲਾਗੂ ਕਰਨ ਦੀ ਮੰਗ ਕੀਤੀ। ਜੇ ਪੀ ਨੱਢਾ ਨੇ ਜਵਾਬ ਦਿੱਤਾ ਕਿ ਭਾਜਪਾ ਦਾ ਉਦੇਸ਼ ਰਾਜਨੀਤਕ ਫਾਇਦਾ ਲੈਣ ਦਾ ਨਹੀਂ ਹੈ। ਸਰਕਾਰ ਨਿਯਮਾਂ ਨਾਲ ਕੰਮ ਕਰਦੀ ਹੈ ਅਤੇ ਪੱਕਾ ਕੰਮ ਕਰਨ 'ਚ ਵਿਸ਼ਵਾਸ ਰੱਖਦੀ ਹੈ। ਇਸ 'ਤੇ ਆਪੋਜ਼ੀਸ਼ਨ ਸਾਂਸਦ 'ਨੋ ਨੋ' ਕਰਨ ਲੱਗੇ ਤਾਂ ਨੱਢਾ ਨੇ ਕਿਹਾ ਕਿ 'ਨੋ ਨੋ' ਕਰਨ ਵਾਲਿਆਂ ਨੂੰ ਸ਼ਾਸਨ ਕਰਨਾ ਨਹੀਂ ਆਇਆ। ਜੇਕਰ ਸ਼ਾਸਨ ਕਰਨਾ ਆਉਂਦਾ ਤਾਂ ਪਤਾ ਹੁੰਦਾ ਕਿ ਨਿਯਮ ਕਾਨੂੰਨ ਵੀ ਕੋਈ ਚੀਜ਼ ਹੈ।

ਰਾਜਦ ਸਾਂਸਦ ਮਨੋਜ ਝਾਅ ਨੇ ਬਿੱਲ 'ਚ ਐੱਸ ਸੀ-ਐੱਸ ਟੀ ਅਤੇ ਓ ਬੀ ਸੀ ਕੈਟਾਗਰੀ ਦੀਆਂ ਔਰਤਾਂ ਲਈ ਵੀ ਰਾਖਵਾਂਕਰਨ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਸੰਵਿਧਾਨ ਅਧਿਕਾਰ ਦੀ ਗੱਲ ਕਰਦਾ ਹੈ, ਪਰ ਇਸ ਰਾਖਵਾਂਕਰਨ ਨੂੰ ਦਇਆ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਦਇਆ ਕਦੀ ਅਧਿਕਾਰ ਦੀ ਸ਼੍ਰੇਣੀ 'ਚ ਨਹੀਂ ਆ ਸਕਦਾ। ਮਨੋਜ ਝਾਅ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ ਨੇ ਪੱਥਰ ਤੋੜਨ ਵਾਲੀ ਮਹਿਲਾ ਨੂੰ ਸਾਂਸਦ 'ਚ ਪਹੁੰਚਾਇਆ। ਉਨ੍ਹਾ ਕਿਹਾ ਕਿ ਦਲੀਲਾਂ ਦੀ ਵਿਵਸਥਾ ਤੋਂ ਉਪਰ ਉੱਠ ਕੇ ਬਿੱਲ ਨੂੰ ਸਿਲੈਕਟ ਕਮੇਟੀ 'ਚ ਭੇਜ ਕੇ ਐੱਸ ਸੀ ਐੱਸ ਟੀ ਅਤੇ ਓ ਬੀ ਸੀ ਵਰਗ ਲਈ ਰਾਖਵਾਂਕਰਨ ਦੀ ਵੀ ਵਿਵਸਥਾ ਕਰੋ। ਉਨ੍ਹਾ ਕਿਹਾ ਕਿ ਇਹ ਨਹੀਂ ਹੋ ਸਕਦਾ ਕਿ ਅਸੀਂ ਬਾਬਾ ਸਾਹਿਬ ਅੰਬੇਡਕਰ ਨੂੰ ਮਾਲਾ ਵੀ ਪਹਿਨਾਈਏ ਅਤੇ ਉਨ੍ਹਾ ਦੀ ਗੱਲ ਵੀ ਨਾ ਮੰਨੀਏ।

ਲੋਕ ਸਭਾ 'ਚ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵਿਚਾਲੇ ਬਹਿਸ ਦੇਖਣ ਨੂੰ ਮਿਲੀ। ਰਾਜਨਾਥ ਸਿੰਘ ਜਦ ਚੰਦਰਯਾਨ-3 ਸਮੇਤ ਸੁਰੱਖਿਆ ਪਹਿਲੂਆਂ 'ਤੇ ਚਰਚਾ ਕਰ ਰਹੇ ਸਨ, ਉਦੋਂ ਅਧੀਰ ਰੰਜਨ ਨੇ ਉਨ੍ਹਾ ਨੂੰ ਟੋਕਦੇ ਹੋਏ ਕਿਹਾ ਕਿ ਕੀ ਉਨ੍ਹਾ 'ਚ ਚੀਨ 'ਤੇ ਚਰਚਾ ਲਈ ਹਿੰਮਤ ਹੈ। ਇਸ 'ਤੇ ਰਾਜਨਾਥ ਸਿੰਘ ਨੇ ਕਿਹਾ, ਪੂਰੀ ਹਿੰਮਤ ਹੈ। ਇਸ ਤੋਂ ਬਾਅਦ ਰਾਜਨਾਥ ਸਿੰਘ ਨੇ ਜਦੋਂ ਬੋਲਣਾ ਸ਼ੁਰੂ ਕੀਤਾ ਤਾਂ ਉਦੋਂ ਅਧੀਰ ਰੰਜਨ ਸਮੇਤ ਕਈ ਸਾਂਸਦਾਂ ਨੇ ਕਿਹਾ ਕਿ ਚੀਨ ਨੇ ਸਾਡੀ ਸਰਹੱਦ 'ਤੇ ਕਿੰਨਾ ਕਬਜ਼ਾ ਕੀਤਾ? ਇਸ 'ਤੇ ਰਾਜਨਾਥ ਸਿੰਘ ਨੇ ਕਿਹਾ, ਇਤਿਹਾਸ 'ਚ ਨਾ ਜਾਓ, ਅਧੀਰ ਰੰਜਨ ਜੀ ਪੂਰੀ ਹਿੰਮਤ ਹੈ। ਚੀਨ 'ਤੇ ਵੀ ਮੈਂ ਚਰਚਾ ਲਈ ਤਿਆਰ ਹਾਂ।

ਕਾਂਗਰਸ ਸਾਂਸਦ ਕੇ ਸੀ ਵੇਣੂਗੋਪਾਲ ਨੇ ਕਿਹਾ, ਤੁਸੀਂ ਪਿਛਲੇ 9 ਸਾਲਾਂ ਤੋਂ ਸਰਕਾਰ 'ਚ ਹੋ। ਫਿਰ ਤੁਹਾਨੂੰ ਮਹਿਲਾ ਰਾਖਵਾਂਕਰਨ ਬਿੱਲ ਲਿਆਉਣ 'ਚ ਏਨਾ ਸਮਾਂ ਕਿਉਂ ਲੱਗ ਗਿਆ। 2014 ਤੋਂ ਲੈ ਕੇ ਅੱਜ 2023 ਤੱਕ 9 ਸਾਲ ਪੂਰੇ ਹੋ ਚੁੱਕੇ ਹਨ। ਕੀ ਸਰਕਾਰ ਬਿੱਲ ਲਿਆਉਣ ਲਈ ਸੰਸਦ ਦੀ ਨਵੀਂ ਬਿਲਡਿੰਗ ਦਾ ਇੰਤਜ਼ਾਰ ਕਰ ਰਹੀ ਸੀ। ਕੀ ਪੁਰਾਣੀ ਸੰਸਦ 'ਚ ਵਾਸਤੂ ਦੋਸ਼ ਸੀ।

ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਮਹਿਲਾ ਰਾਖਵਾਂਕਰਨ ਬਿੱਲ 'ਤੇ ਕਿਹਾ—ਅਸੀਂ ਚਾਹੁੰਦੇ ਹਾਂ ਕਿ ਇਸ ਬਿੱਲ 'ਚ ਹਰ ਸਮਾਜ ਦੀਆਂ ਔਰਤਾਂ ਲਈ ਸੁਰੱਖਿਅਤ ਸੀਟਾਂ ਹੋਣ। ਅਸੀਂ ਬਿੱਲ ਨੂੰ ਪੂਰਾ ਸਮਰਥਨ ਦੇਵਾਂਗੇ। ਇਹ ਬਿੱਲ ਪਾਸ ਅੱਜ ਹੋ ਜਾਵੇਗਾ, ਪਰ ਕਦ ਲਾਗੂ ਹੋਵੇਗਾ, ਇਸ ਦਾ ਪਤਾ ਨਹੀਂ। ਜਨਗਣਨਾ ਹੋਵੇਗੀ, ਉਦੋਂ ਲਾਗੂ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਔਰਤ ਹੱਕਾਂ ਦਾ ਬਿੱਲ ਜੋ ਪਾਸ ਹੋਇਆ,
ਸੁਣਿਆ ਆਪਣੇ ਆਪ ਇਹ ਖਾਸ ਬੇਲੀ।
ਹੁੰਦਿਆਂ ਪਾਸ ਤਾਂ ਲੱਗੇ ਅਸਾਲ ਬਾਹਲੇ,
ਲਾਗੂ ਕਰਨ ਦੀ ਜਲਦ ਕੁਝ ਆਸ ਬੇਲੀ।
ਲੱਗ ਵੀ ਜਾਣਗੇ ਚਾਰ-ਛੇ ਸਾਲ ਜੇਕਰ,
ਹੋਇਆ ਪਾਸ ਤਾਂ ਬੜਾ ਧਰਵਾਸ ਬੇਲੀ।
ਆਸਾਂ ਨਾਲ ਤਾਂ ਕਾਇਮ ਜਹਾਨ ਸੁਣਿਆ,
ਇਹ ਹੀ ਚਾਹੀਦਾ ਪੱਕਾ ਵਿਸ਼ਵਾਸ ਬੇਲੀ।
ਅਫਸਰਸ਼ਾਹੀ ਤੋਂ ਅਜੇ ਪਿਆ ਡਰ ਲੱਗੇ,
ਦੇਵੇ ਨੁਕਸ ਨਹੀਂ ਫੇਰ ਕੋਈ ਕੱਢ ਬੇਲੀ।
ਨੀਤ ਖੋਟੀ ਦਾ ਹੋਇਆ ਜੇ ਇੱਕ ਪੁਰਜ਼ਾ,
ਵਧਦੀ ਵੇਲ ਉਹ ਸਕਦਾ ਈ ਵੱਢ ਬੇਲੀ।

-ਤੀਸ ਮਾਰ ਖਾਂ

## ਈਰਾਨ 'ਚ ਹਿਜਾਬ ਕਾਨੂੰਨ ਹੋਰ ਸਖਤ

**ਦੁਬਈ** : ਈਰਾਨ ਦੀ ਸੰਸਦ ਨੇ ਜਨਤਕ ਥਾਵਾਂ 'ਤੇ ਹਿਜਾਬ ਪਹਿਨਣ ਤੋਂ ਇਨਕਾਰ ਕਰਨ ਵਾਲੀਆਂ ਔਰਤਾਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ 'ਤੇ ਭਾਰੀ ਜੁਰਮਾਨੇ ਦੀ ਵਿਵਸਥਾ ਵਾਲਾ ਬਿੱਲ ਪਾਸ ਕੀਤਾ ਹੈ। ਈਰਾਨ ਨੇ ਇਹ ਕਦਮ 22 ਸਾਲਾ ਮਾਹਸਾ ਅਮੀਨੀ ਦੀ ਮੌਤ ਦਾ ਸਾਲ ਪੂਰਾ ਹੋਣ ਦੇ ਤੁਰੰਤ ਬਾਅਦ ਚੁੱਕਿਆ ਹੈ। ਮਾਹਸਾ ਅਮੀਨੀ ਨੂੰ 'ਨੈਤਿਕਤਾ ਪੁਲਸ' ਨੇ ਇਸਲਾਮਿਕ ਪਹਿਰਾਵੇ ਦੀਆਂ ਪਰੰਪਰਾਵਾਂ ਦਾ ਪਾਲਣ ਨਾ ਕਰਨ ਕਾਰਨ ਹਿਰਾਸਤ ਵਿਚ ਲਿਆ ਸੀ। ਅਮੀਨੀ ਦੀ ਬਾਅਦ 'ਚ ਪੁਲਸ ਹਿਰਾਸਤ 'ਚ ਮੌਤ ਹੋ ਗਈ। ਨਵੇਂ ਬਿੱਲ 'ਚ ਹਿਜਾਬ ਨਾ ਪਹਿਨਣ 'ਤੇ ਔਰਤਾਂ 'ਤੇ ਭਾਰੀ ਜੁਰਮਾਨਾ ਲਗਾਉਣ ਤੋਂ ਇਲਾਵਾ ਉਨ੍ਹਾਂ ਕਾਰੋਬਾਰੀਆਂ ਨੂੰ ਸਜ਼ਾ ਦੇਣ ਦਾ ਵੀ ਪ੍ਰਬੰਧ ਹੈ, ਜੋ ਹਿਜਾਬ ਨਾ ਪਹਿਨਣ ਵਾਲੀਆਂ ਔਰਤਾਂ ਨੂੰ ਸਾਮਾਨ ਵੇਚਦੇ ਹਨ ਜਾਂ ਹੋਰ ਤਰ੍ਹਾਂ ਦੀਆਂ ਸੇਵਾਵਾਂ ਦਿੰਦੇ ਹਨ। ਇਸ ਕਾਨੂੰਨ ਖਿਲਾਫ ਲਾਮਬੰਦ ਹੋਣ ਵਾਲਿਆਂ ਲਈ ਵੀ ਸਜ਼ਾ ਦੀ ਵਿਵਸਥਾ ਹੈ। ਇਨ੍ਹਾਂ ਅਪਰਾਧਾਂ ਲਈ ਦੋਸ਼ੀਆਂ ਲਈ ਦਸ ਸਾਲ ਤੱਕ ਦੀ ਸਜ਼ਾ ਦਾ ਪ੍ਰਬੰਧ ਹੈ। ਈਰਾਨ ਦੀ 290 ਮੈਂਬਰੀ ਸੰਸਦ 'ਚ 152 ਮੈਂਬਰ ਇਸ ਦੇ ਹੱਕ 'ਚ ਸਨ। ਇਸ ਬਿੱਲ ਨੂੰ ਹੁਣ ਅੰਤਿਮ ਪ੍ਰਵਾਨਗੀ ਲਈ 'ਗਾਰਡੀਅਨ ਕੌਂਸਲ' ਕੋਲ ਭੇਜਿਆ ਜਾਵੇਗਾ। ਇਹ ਮੌਲਵੀਆਂ ਦੀ ਸੰਸਥਾ ਹੈ, ਜੋ ਸੰਵਿਧਾਨਕ ਨਿਗਰਾਨੀ ਕਰਦੀ ਹੈ।

# ਮੁੱਖ ਮੰਤਰੀ ਨੇ ਅਨੰਤਨਾਗ ਸ਼ਹੀਦਾਂ ਦੇ ਵਾਰਸਾਂ ਨੂੰ ਇੱਕ-ਇੱਕ ਕਰੋੜ ਦੇ ਚੈੱਕ ਸੌਂਪੇ



**ਐੱਸ ਏ ਐੱਸ ਨਗਰ/ਪਟਿਆਲਾ (ਗੁਰਜੀਤ ਬਿੱਲਾ, ਇਕਬਾਲ ਸਿੰਘ ਬੱਲ)**-ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿੱਚ ਅਨੰਤਨਾਗ (ਜੰਮੂ-ਕਸ਼ਮੀਰ) ਵਿਖੇ ਅੱਤਵਾਦੀਆਂ ਖਿਲਾਫ ਤਲਾਸ਼ੀ ਮੁਹਿੰਮ ਦੌਰਾਨ ਸ਼ਹੀਦ ਹੋਏ ਦੋ ਬਹਾਦਰ ਜਵਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਵਿੱਤੀ ਸਹਾਇਤਾ ਵਜੋਂ ਇੱਕ-ਇੱਕ ਕਰੋੜ ਰੁਪਏ ਦੇ ਚੈੱਕ ਸੌਂਪੇ। ਐੱਸ ਏ ਐੱਸ ਨਗਰ ਅਤੇ ਸਮਾਣਾ ਵਿਖੇ ਇਨ੍ਹਾਂ ਸ਼ਹੀਦਾਂ ਦੇ ਜੱਦੀ ਘਰਾਂ ਦਾ ਦੌਰਾ ਕਰਨ ਉਪਰੰਤ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਬਹਾਦਰ ਸੈਨਿਕਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣਾ ਫਰਜ਼ ਨਿਭਾਉਂਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ ਹੈ। ਉਨ੍ਹਾ ਕਿਹਾ ਕਿ ਇਸ ਅਪਰੇਸ਼ਨ ਦੌਰਾਨ ਪੰਜਾਬ ਦੇ ਦੋ ਬਹਾਦਰ ਜਵਾਨਾਂ ਕਰਨਲ ਮਨਪ੍ਰੀਤ ਸਿੰਘ ਵਾਸੀ ਐੱਸ ਏ ਐੱਸ ਨਗਰ ਅਤੇ ਪਰਦੀਪ ਸਿੰਘ ਵਾਸੀ ਸਮਾਣਾ ਪਟਿਆਲਾ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਉਹਨਾ ਕਿਹਾ ਕਿ ਇਹ ਦੇਸ਼ ਅਤੇ ਵਿਸ਼ੇਸ਼ ਕਰਕੇ ਇਨ੍ਹਾਂ ਸ਼ਹੀਦਾਂ ਦੇ ਪਰਵਾਰਾਂ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਆਪਣੀ ਫੇਰੀ ਦੌਰਾਨ ਮੁੱਖ ਮੰਤਰੀ ਨੇ ਇਨ੍ਹਾਂ ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਸਦੀਵੀ ਨਿਵਾਸ ਦੇਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਦੇਸ਼ ਲਈ ਇਨ੍ਹਾਂ ਸੂਰਬੀਰਾਂ ਵੱਲੋਂ ਕੀਤੀ ਬੇਮਿਸਾਲ ਕੁਰਬਾਨੀ ਦੇ ਸਨਮਾਨ ਵਜੋਂ ਪਰਵਾਰਕ ਮੈਂਬਰਾਂ ਨੂੰ ਵਿੱਤੀ ਸਹਾਇਤਾ ਵਜੋਂ ਇੱਕ-ਇੱਕ ਕਰੋੜ ਰੁਪਏ ਦੇ ਚੈੱਕ ਸੌਂਪਦਿਆਂ ਉਨ੍ਹਾ ਕਿਹਾ ਕਿ ਪੂਰਾ ਦੇਸ਼ ਇਨ੍ਹਾਂ ਸ਼ਹੀਦਾਂ ਦਾ ਸਦਾ ਰਿਣੀ ਰਹੇਗਾ, ਜਿਨ੍ਹਾਂ ਦੇਸ਼ ਅਤੇ ਇਸ ਦੇ ਲੋਕਾਂ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਨ੍ਹਾਂ ਸ਼ਹੀਦਾਂ ਦੇ ਪਰਵਾਰਾਂ ਨੂੰ ਦਿੱਤੀ ਗਈ ਇਹ ਵਿੱਤੀ ਸਹਾਇਤਾ ਪੰਜਾਬ ਸਰਕਾਰ ਵੱਲੋਂ ਡਿਊਟੀ ਦੌਰਾਨ ਸ਼ਹੀਦੀ ਪ੍ਰਾਪਤ ਕਰਨ ਵਾਲੇ ਸੈਨਿਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਤਹਿਤ ਪ੍ਰਦਾਨ ਕੀਤੀ ਗਈ ਹੈ।

## ਰੈਗਿੰਗ ਮਾਮਲੇ 'ਚ 14 ਐੱਮ ਬੀ ਬੀ ਐੱਸ ਵਿਦਿਆਰਥੀਆਂ ਨੂੰ ਸਖਤ ਸਜ਼ਾ

**ਧਰਮਸ਼ਾਲਾ** : ਟਾਂਡਾ ਮੈਡੀਕਲ ਕਾਲਜ ਦੇ 14 ਐੱਮ ਬੀ ਬੀ ਐੱਸ ਵਿਦਿਆਰਥੀਆਂ ਨੂੰ ਕਾਲਜ ਦੇ ਹੋਸਟਲ 'ਚ ਰੈਗਿੰਗ ਦੇ ਦੋਸ਼ 'ਚ 50-50 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰੈਗਿੰਗ 'ਚ ਸ਼ਾਮਲ ਵਿਦਿਆਰਥੀਆਂ ਨੂੰ ਛੇ ਮਹੀਨਿਆਂ ਲਈ ਹੋਸਟਲ ਅਤੇ ਤਿੰਨ ਮਹੀਨਿਆਂ ਲਈ ਕਾਲਜ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਜਿਨ੍ਹਾਂ ਵਿਦਿਆਰਥੀਆਂ ਨੂੰ ਸਜ਼ਾ ਦਿੱਤੀ ਗਈ ਹੈ, ਉਨ੍ਹਾਂ 'ਚ 12 ਵਿਦਿਆਰਥੀ ਐੱਮ ਬੀ ਬੀ ਐੱਸ ਦੂਜੇ ਸਾਲ ਅਤੇ ਦੋ ਪਹਿਲੇ ਸਾਲ ਦੇ ਹਨ। ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਜਿੱਥੇ ਰੈਗਿੰਗ ਲਈ ਸਜ਼ਾ ਦਿੱਤੀ ਗਈ ਹੈ, ਉਥੇ ਪਹਿਲੇ ਸਾਲ ਦੇ ਦੋ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕਾਂ ਤੋਂ ਜਾਣਕਾਰੀ ਛੁਪਾਉਣ ਲਈ ਸਜ਼ਾ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਇਸ ਮੈਡੀਕਲ ਕਾਲਜ ਦੇ ਪ੍ਰਸ਼ਾਸਨ ਨੇ ਰੈਗਿੰਗ 'ਚ ਸ਼ਾਮਲ ਵਿਦਿਆਰਥੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਹਨ। ਪ੍ਰਿੰਸੀਪਲ ਡਾਕਟਰ ਭਾਨੂ ਅਵਸਥੀ ਨੇ ਦੱਸਿਆ ਕਿ ਰੁਟੀਨ ਚੈਕਿੰਗ ਦੌਰਾਨ ਕਾਲਜ ਪ੍ਰਬੰਧਕਾਂ ਨੂੰ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਕਬਜ਼ੇ ਵਿੱਚੋਂ ਸੀਨੀਅਰਾਂ ਦੀਆਂ ਨੋਟਬੁੱਕਾਂ ਮਿਲੀਆਂ। ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੀਨੀਅਰਜ਼ ਵੱਲੋਂ ਹੋਮਵਰਕ ਪੂਰਾ ਕਰਨ ਲਈ ਨੋਟਬੁੱਕਾਂ ਦਿੱਤੀਆਂ ਗਈਆਂ ਸਨ। ਮਾਮਲੇ ਦੀ ਜਾਂਚ ਕਰਨ ਵਾਲੀ ਕਾਲਜ ਦੀ ਰੈਗਿੰਗ ਕਮੇਟੀ ਨੇ ਕਿਹਾ ਕਿ ਜੂਨੀਅਰਾਂ ਨੂੰ ਹੋਮਵਰਕ ਪੂਰਾ ਕਰਨ ਲਈ ਨੋਟਬੁੱਕ ਦੇਣਾ ਰੈਗਿੰਗ ਸੀ। ਕਮੇਟੀ ਨੇ ਦੂਜੇ ਸਾਲ ਦੇ 12 ਅਤੇ ਪਹਿਲੇ ਸਾਲ ਦੇ ਦੋ ਵਿਦਿਆਰਥੀਆਂ ਨੂੰ ਸਜ਼ਾ ਦੀ ਸਿਫਾਰਸ਼ ਕੀਤੀ।

## ਅੱਖਾਂ ਦੇ ਚਿੱਟੇ ਮੋਤੀਏ ਦੇ ਕੈਂਪ ਦੌਰਾਨ 110 ਮਰੀਜ਼ਾਂ ਦੀ ਜਾਂਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ ਜਗਦੀਸ਼ ਰਾਏ)**-ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੋਸਾਇਟੀ ਐੱਨਜੀਓ ਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਸ਼੍ਰੀ ਦੁਰਗਾ ਸ਼ਕਤੀ ਮੰਦਿਰ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਮੁਫ਼ਤ ਅੱਖਾਂ ਦੇ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕੈਂਪ ਮਾਤਾ ਰਾਣੀ ਮੰਦਿਰ, ਨੇੜੇ ਬੱਸ ਸਟੈਂਡ ਵਿਖੇ ਲਗਾਇਆ ਗਿਆ। ਇਸ ਮੌਕੇ ਮਿਸਜ਼ ਇੰਡੀਆ ਨਿਧੀ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੰਸਥਾ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ 110 ਮਰੀਜ਼ਾਂ ਦੇ ਅੱਖਾਂ ਦੀ ਜਾਂਚ ਕੀਤੀ ਗਈ ਤੇ 28 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ, ਜਿਨ੍ਹਾਂ ਦਾ ਮੁਫ਼ਤ ਆਪ੍ਰੇਸ਼ਨ ਕਰ ਕੇ ਲੈਂਜ਼ ਪਾਏ ਜਾਣਗੇ। ਉਨ੍ਹਾ ਦੱਸਿਆ ਕਿ ਇਹ ਕੈਂਪ ਹਰੇਕ ਮਹੀਨੇ ਦੀ 20 ਤਰੀਕ ਨੂੰ ਲਗਾਇਆ ਜਾਂਦਾ ਹੈ। ਇਸ ਮੌਕੇ ਸਬ-ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਨੰਬਰਦਾਰ ਰੌਸ਼ਨ ਹੰਸ, ਪ੍ਰੋ. ਬਲਦੀਪ ਕੌਰ, ਜਗਦੀਸ਼ ਚਾਨਣਾ, ਮਿੰਕੂ ਹੰਸ, ਲਵਗੀਸ਼ ਸ਼ਰਮਾ, ਪਰਮਦੀਪਪਾਲ ਸਿੰਘ, ਲਾਲੀ ਪਾਮੇ, ਸਾਹਿਲ ਚਾਨਣਾ, ਭਾਰਗਵ ਚਾਨਣਾ ਆਦਿ ਹਾਜ਼ਰ ਸਨ।

## ਧੀਮਾਨ ਪਰਵਾਰ ਵੱਲੋਂ ਸਕੂਲ ਨੂੰ ਕੂਲਰ ਭੇਟ



**ਪਾਤੜਾਂ (ਪੱਤਰ ਪ੍ਰੇਰਕ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੁਗਾਲ ਨੂੰ ਧੀਮਾਨ ਐਗਰੋ ਇੰਡਸਟਰੀਜ਼ ਪਾਤੜਾਂ ਦੇ ਮਾਲਕ ਮਿਸਤਰੀ ਸੁਖਦੇਵ ਸਿੰਘ ਧੀਮਾਨ ਲਾਡਵੰਜਾਰੇ ਵਾਲਿਆਂ ਵੱਲੋਂ ਆਪਣੇ ਮਾਤਾ-ਪਿਤਾ ਜੀ ਦੀ ਯਾਦ ਵਿੱਚ ਦੋ ਕੂਲਰ ਸਕੂਲ ਨੂੰ ਦਾਨ ਦਿੱਤੇ ਗਏ। ਸਕੂਲ ਦੇ ਮੁੱਖ ਅਧਿਆਪਕ ਰਾਜਪਾਲ ਸਿੰਘ ਤੂਰ ਨੇ ਦਾਨੀ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਿਆ ਦੇ ਮੰਦਰ ਲਈ ਦਾਨ ਦੇਣਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਦਾਨੀ ਸਹਿਯੋਗੀਆਂ ਵੱਲੋਂ ਇਸ ਤੋਂ ਪਹਿਲਾਂ ਵੀ ਸਕੂਲ ਨੂੰ ਇੱਕ ਵਾਟਰ ਕੂਲਰ ਦਾਨ ਦਿੱਤਾ ਜਾ ਚੁੱਕਾ ਹੈ। ਇਸ ਮੌਕੇ ਸੁਖਦੇਵ ਸਿੰਘ ਦੇ ਪੁੱਤਰ ਗੁਰਦੀਪ ਸਿੰਘ ਧੀਮਾਨ ਤੇ ਸ਼੍ਰੀ ਸ਼ੰਕਰ ਧੀਮਾਨ ਸਮੇਤ ਅਧਿਆਪਕਾ ਮੰਜੂਲਾ ਰਾਣੀ, ਸੁਖਵਿੰਦਰ ਸਿੰਘ, ਬਲਵਿੰਦਰ ਕੌਰ, ਕੋਮਲ ਗੋਇਲ, ਹਰਮਿੰਦਰ ਕੌਰ, ਸੋਨੀਆ ਰਾਣੀ ਤੇ ਕੁੱਕ ਆਂਟੀਆਂ ਤੇ ਸੇਵਾਦਾਰ ਸਮਸ਼ੇਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਅਮਰਜੀਤ ਕੌਰ ਨੇ ਸੰਭਾਲਿਆ ਅਨੁਵਰਤ ਸਕੂਲ 'ਚ ਡਾਇਰੈਕਟਰ ਦਾ ਅਹੁਦਾ



**ਜਗਰਾਓਂ (ਅਮਿਤ ਖੰਨਾ)**-ਸਥਾਨਕ ਅਨੁਵਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿੱਚ ਸ੍ਰੀਮਤੀ ਅਮਰਜੀਤ ਕੌਰ ਨੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ। ਇਸ ਮੌਕੇ ਮਹਾਪ੍ਰਗਯ ਸਕੂਲ ਤੋਂ ਡਾਇਰੈਕਟਰ ਸ੍ਰੀ ਵਿਸ਼ਾਲ ਜੈਨ, ਮੈਨੇਜਰ ਮਨਜੀਤ ਇੰਦਰ ਕੁਮਾਰ, ਜੂਨੀਅਰ ਸਕੂਲ ਕੋਆਰਡੀਨੇਟਰ ਸੁਰਿੰਦਰ ਕੌਰ, ਅਰਵਿੰਦਰ ਕੌਰ, ਗੁਰਜੀਤ ਸਿੰਘ ਭੱਚੂ ਉਨ੍ਹਾਂ ਨੂੰ ਅਨੁਵਰਤ ਸਕੂਲ ਛੱਡਣ ਗਏ। ਸਕੂਲ ਪਹੁੰਚਣ 'ਤੇ ਸਕੂਲ ਪ੍ਰਿੰਸੀਪਲ ਗੋਲਡੀ ਜੈਨ ਨੇ ਸੀਨੀਅਰ ਅਧਿਆਪਕਾਂ ਸਮੇਤ ਉਨ੍ਹਾਂ ਨੂੰ ਬੁੱਕੇ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸਕੂਲ ਦੇ ਚੇਅਰਮੈਨ ਸ੍ਰੀ ਅਰਿਹੰਤ ਜੈਨ ਨੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤਾ ਅਤੇ ਸਕੂਲ ਤੇ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਮੈਨੇਜਰ ਮਨਜੀਤ ਇੰਦਰ ਕੁਮਾਰ ਤੇ ਅਨੁਵਰਤ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## 'ਆਪ' ਸਰਕਾਰ ਵੱਲੋਂ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ : ਕਮਾਲਕੇ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਜਿੱਥੇ ਕੀਤੇ ਗਏ ਵਾਅਦਿਆਂ ਮੁਤਾਬਕ ਵਿਕਾਸ ਕਾਰਜਾਂ ਨੂੰ ਵੱਡੇ ਪੱਧਰ 'ਤੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਉਥੇ ਹੀ ਧਰਮਕੋਟ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਵੱਲੋਂ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਦਾ ਸਰਬਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਹਲਕੇ ਦੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਪਰੋਕਤ ਪ੍ਰਗਟਾਵਾ ਗੁਰਤਾਰ ਸਿੰਘ ਕਮਾਲਕੇ 'ਤੇ ਗੁਰਬਖਸ਼ ਸਿੰਘ ਕੁੱਕ ਕਮਾਲਕੇ ਨੇ ਪਿੰਡ ਵਿਚ ਕਮਿਊਨਿਟੀ ਹਾਲ ਦਾ ਨਿਰਮਾਣ ਸ਼ੁਰੂ ਕਰਵਾਉਣ ਸਮੇਂ ਗੱਲਬਾਤ ਕਰਦਿਆਂ ਕੀਤਾ। ਉਕਤ ਆਗੂਆਂ ਨੇ ਕਿਹਾ ਕਿ ਇਸ ਕਮਿਊਨਿਟੀ ਹਾਲ ਦੇ ਬਣਨ ਨਾਲ ਪਿੰਡ ਵਾਸੀਆਂ ਨੂੰ ਵੱਡਾ ਲਾਭ ਮਿਲੇਗਾ ਤੇ ਇਸ ਕਮਿਊਨਿਟੀ ਹਾਲ ਵਿੱਚ ਵਿਆਹ ਸ਼ਾਦੀਆਂ ਤੇ ਹੋਰ ਪ੍ਰੋਗਰਾਮ ਕੀਤੇ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਕਾਰਜ ਸ਼ੁਰੂ ਕਰਵਾਇਆ ਗਿਆ ਹੈ। ਆਉਣ ਵਾਲੇ ਦਿਨਾਂ ਵਿੱਚ ਪਿੰਡ ਅੰਦਰ ਹੋਰ ਵੀ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਦਿਲਬਾਗ ਸਿੰਘ, ਲਵੀ ਨੰਬਰਦਾਰ, ਗੁਰਮੁੱਖ ਸਿੰਘ, ਗੁਰਸਾਹਿਬ ਸਿੰਘ, ਰੇਸ਼ਮ ਸਿੰਘ, ਬਲਵਿੰਦਰ ਸਿੰਘ ਪ੍ਰਧਾਨ ਤੇ ਪ੍ਰੀਤ ਕਮਾਲਕੇ ਤੋਂ ਇਲਾਵਾ ਹੋਰ ਹਾਜ਼ਰ ਸਨ।

## ਪ੍ਰਾਈਵੇਟ ਸਕੂਲਾਂ ਦੇ ਰੋਸ ਪ੍ਰਦਰਸ਼ਨ ਦਾ ਓਵਰਏਜ ਬੇਰੁਜ਼ਗਾਰ ਯੂਨੀਅਨ ਵੱਲੋਂ ਸਮੱਰਥਨ



**ਮਲੋਟ (ਗੁਰਮੀਤ ਸਿੰਘ ਮੱਕੜ)**-ਅੱਜ ਮੋਹਾਲੀ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮਨਮਾਨੀਆਂ ਖਿਲਾਫ ਪ੍ਰਾਈਵੇਟ ਸਕੂਲਾਂ ਦੇ ਮਾਲਕਾਂ, ਪ੍ਰਬੰਧਕ ਕਮੇਟੀਆਂ ਤੇ ਕਰਮਚਾਰੀਆਂ ਵੱਲੋਂ ਵੱਡੀ ਗਿਣਤੀ ਵਿੱਚ ਬੋਰਡ ਅੱਗੇ ਪਹੁੰਚ ਕੇ ਬੋਰਡ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦਾ ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ ਵੀ ਸਮੱਰਥਨ ਦਿੱਤਾ ਗਿਆ। ਬੋਰਡ ਵੱਲੋਂ ਲਗਾਤਾਰ ਸਕੂਲਾਂ ਦੀਆਂ ਵੱਖ-ਵੱਖ ਸਾਲਾਨਾ ਫੀਸਾਂ ਵਿੱਚ ਭਾਰੀ ਵਾਧਾ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਂਦੇ ਸਰਟੀਫਿਕੇਟ ਦੀ ਫੀਸ ਵਿੱਚ ਵੀ ਭਾਰੀ ਵਾਧਾ ਕਰ ਦਿੱਤਾ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਨੇ ਕਿਹਾ ਕਿ ਸਰਕਾਰ ਬਹੁਤ ਹੀ ਮਾੜੀਆਂ ਨੀਤੀਆਂ ਅਖ਼ਤਿਆਰ ਕਰ ਰਹੀ ਹੈ। ਇਹ ਬੋਰਡ ਰਾਹੀਂ ਧੱਕਾ ਕਰਕੇ ਪ੍ਰਾਈਵੇਟ ਸਕੂਲਾਂ ਨੂੰ ਬੰਦ ਕਰਨ ਲਈ ਮਜਬੂਰ ਕਰ ਰਹੀ ਹੈ। ਸਰਕਾਰੀ ਨੌਕਰੀਆਂ ਦੀ ਉਡੀਕ ਕਰ ਰਹੇ ਵੱਡੀ ਗਿਣਤੀ ਅਧਿਆਪਕ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਰੁਜ਼ਗਾਰ ਕਰਕੇ ਆਪਣੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ, ਇਸ ਲਈ ਅਸੀਂ ਇਨ੍ਹਾਂ ਘਰਾਂ ਦੇ ਚੁੱਲ੍ਹੇ ਠੰਢੇ ਨਹੀਂ ਹੋਣ ਦੇਵਾਂਗੇ ਤੇ ਪ੍ਰਾਈਵੇਟ ਸਕੂਲਾਂ ਦਾ ਹਰ ਤਰ੍ਹਾਂ ਦੇ ਸੰਘਰਸ਼ ਵਿੱਚ ਸਾਥ ਦੇਵਾਂਗਾ।

## ਅੱਖਾਂ ਦੇ ਮੁਫਤ ਕੈਂਪ 'ਚ 300 ਮਰੀਜ਼ਾਂ ਦੀ ਜਾਂਚ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦ ਬਾਬਾ ਜੰਗ ਸਿੰਘ ਸਪੋਰਟਸ ਕਲੱਬ ਮਹਿਲ ਕਲਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਠਾਠ ਨਾਨਕਸਰ ਮਹਿਲ ਕਲਾਂ ਵਿਖੇ ਬਾਬਾ ਨੰਦ ਸਿੰਘ, ਬਾਬਾ ਈਸਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਯਾਦ ਨੂੰ ਸਮਰਪਤ ਅੱਖਾਂ ਦਾ ਮੁਫਤ ਜਾਂਚ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਮੁੱਖ ਸੇਵਾਦਾਰ ਸੰਤ ਕੇਹਰ ਸਿੰਘ ਨੇ ਕੀਤਾ। ਉਨ੍ਹਾਂ ਇਸ ਉੱਦਮ ਲਈ ਸਮੂਹ ਪ੍ਰਬੰਧਕਾਂ, ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਇਸ ਸਮਾਜ ਸੇਵਾ ਦੇ ਕਾਰਜਾਂ ਤੋਂ ਸੇਧ ਲੈਣ ਦੀ ਅਪੀਲ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਸੰਤ ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ ਵਾਲਿਆਂ ਨੇ ਨੌਜਵਾਨਾਂ ਨੂੰ ਉਤਸ਼ਾਹਤ ਕਰਦਿਆਂ ਅਲਾਮਤਾਂ ਦੇ ਖਾਤਮੇ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਡਾ: ਦਿਲਸ਼ਾਦ ਐੱਮ ਡੀ ਨੇ ਆਪਣੀ ਸਹਿਯੋਗ ਟੀਮ ਸਮੇਤ 300 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰਕੇ ਲੋੜਵੰਦਾਂ ਨੂੰ ਮੁਫਤ ਦਵਾਈਆਂ, ਐਨਕਾਂ ਵੰਡੀਆਂ। ਇਸ ਸਮਾਜ ਸੇਵਾ ਦੇ ਕਾਰਜ ਦੀ ਸਫਲਤਾ ਲਈ ਰਛਪਾਲ ਸਿੰਘ ਬੱਟੀ, ਕੁਲਦੀਪ ਸਿੰਘ ਮਾਣਕ, ਹਰੀ ਸਿੰਘ ਕਟਹਿਰੀਆ, ਗੁਰਦੀਪ ਸਿੰਘ ਸੋਢਾ ਸਰਬਜੀਤ ਸਿੰਘ ਸ਼ੰਭੂ, ਇਜ਼ਹਾਰ ਅਬਗਰ ਹਸਨ ਮਲੇਰ ਕੋਟਲਾ, ਕਰਨਵੀਰ ਸਿੰਘ, ਬੱਬੂ ਦਿਉਲ, ਬੇਅੰਤ ਸਿੰਘ ਦਿਉਲ, ਅਰਸ਼ਦੀਪ ਸਿੰਘ ਢੀਂਡਸਾ, ਪਿੰਦਾ ਔਜਲਾ, ਜਗਸੀਰ ਸਿੰਘ, ਅਰਸ਼ ਬੈਨੀਪਾਲ, ਗਿੰਨੀ ਉਪਲ, ਗੁਰਤੇਜ ਸਿੰਘ ਸੋਢਾ ਆਦਿ ਨੇ ਭਰਵਾਂ ਸਹਿਯੋਗ ਦਿੱਤਾ।

# ਸਕੂਲ ਆਫ਼ ਐਮੀਨੈਂਸ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੇ ਬਣਨਗੇ ਗਵਾਹ : ਈਸ਼ਾ ਸਿੰਗਲ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀਮਤੀ ਈਸ਼ਾ ਸਿੰਗਲ ਨੇ ਸਬੰਧਤ ਅਧਿਕਾਰੀਆਂ ਨਾਲ ਅਮਲੋਹ ਦੇ ਨਗਰ ਕੌਂਸਲ ਦਫ਼ਤਰ, ਤਹਿਸੀਲ ਕੰਪਲੈਕਸ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਮਲੋਹ, ਸਕੂਲ ਆਫ ਐਮੀਨੈਂਸ ਦਾ ਦੌਰਾ ਕੀਤਾ। ਪੰਜਾਬ ਸਰਕਾਰ ਵੱਲੋਂ ਬਣਾਏ ਜਾ ਰਹੇ ਸਕੂਲ ਆਫ਼ ਐਮੀਨੈਂਸ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੇ ਗਵਾਹ ਬਣਨਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕ੍ਰਾਂਤੀਕਾਰੀ ਫ਼ੈਸਲੇ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਆਈ.ਏ.ਐਸ. ਤੇ ਆਈ.ਪੀ.ਐਸ. ਵਰਗੀਆਂ ਉੱਚ ਪਦਵੀਆਂ 'ਤੇ ਪਹੁੰਚ ਸਕਣਗੇ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜ਼ੀਹ ਦਿੰਦੇ ਸਨ, ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫ਼ਾ ਹੋਇਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾਵੇ ਤਾਂ ਜੁ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੱਡੀਆਂ ਮੱਲਾਂ ਮਾਰ ਕੇ ਆਪਣੇ ਸੂਬੇ ਤੇ ਸਕੂਲ ਦਾ ਨਾਂਅ ਰੌਸ਼ਨ ਕਰ ਸਕਣ। ਨਗਰ ਕੌਂਸਲ ਦੇ ਦਫ਼ਤਰ ਦਾ ਜਾਇਜ਼ਾ ਲੈਣ ਮੌਕੇ ਸ਼੍ਰੀਮਤੀ ਈਸ਼ਾ ਸਿੰਗਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਲਾਈ ਗਈ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਤੇ ਲੋਕਾਂ ਨੂੰ ਵੀ ਇਸ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਵਿੱਚ ਸਫ਼ਾਈ ਦਾ ਬਹੁਤ ਵੱਡਾ ਮਹੱਤਵ ਹੈ ਅਤੇ ਇਸੇ ਨੂੰ ਮੁੱਖ ਰੱਖਦੇ ਹੋਏ 02 ਅਕਤੂਬਰ ਤੱਕ ਸਵੱਛਤਾ ਹੀ ਸੇਵਾ ਨਾਂਅ ਹੇਠ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਥਾਂਵਾਂ ਦੀ ਸਾਫ਼ ਸਫ਼ਾਈ ਕਰਾ ਕੇ ਜ਼ਿਲ੍ਹੇ ਨੂੰ ਸਾਫ਼ ਸੁਥਰਾ ਤੇ ਖੂਬਸੂਰਤ ਬਣਾਇਆ ਜਾਵੇਗਾ।

## ਕੈਂਸਰ ਪੀੜਤ ਮਜ਼ਦੂਰ ਔਰਤ ਦੀ ਮੌਤ

**ਮਾਨਸਾ (ਪਮਾਰ)**



ਮਾਨਸਾ ਬਲਾਕ ਦੇ ਪਿੰਡ ਖਿਆਲਾ ਕਲਾਂ ਵਿੱਚ ਉਸ ਵਕਤ ਸੋਗ ਦੀ ਲਹਿਰ ਦੌੜ ਗਈ, ਜਦ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੀ ਮਜ਼ਦੂਰ ਔਰਤ ਹਰਬੰਸ ਕੌਰ ਪਤਨੀ ਬਲਦੇਵ ਸਿੰਘ (65) ਸਾਲ ਦੀ ਮੌਤ ਹੋ ਗਈ। ਕਿਸਾਨ ਆਗੂ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਚਾਰ ਦਿਨ ਪਹਿਲਾਂ ਹੀ ਇਸ ਔਰਤ ਦੇ ਨੌਜਵਾਨ ਪੁੱਤਰ ਰਣਜੀਤ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ ਸੀ। ਹਾਲੇ ਉਸ ਦਾ ਸਿਵਾ ਵੀ ਠੰਢਾ ਨਹੀਂ ਹੋਇਆ ਕਿ ਉਸ ਦੀ ਮਾਂ ਜਿਸ ਦੇ ਲਗਾਤਾਰ ਮਹਿੰਗੇ ਇਲਾਜ ਕਰਵਾਉਣ ਕਾਰਨ ਪਰਿਵਾਰ ਕਰਜ਼ੇ ਦੇ ਹੇਠ ਆ ਚੁੱਕਾ ਹੈ, ਦੀ ਮੌਤ ਹੋ ਗਈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਣਜੀਤ ਸਿੰਘ ਦਾ ਬਾਪ ਵੀ ਕੈਂਸਰ ਨਾਲ ਜੂਝ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕੈਂਸਰ ਪੀੜਤਾਂ ਦਾ ਇਲਾਜ ਬਿਲਕੁਲ ਮੁਫਤ ਹੋਣਾ ਚਾਹੀਦਾ ਹੈ ਅਤੇ ਇਸ ਪੀੜਤ ਪਰਵਾਰ ਦੀ ਆਰਥਿਕ ਮਦਦ ਕੀਤੀ ਜਾਵੇ।

## ਬਾਬਾ ਫਰੀਦ ਆਗਮਨ ਪੁਰਬ ਨੂੰ ਸਮਰਪਤ ਵੱਖ-ਵੱਖ ਮੁਕਾਬਲੇ ਕਰਵਾਏ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿਖੇ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਨੂੰ ਸਮਰਪਤ ਦੋ ਰੋਜ਼ਾ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਭਾਸ਼ਣ ਮੁਕਾਬਲਾ, ਵਾਦ-ਵਿਵਾਦ, ਕਵਿਤਾ, ਮੌਕੇ 'ਤੇ ਚਿੱਤਰਕਾਰੀ, ਪੋਸਟਰ ਮੇਕਿੰਗ, ਕੁਇੱਜ਼, ਸੱਭਿਆਚਾਰਕ ਕੁਇੱਜ਼ ਤੇ ਲੋਕ ਗੀਤ ਮੁਕਾਬਲੇ ਹੋਏ। ਇਸ ਮੁਕਾਬਲੇ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਮਿਸ ਸੁਮਨਜੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਨੇ ਨਿਭਾਈ। ਇਸ ਤੋਂ ਬਾਅਦ ਡਾ. ਨਵਜੋਤ ਕੌਰ (ਇੰਚਾਰਜ ਅਕੈਡਮਿਕ) ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਹਿੰਦਿਆਂ ਇਸ ਮੁਕਾਬਲੇ ਦੀ ਸ਼ੁਰੂਆਤ ਕੀਤੀ। ਪਹਿਲੇ ਦਿਨ ਭਾਸ਼ਣ ਤੇ ਵਾਦ-ਵਿਵਾਦ ਮੁਕਾਬਲਾ ਹੋਇਆ, ਜਿਸ ਵਿੱਚ ਪ੍ਰੋ. ਪ੍ਰਭਸ਼ਰਨਜੀਤ ਕੌਰ ਬਤੌਰ ਜੱਜ ਹਾਜ਼ਰ ਰਹੇ। ਮੁਕਾਬਲੇ ਦੇ ਦੂਜੇ ਦਿਨ ਕਵਿਤਾ, ਲੋਕ ਗੀਤ, ਪੇਂਟਿੰਗ, ਕੁਇੱਜ਼, ਸੱਭਿਆਚਾਰਕ ਕੁਇੱਜ਼ ਤੇ ਲੋਕ ਗੀਤ ਦੇ ਮੁਕਾਬਲੇ ਹੋਏ, ਇਸ ਮੁਕਾਬਲੇ ਦਾ ਨਿਰਣਾ ਕਰਨ ਲਈ ਡਾ. ਨਰਿੰਦਰਜੀਤ ਸਿੰਘ ਬਰਾੜ ਤੇ ਪ੍ਰੋ. ਜੋਤਮਨਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ। ਇਸ ਮੌਕੇ ਡਾ. ਨਰਿੰਦਰਜੀਤ ਸਿੰਘ ਬਰਾੜ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਲਾਅ ਕਾਲਜ ਦੇ ਵਿਦਿਆਰਥੀ ਕਾਨੂੰਨੀ ਪੜ੍ਹਾਈ ਦੇ ਨਾਲ-ਨਾਲ ਸਾਹਿਤ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਸਰਗਰਮ ਹਨ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸ਼੍ਰੀ ਪੰਕਜ ਕੁਮਾਰ ਗਰਗ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੇ ਦਿਮਾਗੀ ਵਿਕਾਸ ਲਈ ਜਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਨਾਲ ਵਿਦਿਆਰਥੀ ਆਪਣੇ ਸੱਭਿਆਚਾਰ ਨਾਲ ਜੁੜੇ ਰਹਿੰਦੇ ਹਨ। ਅੰਤ ਵਿੱਚ ਪ੍ਰਿੰਸੀਪਲ ਸਾਹਿਬ ਤੇ ਜੱਜ ਸਾਹਿਬਾਨਾਂ ਨੇ ਪਹਿਲਾ ਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਗੋਲਡ ਤੇ ਸਿਲਵਰ ਮੈਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਕਾਲਜ ਕਲਚਰਲ ਕਮੇਟੀ ਦੇ ਮੈਂਬਰ ਡਾ. ਨਵਜੋਤ ਕੌਰ (ਇੰਚਾਰਜ), ਮਿਸ ਸੁਮਨਜੀਤ ਕੌਰ ਤੇ ਡਾ. ਪਰਮਿੰਦਰ ਸਿੰਘ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਕੈਨੇਡੀਅਨਾਂ ਨੂੰ ਵੀਜ਼ੇ...

ਕਿ ਭਾਰਤੀ ਸਟਾਕ ਐਕਸਚੇਂਜ 'ਚ ਲਿਸਟਿਡ ਕੰਪਨੀ ਹੈ, ਨੇ ਸਟਾਕ ਐਕਸਚੇਂਜ ਨੂੰ ਦੱਸਿਆ ਕਿ ਇਸ ਕਾਰਵਾਈ ਦਾ ਇਸ ਦੀ ਮਾਲੀ ਹਾਲਤ 'ਤੇ ਨਿਗੂਣਾ ਅਸਰ ਹੋਵੇਗਾ, ਕਿਉਂਕਿ ਇਸ ਦੀ ਕੁਲ ਸਾਲਾਨਾ ਆਮਦਨ ਵਿਚ ਕੈਨੇਡਾ ਦੇ ਲੋਕਾਂ ਨੂੰ ਵੀਜ਼ਾ ਜਾਰੀ ਕਰਨ ਨਾਲ ਹੁੰਦੀ ਕਮਾਈ ਦੋ ਫੀਸਦੀ ਤੋਂ ਵੀ ਘੱਟ ਹੈ। ਉਧਰ ਸੰਯੁਕਤ ਰਾਸ਼ਟਰ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤ ਦੀ ਸ਼ਮੂਲੀਅਤ ਬਾਰੇ ਸੰਸਦ 'ਚ ਉਨ੍ਹਾ ਵੱਲੋਂ ਲਗਾਏ ਦੋਸ਼ਾਂ ਨੂੰ ਭਾਰਤ ਵੱਲੋਂ ਰੱਦ ਕਰਨ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਟਰੂਡੋ ਸੰਯੁਕਤ ਰਾਸ਼ਟਰ ਮਹਾਂ ਸਭਾ ਦੇ 78ਵੇਂ ਸੈਸ਼ਨ 'ਚ ਹਿੱਸਾ ਲੈਣ ਲਈ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਆਏ ਸਨ। ਭਾਰਤ-ਕੈਨੇਡਾ ਦੇ ਕੂਟਨੀਤਕ ਸੰਬੰਧਾਂ 'ਚ ਕੁੜੱਤਣ ਦੌਰਾਨ ਕੈਨੇਡੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਦੋਸ਼ ਲਾਇਆ ਕਿ ਕੱਟੜਪੰਥੀਆਂ ਤੋਂ ਹਿੰਦੂ-ਕੈਨੇਡੀਅਨਾਂ ਨੂੰ ਭਾਰਤ ਵਾਪਸ ਜਾਣ ਲਈ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾ ਸਾਰੇ ਹਿੰਦੂ-ਕੈਨੇਡੀਅਨਾਂ ਨੂੰ ਸ਼ਾਂਤ ਤੇ ਚੌਕਸ ਰਹਿਣ ਦੇ ਨਾਲ-ਨਾਲ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਚਨਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਦੇਣ ਦੀ ਅਪੀਲ ਕੀਤੀ ਹੈ। ਚੰਦਰ ਆਰੀਆ ਕੈਨੇਡਾ ਦੀ ਲਿਬਰਲ ਪਾਰਟੀ ਨਾਲ ਸੰਬੰਧਤ ਹਨ।

### ਨੇਵਾ ਐਪਲੀਕੇਸ਼ਨ...

ਵੀ ਸੂਬੇ ਦੀ ਭਲਾਈ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਹਰ ਕਦਮ ਚੁੱਕਿਆ ਜਾਵੇਗਾ। ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਇਸ ਪਹਿਲਕਦਮੀ ਦਾ ਲਾਭ ਵਿਰੋਧੀ ਧਿਰ ਅਤੇ ਸੱਤਾ ਧਿਰ, ਦੋਵਾਂ ਧਿਰਾਂ ਦੇ ਵਿਧਾਇਕਾਂ ਨੂੰ ਹੋਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਾਲ ਆਉਣ ਵਾਲੇ ਸਮੇਂ 'ਚ ਵੱਖ-ਵੱਖ ਲੋਕ ਪੱਖੀ ਬਿੱਲਾਂ ਦਾ ਖਰੜਾ ਤਿਆਰ ਕਰਨ ਅਤੇ ਪਾਸ ਕਰਨ ਦਾ ਰਾਹ ਪੱਧਰਾ ਹੋਵੇਗਾ। ਮਾਨ ਨੇ ਕਿਹਾ ਕਿ ਇਹ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਵੱਲ ਇੱਕ ਸਾਰਥਕ ਕਦਮ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਹੁਣ ਵਿਧਾਨ ਸਭਾ ਦਾ ਕੰਮਕਾਜ ਪੂਰੀ ਤਰ੍ਹਾਂ ਕਾਗਜ਼-ਰਹਿਤ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਪ੍ਰਾਜੈਕਟ ਤਹਿਤ ਵੱਖ-ਵੱਖ ਫੈਸਲਿਆਂ ਅਤੇ ਦਸਤਾਵੇਜ਼ਾਂ ਦੀ ਸਥਿਤੀ ਦਾ ਪਤਾ ਲਾਉਣਾ ਅਤੇ ਜਾਣਕਾਰੀ ਸਾਂਝੀ ਕਰਨਾ ਆਸਾਨ ਹੋਵੇਗਾ, ਜੋ ਇਸ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਭਲਾਈ ਲਈ ਅਜਿਹੇ ਉਪਰਾਲੇ ਜਾਰੀ ਰਹਿਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਨਿਵੇਕਲੀ ਐਪਲੀਕੇਸ਼ਨ ਰਾਹੀਂ ਸਦਨ 'ਚ ਵਿਧਾਨ ਸਭਾ ਦੇ ਮੈਂਬਰਾਂ ਦੀ ਹਾਜ਼ਰੀ ਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ, ਪਹਿਲਾ ਅਜਿਹਾ ਸੂਬਾ ਹੈ, ਜਿਸ ਨੇ ਅਤਿ-ਆਧੁਨਿਕ ਡਿਜੀਟਾਈਜੇਸ਼ਨ ਪ੍ਰਕਿਰਿਆ ਨੂੰ ਅਪਣਾਇਆ ਹੈ। ਉਨ੍ਹਾ ਕਿਹਾ ਕਿ ਸਮਾਂ ਹਰ ਗੁਜ਼ਰਦੇ ਦਿਨ ਨਾਲ ਨਿਰੰਤਰ ਬਦਲਦਾ ਜਾ ਰਿਹਾ ਹੈ ਅਤੇ ਸਾਨੂੰ ਅਜੋਕੀ ਦੁਨੀਆਂ ਮੁਤਾਬਕ ਅਪਡੇਟ ਹੋਣ ਦੀ ਲੋੜ ਹੈ। ਮਾਨ ਨੇ ਕਿਹਾ ਕਿ ਸੂਬੇ ਦੇ ਲੋਕ ਇਸ ਐਪਲੀਕੇਸ਼ਨ ਰਾਹੀਂ ਜਾਣਕਾਰੀ ਹਾਸਲ ਕਰ ਸਕਣਗੇ ਅਤੇ ਮੈਂਬਰਾਂ ਨੂੰ ਆਈ-ਪੈਡ ਦੇ ਮਹਿਜ਼ ਇੱਕ ਕਲਿੱਕ 'ਤੇ ਸਦਨ ਦੀ ਕਾਰਵਾਈ ਸੰਬੰਧੀ ਅਪਡੇਟਡ ਜਾਣਕਾਰੀ ਮਿਲ ਜਾਵੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਨੇਵਾ ਵਰਕਸ਼ਾਪ ਦੇ ਉਦਘਾਟਨ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ ਅਤੇ ਨੇਵਾ ਬਰੋਸ਼ਰ ਜਾਰੀ ਕਰਨ ਦੇ ਨਾਲ-ਨਾਲ ਪੰਜਾਬ ਵਿਧਾਨ ਸਭਾ ਡਿਜੀਟਲ ਵਿੰਗ ਦਾ ਉਦਘਾਟਨ ਵੀ ਕੀਤਾ। ਉਨ੍ਹਾ ਮੈਂਬਰਾਂ ਨੂੰ ਆਈਪੈਡ ਵੰਡਣ ਦੀ ਸ਼ੁਰੂਆਤ ਵੀ ਕੀਤੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੂੰ ਆਈਪੈਡ ਸੌਂਪੇ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਨਿਵੇਕਲੀ ਐਪਲੀਕੇਸ਼ਨ ਨੂੰ ਅਪਣਾਉਣ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਇਸ ਪ੍ਰਣਾਲੀ ਦੇ ਕੰਮਕਾਜ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਇਹ ਕਦਮ ਵਾਤਾਵਰਣ ਨੂੰ ਬਚਾਉਣ ਦੇ ਨਾਲ-ਨਾਲ ਮਹਿਜ਼ ਇੱਕ ਕਲਿੱਕ 'ਤੇ ਸਹੀ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾ ਮੌਜੂਦਾ ਅਸੈਂਬਲੀ ਨੂੰ 11 ਯੋਗ ਡਾਕਟਰ, 14 ਪੋਸਟ ਗ੍ਰੈਜੂਏਟ, 17 ਵਕੀਲਾਂ ਵਾਲੀ ਸਭ ਤੋਂ ਪੜ੍ਹੀ-ਲਿਖੀ ਅਤੇ ਨੌਜਵਾਨ ਵਿਧਾਨ ਸਭਾ ਦੱਸਦਿਆਂ ਕਿਹਾ ਕਿ ਮੈਂਬਰਾਂ ਨੂੰ ਇਸ ਪ੍ਰਣਾਲੀ ਬਾਰੇ ਸਿਖਲਾਈ ਦੇਣ ਲਈ ਇੱਥੇ ਨੇਵਾ ਸੇਵਾ ਕੇਂਦਰ ਵੀ ਸਥਾਪਤ ਕੀਤਾ ਗਿਆ ਹੈ। ਸੰਧਵਾਂ ਨੇ ਇਹ ਵੀ ਦੱਸਿਆ ਕਿ ਅੰਤਰ ਵਿਭਾਗੀ ਪੱਤਰ ਵਿਹਾਰ ਨੂੰ ਵੀ ਜਲਦ ਹੀ ਇਲੈਕਟ੍ਰਾਨਿਕ ਵਿਧੀ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਇਸ ਮੌਕੇ ਵਿਧਾਇਕਾਂ ਨੂੰ ਇਸ ਐਪਲੀਕੇਸ਼ਨ ਦੇ ਕੰਮਕਾਜ ਬਾਰੇ ਸਿਖਲਾਈ ਦੇਣ ਲਈ ਵਰਕਸ਼ਾਪ ਵੀ ਲਾਈ ਗਈ।

### ਮੁੱਖ ਮੰਤਰੀ ਨੇ...

ਸਰਕਾਰ ਨੇ ਪੇਂਡੂ ਵਿਕਾਸ ਫੰਡ ਰੋਕਿਆ ਹੋਇਆ ਹੈ। ਉਹਨਾ ਕਿਹਾ ਕਿ ਪੰਜਾਬ ਪੇਂਡੂ ਵਿਕਾਸ ਐਕਟ (ਪੀ ਆਰ ਡੀ ਏ) 1987 ਦੀ ਧਾਰਾ 7 ਮੁਤਾਬਕ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਤਿੰਨ ਫੀਸਦੀ ਪੇਂਡੂ ਵਿਕਾਸ ਫੀਸ ਦੇ ਤੌਰ ਉਤੇ ਪੰਜਾਬ ਪੇਂਡੂ ਵਿਕਾਸ ਬੋਰਡ ਨੂੰ ਭੁਗਤਾਨ ਕਰਨਾ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਖ਼ਰਚੇ ਪੀ ਆਰ ਡੀ ਏ 1987 ਦੀਆਂ ਤਜਵੀਜ਼ਾਂ ਮੁਤਾਬਕ ਹਨ ਅਤੇ ਖ਼ਰਚਿਆਂ ਦੇ ਸਾਰੇ ਹੈੱਡ ਪੇਂਡੂ, ਖੇਤੀਬਾੜੀ ਤੇ ਸੰਬੰਧਤ ਮਸਲਿਆਂ ਬਾਰੇ ਹਨ। ਉਨ੍ਹਾ ਕਿਹਾ ਕਿ ਇਸ ਨਾਲ ਖੇਤੀਬਾੜੀ ਖ਼ੇਤਰ ਦੀ ਤਰੱਕੀ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੱਟ ਵੱਜੇਗੀ, ਜਿਹੜੀ ਖ਼ਰੀਦ ਕੇਂਦਰਾਂ ਦੀ ਕੁਸ਼ਲਤਾ ਵਧਾਉਣ ਲਈ ਜ਼ਰੂਰੀ ਹੈ। ਭਾਰਤ ਸਰਕਾਰ ਨੇ ਹਾੜ੍ਹੀ ਖ਼ਰੀਦ ਸੀਜ਼ਨ 2022-23 ਲਈ ਆਰਜ਼ੀ ਲਾਗਤ ਸ਼ੀਟ ਜਾਰੀ ਕਰਨ ਵੇਲੇ ਦੋ ਫੀਸਦੀ ਮੰਡੀ ਵਿਕਾਸ ਫੰਡ (ਐੱਮ ਡੀ ਐੱਫ) ਦੀ ਇਜਾਜ਼ਤ ਦਿੱਤੀ ਅਤੇ ਇਕ ਫੀਸਦੀ ਆਪਣੇ ਕੋਲ ਹੀ ਰੱਖ ਲਿਆ, ਜਿਸ ਨਾਲ 175 ਕਰੋੜ ਰੁਪਏ ਦਾ ਨੁਕਸਾਨ ਹੋਇਆ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਕਣਕ ਖ਼ਰੀਦ ਸੀਜ਼ਨ 2023-24 ਲਈ ਆਰਜ਼ੀ ਖ਼ਰੀਦ ਸ਼ੀਟ ਜਾਰੀ ਕਰਦਿਆਂ ਐੱਮ ਡੀ ਐੱਫ ਘਟਾ ਕੇ ਤਿੰਨ ਫੀਸਦੀ ਤੋਂ ਦੋ ਫੀਸਦੀ ਕਰ ਦਿੱਤੀ। ਉਨ੍ਹਾ ਕਿਹਾ ਕਿ ਇਸ ਦੇ ਨਤੀਜੇ ਵਜੋਂ ਸੂਬੇ ਨੂੰ 265 ਕਰੋੜ ਰੁਪਏ ਦਾ ਵਾਧੂ ਨੁਕਸਾਨ ਹੋਇਆ, ਜਿਸ ਨਾਲ ਇਹ ਕੁੱਲ ਨੁਕਸਾਨ ਦੋ ਸੀਜ਼ਨਾਂ ਲਈ 440 ਕਰੋੜ (175 ਕਰੋੜ + 265 ਕਰੋੜ) ਉਤੇ ਪੁੱਜ ਗਿਆ। ਉਹਨਾ ਕਿਹਾ ਕਿ ਇਸ ਪੱਧਰ ਉਤੇ ਆ ਕੇ ਇਹ ਫੰਡ ਜਾਰੀ ਨਾ ਹੋਣ ਕਾਰਨ ਪੇਂਡੂ ਬੁਨਿਆਦੀ ਢਾਂਚੇ ਅਤੇ ਅਰਥਚਾਰੇ ਉਤੇ ਮਾੜਾ ਪ੍ਰਭਾਵ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੰਡੀ ਬੋਰਡ/ਪੇਂਡੂ ਵਿਕਾਸ ਬੋਰਡ ਬੀਤੇ ਸਮੇਂ ਵਿੱਚ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਚੁੱਕੇ ਕਰਜ਼ੇ ਦੀ ਅਦਾਇਗੀ ਕਰਨ ਦੇ ਸਮਰੱਥ ਨਹੀਂ। ਉਨ੍ਹਾ ਕਿਹਾ ਕਿ ਇਹ ਮਾਮਲਾ ਭਾਰਤ ਸਰਕਾਰ ਨਾਲ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨਾਲ ਕਈ ਵਾਰ ਚੁੱਕਿਆ ਗਿਆ। ਕੇਂਦਰ ਸਰਕਾਰ ਨੇ 5637.4 ਕਰੋੜ ਰੁਪਏ ਦਾ ਪੇਂਡੂ ਵਿਕਾਸ ਫੰਡ ਅਜੇ ਤੱਕ ਜਾਰੀ ਨਹੀਂ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੇਂਡੂ ਵਿਕਾਸ ਫੰਡ ਅਤੇ ਮੰਡੀ ਵਿਕਾਸ ਫੰਡ ਦੇ ਬਕਾਏ ਦੀ ਅਦਾਇਗੀ ਨਾ ਹੋਣ ਕਰਕੇ ਮੰਡੀ ਬੋਰਡ/ ਪੇਂਡੂ ਵਿਕਾਸ ਬੋਰਡ ਮੌਜੂਦਾ ਕਰਜ਼ਾ ਮੋੜਨ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਸਰਕਾਰ ਸੂਬੇ ਦੀ ਪੇਂਡੂ ਵਸੋਂ ਅਤੇ ਕਿਸਾਨਾਂ ਦੀ ਭਲਾਈ ਲਈ ਵਿਕਾਸ ਗਤੀਵਿਧੀਆਂ ਨੂੰ ਨਿਰਵਿਘਨ ਰੂਪ ਵਿੱਚ ਜਾਰੀ ਨਹੀਂ ਰੱਖ ਸਕਦੀ। ਮਾਨ ਨੇ ਰਾਜਪਾਲ ਨੂੰ ਇਹ ਮਸਲਾ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਕੋਲ ਉਠਾਉਣ ਲਈ ਆਖਿਆ, ਤਾਂ ਕਿ ਇਹ ਰਾਸ਼ੀ ਛੇਤੀ ਤੋਂ ਛੇਤੀ ਜਾਰੀ ਹੋ ਸਕੇ।

### ਗੈਂਗਸਟਰ ਸੁੱਖਾ ਦੁੱਨੇਕੇ ...

ਕਰਵਾਇਆ ਸੀ। ਮੋਗਾ ਦੇ ਦੁੱਨੇਕੇ ਕਲਾਂ ਦਾ ਸੁੱਖਾ ਮੋਗਾ ਡੀ ਸੀ ਦਫਤਰ ਵਿਚ ਕੰਮ ਕਰਦਾ ਸੀ ਤੇ 2017 ਵਿਚ ਪੁਲਸ ਦੀ ਕਥਿਤ ਮਦਦ ਨਾਲ ਜਾਲ੍ਹੀ ਦਸਤਾਵੇਜ਼ਾਂ 'ਤੇ ਪੁਲਸ ਕਲੀਅਰੈਂਸ ਸਰਟੀਫਿਕੇਟ ਲੈਣ ਤੋਂ ਬਾਅਦ ਕੈਨੇਡਾ ਭੱਜ ਗਿਆ ਸੀ।

## ਗੋਲਡੀ ਦੇ ਕਰੀਬੀਆਂ 'ਤੇ ਛਾਪੇ

ਚੰਡੀਗੜ੍ਹ : ਪੰਜਾਬ ਪੁਲਸ ਨੇ ਵੀਰਵਾਰ ਸਵੇਰੇ 7 ਵਜੇ ਤੋਂ ਗੈਂਗਸਟਰ ਗੋਲਡੀ ਬਰਾੜ ਦੇ ਸਾਥੀਆਂ 'ਤੇ ਰਾਜਵਿਆਪੀ ਛਾਪੇ ਮਾਰੇ। ਗੋਲਡੀ ਬਰਾੜ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁਲਜ਼ਮ ਹੈ। ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ 2017 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਉਹ ਲਾਰੈਂਸ ਬਿਸ਼ਨੋਈ ਗਰੋਹ ਦਾ ਸਰਗਰਮ ਮੈਂਬਰ ਹੈ। ਬਰਾੜ 'ਤੇ ਕੈਨੇਡਾ 'ਚ ਖਾਲਿਸਤਾਨ ਲਹਿਰ ਦਾ ਹਿੱਸਾ ਹੋਣ ਦਾ ਵੀ ਸ਼ੱਕ ਹੈ। ਪੁਲਸ ਨੇ ਮੋਗਾ, ਫਿਰੋਜ਼ਪੁਰ, ਤਰਨ ਤਾਰਨ ਅਤੇ ਅੰਮ੍ਰਿਤਸਰ ਦਿਹਾਤੀ 'ਚ ਗੋਲਡੀ ਬਰਾੜ ਦੇ ਕਰੀਬੀਆਂ ਨੂੰ ਫੜਨ ਲਈ ਛਾਪੇਮਾਰੀ ਕੀਤੀ।

## ਨਸ਼ਾ ਵੇਚਣ ਵਾਲੇ ਦੀ ਪ੍ਰਾਪਰਟੀ ਜ਼ਬਤ

**ਬਰੇਟਾ (ਰੀਤਵਾਲ)**-ਸਥਾਨਕ ਪੁਲਸ ਵੱਲੋਂ ਪਿੰਡ ਬਹਾਦਰਪੁਰ ਵਿਖੇ ਇੱਕ ਨਸ਼ਾ ਵੇਚਣ ਵਾਲੇ ਦੀ ਪ੍ਰਾਪਰਟੀ ਸੀਲ ਕਰਨ ਦਾ ਸਮਾਚਾਰ ਹੈ। ਇਹ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ 24 ਸਤੰਬਰ ਨੂੰ ਮੁਕੱਦਮਾ ਨੰਬਰ 62 ਰਾਹੀਂ ਜੀਵਨ ਸਿੰਘ ਬਹਾਦਰਪੁਰ 'ਤੇ ਆਈ ਪੀ ਸੀ ਐਕਟ 22ਸੀ 6185 ਨਸ਼ਾ ਵਿਰੋਧੀ ਐਕਟ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਦੇ ਸਬੰਧ ਵਿੱਚ ਡੀ ਐੱਸ ਪੀ ਬੁਢਲਾਡਾ ਮਨਜੀਤ ਸਿੰਘ ਦੀ ਅਗਵਾਈ ਵਿੱਚ ਜੀਵਨ ਸਿੰਘ ਜਾਇਦਾਦ ਨੂੰ ਫ੍ਰੀਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਬਾਕੀ ਨਸ਼ਾ ਵੇਚਣ ਵਾਲੇ ਕਿਸੇ ਵੀ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

**ਦੀ ਤਲਵੰਡੀ ਮਾਧੋ ਕੋਆਪਰੇਟਿਵ ਐਗਰੀਕਲਚਰਲ ਮਲਟੀਪਰਪਜ਼ ਸੁਸਾਇਟੀ ਲਿਮ: ਤਲਵੰਡੀ ਮਾਧੋ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ।**

**ਨੋਟਿਸ**

ਦੀ ਤਲਵੰਡੀ ਮਾਧੋ ਸੀ ਏ ਐੱਮ ਪੀ ਐੱਸ ਲਿਮ: ਤਹਿ: ਸ਼ਾਹਕੋਟ ਜ਼ਿਲ੍ਹਾ ਜਲੰਧਰ ਦੇ ਪੁਰਾਣੇ ਸੰਦਾਂ ਦੀ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ ਮਿਤੀ 5.10.2023 ਦਿਨ ਵੀਰਵਾਰ ਸਮਾਂ ਸਵੇਰੇ 10 ਵਜੇ ਸਭਾ ਦੀ ਮਾਲੂਪੁਰ ਸੀ ਏ ਐੱਮ ਪੀ ਐੱਸ ਲਿਮ: ਦੇ ਦਫਤਰ ਵਿਖੇ ਰੱਖੀ ਗਈ ਹੈ। ਜਿਸ ਵਿੱਚ ਹੇਠ ਲਿਖੇ ਸੰਦਾਂ ਦੀ ਨਿਲਾਮੀ ਕੀਤੀ ਜਾਵੇਗੀ।

1. ਟਰੈਕਟਰ ਨਿਊ ਹੋਲੈਂਡ 3630 2. ਟਰਾਲੀ 13 ਫੁੱਟ ਸਾਢੇ ਛੇ ਫੁੱਟ 3. ਲੈਜਰ ਕਰਾਹਾ 4. ਤਵੀਆਂ ਸ਼ਰਤਾਂ ਮੌਕੇ 'ਤੇ ਸੁਣਾਈਆਂ ਜਾਣਗੀਆਂ

ਸੰਪਰਕ ਨੰ: 75198 77700, ਨੰਬਰ: 79869-71307

**ਦੀ ਤਲਵੰਡੀ ਮਾਧੋ ਕੋਆਪਰੇਟਿਵ ਐਗਰੀਕਲਚਰਲ ਮਲਟੀਪਰਪਜ਼ ਸੁਸਾਇਟੀ ਲਿਮ: ਤਲਵੰਡੀ ਮਾਧੋ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ।**

**Reg. off.:** 410-412,18/12, 4th Floor, W.E.A, Arya Samaj Road, Karol Bagh, New Delhi-110005,
**Corp off.:** 716-717, 7th Floor, Tower B, World Trade Tower, Sector 16, Noida, 201301, U.P., Ph.: +91 120 4290650/52/53/54/55, Email: info@cslfinance.in Legal@cslfinance.in., Web.: www.cslfinance.in, CIN: L74899DL1992PLC051462

CSL Finance Limited

**ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਸੀ ਐੱਸ ਐੱਲ ਫਾਇਨਾਂਸ ਲਿਮ: (ਸੀ ਐੱਸ ਐੱਲ) ਤੋਂ ਵਿੱਤੀ ਸਹੂਲਤ ਪ੍ਰਾਪਤ ਕੀਤੀ ਹੈ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰ/ਗਰੰਟਰ/ਰਹਿਣਕਾਰ (ਸਾਰੇ ਨਿੱਜੀ ਜਾਂ ਸਮੂਹਕ ਤੌਰ 'ਤੇ 'ਜ਼ਿੰਮੇਵਾਰ' ਵਜੋਂ ਹਵਾਲਾ) ਵਿਆਜ ਅਤੇ ਮੂਲ ਰਕਮਾਂ ਨਿਰਧਾਰਤ ਮਿਤੀਆਂ 'ਤੇ ਵਾਪਸ ਕਰਨ 'ਚ ਅਸਫਲ ਰਹੇ ਹਨ। ਸੀ ਐੱਸ ਐੱਲ ਦੀਆਂ ਵਹੀਆਂ 'ਚ ਖਾਤਾ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਸੀ ਐੱਲ ਐੱਲ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿੰਮੇਵਾਰਾਂ ਅਤੇ/ਜਾਂ ਉਹਨਾਂ ਦੇ ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਨੂੰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਤੇ ਨੋਟਿਸਾਂ 'ਚ ਦਰਸਾਈ ਰਕਮ ਸਮੇਤ ਮੁਕੰਮਲ ਅਦਾਇਗੀ ਤੱਕ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ, ਲਾਗਤ, ਅਚਨਚੇਤੀ ਖਰਚੇ, ਚਾਰਜਿਜ, ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਹੈ।
ਜ਼ਿੰਮੇਵਾਰਾਂ ਨੂੰ ਜਨਤਕ ਨੋਟਿਸ ਰਾਹੀਂ ਉਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

| ਜ਼ਿੰਮੇਵਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਦੇ ਨਾਂਅ | ਕੁੱਲ ਬਕਾਇਆ ਰਕਮ | ਸਾਰਣੀਆਂ |
|---|---|---|
| **LAN: SMEPATLAPSL000005000858** ਕਰਜ਼ਦਾਰ : ਸ੍ਰੀ ਕਰਨਜੀਤ ਸਿੰਘ ਸਹਿ ਕਰਜ਼ਦਾਰ : ਸ੍ਰੀ ਬਲਜੀਤ ਸਿੰਘ ਸਹਿ-ਕਰਜ਼ਦਾਰ/ਸਕਿਓਰਿਟੀ ਪ੍ਰੋਵਾਈਡਰ ਕੁਮਾਰੀ ਮਾਇਆ ਦੇਵੀ-ਸਾਰੇ ਵਾਸੀ ਮਕਾਨ ਨੰ. 5080, ਫੇਸ-2 ਅਰਬਨ ਅਸਟੇਟ, ਪਟਿਆਲਾ ਪੰਜਾਬ ਪਿੰਨ ਕੋਡ 147002 | 19.9.2023 ਨੂੰ ਰੁਪਏ 20,29,306 (ਵੀਹ ਲੱਖ ਉਨੱਤੀ ਹਜ਼ਾਰ ਤਿੰਨ ਸੌ ਛੇ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਡਿਫਾਲਟ ਵਿਆਜ, ਫੀਸ, ਲਾਗਤਾਂ, ਟੈਕਸ ਅਤੇ ਚਾਰਜਿਜ ਆਦਿ। | ਕਰਜ਼ਾ ਇਕਰਾਰਨਾਮੇ ਦੀ ਮਿਤੀ : 31.3.2018 ਐੱਨ ਪੀ ਏ ਦੀ ਮਿਤੀ 31.3.2021 ਡਿਮਾਂਡ ਨੋਟਿਸ ਦੀ ਮਿਤੀ 20.9.2023 |

ਸਕਿਉਰਡ ਐੱਸਟਸ/ਅਚੱਲ ਜਾਇਦਾਦਾਂ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ : ਬੈਨਾਮਾ ਨੰ. 9438 ਮਿਤੀ 26.02.2015 ਅਨੁਸਾਰ ਸ੍ਰੀਮਤੀ ਮਾਇਆ ਦੇਵੀ ਪਤਨੀ ਸ੍ਰੀ ਬਲਜੀਤ ਸਿੰਘ ਦੇ ਨਾਂਅ 'ਤੇ ਮਕਾਨ ਨੰ. ਈ ਡਬਲਯੂ ਐੱਸ-5080 (ਹੇਠਲੀ ਮੰਜ਼ਲ) ਅਰਬਨ ਅਸਟੇਟ, ਫੇਸ-2, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਰਕਬਾ 85.17 ਵਰਗ ਗਜ਼। ਹੱਦਾਂ : ਉੱਤਰ : ਨਿਰਮਤ ਮਕਾਨ, ਦੱਖਣ ਨਿਰਮਤ ਮਕਾਨ, ਪੂਰਬ : ਸੜਕ, ਪੱਛਮ : ਸੜਕ।

ਉਪਰੋਕਤ ਦਰਸਾਏ ਹਾਲਾਤਾਂ ਦੌਰਾਨ ਜ਼ਿੰਮੇਵਾਰਾਂ ਅਤੇ/ਜਾਂ ਉਹਨਾਂ ਦੇ ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇਕਰ ਉਕਤ ਜ਼ਿੰਮੇਵਾਰ ਸੀ ਐੱਸ ਐੱਲ ਨੂੰ ਅਦਾਇਗੀ ਕਰਨ 'ਚ ਅਸਫਲ ਰਹਿੰਦੇ ਹਨ ਤਾਂ ਸੀ ਐੱਸ ਐੱਲ ਉਪਰੋਕਤ ਸਕਿਉਰਡ ਐੱਸਟਸ/ਅਚੱਲ ਜਾਇਦਾਦਾਂ ਵਿਰੁੱਧ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਲਾਗੂ ਰੂਲਜ਼ ਤਹਿਤ ਉਕਤ ਜ਼ਿੰਮੇਵਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਦੇ ਜੋਖਮ ਤੇ ਲਾਗਤਾਂ ਅਤੇ ਨਤੀਜਿਆਂ ਦੇ ਕਾਰਵਾਈ ਕਰੇਗਾ।
ਉਕਤ ਜ਼ਿੰਮੇਵਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ 'ਤੇ ਉਕਤ ਸਕਿਉਰਡ ਐੱਸਟਸ/ਅਚੱਲ ਜਾਇਦਾਦਾਂ ਦੀ ਸੀ ਐੱਸ ਐੱਲ ਤੋਂ ਅਗਾਊਂ ਲਿਖਤੀ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਢੰਗ ਨਾਲ ਤਬਦੀਲ ਕਰਨ ਦੀ ਪਾਬੰਦੀ ਹੈ। ਜੇਕਰ ਕੋਈ ਵਿਅਕਤੀ ਐਕਟ ਦੀਆਂ ਵਿਵਸਥਾਵਾਂ ਜਾਂ ਰੂਲਜ਼ ਦੀ ਉਲੰਘਣਾ ਕਰਦਾ ਹੈ ਜਾਂ ਉਲੰਘਣਾ ਲਈ ਸ਼ਹਿ ਦਿੰਦਾ ਹੈ ਤਾਂ ਉਸ ਨੂੰ ਐਕਟ ਤਹਿਤ ਕੈਦ ਅਤੇ/ਜਾਂ ਜੁਰਮਾਨਾ ਕੀਤਾ ਜਾ ਸਕਦਾ ਹੈ।

ਮਿਤੀ: 21.09.2023
ਸਥਾਨ : ਪਟਿਆਲਾ
ਸਹੀ/- ਅਧਿਕਾਰਤ ਅਫਸਰ
ਸੀ ਐੱਸ ਐੱਲ ਫਾਇਨਾਂਸ ਲਿਮਟਿਡ

## ਰਾਤ ਦੀ ਪਾਰਟੀ 'ਚ ਕਾਲਜ ਵਿਦਿਆਰਥਣ ਦੀ ਮੌਤ

**ਲਖਨਊ :** ਇੱਥੋਂ ਦੇ ਚਿਨਹਟ ਖੇਤਰ 'ਚ ਦਿਆਲ ਰੈਜ਼ੀਡੈਂਸੀ 'ਚ ਵੀਰਵਾਰ ਤੜਕੇ ਬੀ ਬੀ ਡੀ ਯੂਨੀਵਰਸਿਟੀ ਦੀ ਬੀਕਾਮ (ਆਨਰਜ਼) ਦੀ ਵਿਦਿਆਰਥਣ ਨਿਸ਼ਟਾ ਤ੍ਰਿਪਾਠੀ (23) ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਉਸ ਨੂੰ ਦਿਆਲ ਰੈਜ਼ੀਡੈਂਸੀ 'ਚ ਉਸ ਦੇ ਦੋਸਤ ਆਦਿਤਿਆ ਪਾਠਕ ਨੇ ਬੁਲਾਇਆ ਸੀ। ਪੁਲਸ ਮੁਤਾਬਕ ਜਿਸ ਅਪਾਰਟਮੈਂਟ 'ਚ ਇਹ ਵਾਰਦਾਤ ਹੋਈ, ਉੱਥੇ ਦੇਰ ਰਾਤ ਤੱਕ ਪਾਰਟੀ ਹੋਈ। ਸ਼ਰਾਬ ਦੀਆਂ ਬੋਤਲਾਂ ਵੀ ਬਰਾਮਦ ਹੋਈਆਂ ਹਨ। ਕਈ ਹੋਰ ਵਿਦਿਆਰਥੀ ਵੀ ਸਨ। ਆਦਿਤਿਆ ਪਾਠਕ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ ਅਤੇ ਧਾਰਾ 302 ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਫੌਰੀ ਤੌਰ 'ਤੇ ਪਤਾ ਨਹੀਂ ਲੱਗਾ ਕਿ ਇਹ ਕਤਲ ਦਾ ਮਾਮਲਾ ਹੈ ਜਾਂ ਗੋਲੀ ਅਚਾਨਕ ਲੱਗੀ।

### ਰਾਜ ਸਭਾ 'ਚ ਵੀ ਓ ਬੀ ਸੀ...

ਹੋਵੇਗਾ ਜਾਂ ਫਿਰ ਇਸ ਤੋਂ ਬਾਅਦ। ਅਸੀਂ ਤਾਂ ਚਾਹੁੰਦੇ ਹਾਂ ਕਿ ਇਸ 'ਤੇ ਕੰਮ ਛੇਤੀ ਤੋਂ ਛੇਤੀ ਸ਼ੁਰੂ ਹੋਵੇ। ਸਪਾ ਨੇਤਾ ਸਵਾਮੀ ਪ੍ਰਸਾਦ ਮੌਰੀਆ ਨੇ ਕਿਹਾ ਕਿ ਸਮੁੱਚੀ ਵਿਰੋਧੀ ਧਿਰ ਮਹਿਲਾ ਰਾਖਵਾਂਕਰਨ ਬਿੱਲ ਦਾ ਸਵਾਗਤ ਕਰ ਰਿਹਾ ਹੈ। ਅਸੀਂ ਵੀ ਸਵਾਗਤ ਕਰਦੇ ਹਾਂ, ਪਰ ਇੱਥੇ ਸਰਕਾਰ ਦੀ ਨੀਅਤ 'ਚ ਖੋਟ ਹੈ, ਜਦ 33 ਫੀਸਦੀ ਮਹਿਲਾਵਾਂ ਨੂੰ ਰਾਖਵਾਂਕਰਨ ਦੀ ਗੱਲ ਹੋ ਰਹੀ ਤਾਂ ਇਸ 'ਚ ਪੱਛੜੇ ਅਤੇ ਦਲਿਤ ਮਹਿਲਾਵਾਂ ਦੇ ਰਾਖਵਾਂਕਰਨ ਦਾ ਵੀ ਐਲਾਨ ਕੀਤਾ ਜਾਣਾ ਚਾਹੀਦਾ, ਜੋ ਹਾਲੇ ਤੱਕ ਨਹੀਂ ਕੀਤਾ ਗਿਆ ਅਤੇ ਇਹ ਬਿੱਲ ਹਾਲੇ ਲਾਗੂ ਨਹੀਂ ਹੋ ਸਕੇਗਾ। ਲਾਗੂ ਉਦੋਂ ਹੋਵੇਗਾ, ਜਦ ਜਨਗਣਨਾ ਹੋਵੇਗੀ, ਹੱਦਬੰਦੀ ਹੋਵੇਗੀ, ਜਦ ਜਾਤੀ ਜਨਗਣਨਾ ਲੰਮੇ ਸਮੇਂ ਤੋਂ ਨਹੀਂ ਹੋ ਸਕੀ ਤਾਂ ਇਹ ਕਦੋਂ ਹੋਵੇਗੀ। ਇਹ ਸਿਰਫ਼ ਚੋਣਾਂ 'ਚ ਲਾਭ ਲੈਣ ਲਈ ਲਿਆਂਦਾ ਗਿਆ ਬਿੱਲ ਹੈ।

ਆਮ ਆਦਮੀ ਪਾਰਟੀ ਦੇ ਰਾਜ ਸਭਾ ਸਾਂਸਦ ਸੰਦੀਪ ਕੁਮਾਰ ਪਾਠਕ ਨੇ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕਰਦੇ ਹੋਏ ਬਿੱਲ ਨੂੰ ਜੁਮਲਾ ਦੱਸਿਆ।

## ਸੀ ਐਚ ਓ ਨੂੰ ਕੁਸ਼ਟ ਰੋਗ ਨਿਵਾਰਨ ਸੁਸਾਇਟੀ ਨੇ ਦਿੱਤੀ ਟ੍ਰੇਨਿੰਗ



**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਤੇ ਸਿਵਲ ਸਰਜਨ ਡਾ. ਰਾਜੇਸ਼ ਅੱਤਰੀ ਦੇ ਦਿਸ਼ਾ ਨਿਰਦੇਸਾਂ ਹੇਠ ਜ਼ਿਲ੍ਹਾ ਪੱਧਰ 'ਤੇ ਟ੍ਰੇਨਿੰਗ ਹਾਲ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚੋਂ ਪੁੱਜੀਆਂ ਸੀਐਚਓ ਨੂੰ ਕੁਸ਼ਟ ਰੋਗ ਨਿਵਾਰਨ ਸੁਸਾਇਟੀ ਅਧੀਨ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਨੋਡਲ ਅਫ਼ਸਰ ਚਮੜੀ ਰੋਗ ਮਾਹਿਰ ਡਾ. ਜਸਪ੍ਰੀਤ ਕੌਰ ਨੇ ਕਿਹਾ ਕਿ ਚਮੜੀ ਮਨੁੱਖੀ ਸਰੀਰ ਦਾ ਸਭ ਤੋਂ ਵੱਡਾ ਅੰਗ ਹੈ। ਸਰੀਰ ਨੂੰ ਢਕਣ ਅਤੇ ਬਚਾਉਣ ਤੋਂ ਇਲਾਵਾ ਇਹ ਕਈ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦਾ ਹੈ। ਇਹ ਸਰੀਰ ਦੇ ਤਾਪਮਾਨ ਨੂੰ ਸਥਿਰ ਕਰਨ ਵਿੱਚ ਮਦਦ ਕਰਦਾ ਹੈ ਅਤੇ ਸਰੀਰ ਨੂੰ ਬਾਹਰੀ ਲਾਗਾਂ ਤੋਂ ਬਚਾਉਂਦਾ ਹੈ। ਸੂਰਜ ਦੀ ਰੌਸ਼ਨੀ ਦੇ ਸੰਪਰਕ ਵਿੱਚ ਆਉਣ 'ਤੇ ਚਮੜੀ ਵਿਟਾਮਿਨ-ਡੀ ਦੇ ਸੰਸਲੇਸ਼ਣ ਵਿੱਚ ਮਦਦ ਕਰਦੀ ਹੈ। ਡਾ: ਜਸਪ੍ਰੀਤ ਕੌਰ ਨੇ ਦੱਸਿਆ ਕਿ ਚਮੜੀ ਦੇ ਰੋਗਾਂ ਦੀਆਂ ਕਿਸਮਾਂ ਅਜਿਹੀਆਂ ਸਥਿਤੀਆਂ ਹਨ, ਜੋ ਤੁਹਾਡੀ ਚਮੜੀ ਨੂੰ ਪ੍ਰਭਾਵਤ ਜਾਂ ਨੁਕਸਾਨ ਪੁਚਾ ਸਕਦੀਆਂ ਹਨ, ਜਿਸ ਨੂੰ ਚਮੜੀ ਦੇ ਰੋਗ ਕਿਹਾ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਕਾਰਨ ਧੱਫੜ, ਸੋਜ, ਖੁਜਲੀ ਤੇ ਚਮੜੀ ਦੇ ਹੋਰ ਬਦਲਾਅ ਹੋ ਸਕਦੇ ਹਨ। ਚਮੜੀ ਦੇ ਰੋਗਾਂ ਦੀਆਂ ਕੁਝ ਕਿਸਮਾਂ ਖਾਨਦਾਨੀ ਹੋ ਸਕਦੀਆਂ ਹਨ, ਬਾਕੀ ਵਿਅਕਤੀ ਦੀ ਜੀਵਨ ਸ਼ੈਲੀ ਕਾਰਨ ਹੋ ਸਕਦੀਆਂ ਹਨ। ਚਮੜੀ ਦੇ ਰੋਗਾਂ ਦੀਆਂ ਵੱਖ-ਵੱਖ ਕਿਸਮਾਂ ਹਨ, ਜੋ ਵਿਅਕਤੀਆਂ 'ਤੇ ਨਿਰਭਰ ਕਰਦੀਆਂ ਹਨ।

**Reg. off.:** 410-412,18/12, 4th Floor, W.E.A, Arya Samaj Road, Karol Bagh, New Delhi-110005,
**Corp off.:** 716-717, 7th Floor, Tower B, World Trade Tower, Sector 16, Noida, 201301, U.P., Ph.: +91 120 4290650/52/53/54/55, Email: info@cslfinance.in Legal@cslfinance.in., Web.: www.cslfinance.in, CIN: L74899DL1992PLC051462

CSL Finance Limted

**ਅਚੱਲ ਜਾਇਦਾਦ ਵਾਸਤੇ ਕਬਜ਼ਾ ਨੋਟਿਸ**
**[(ਅੰਤਿਕਾ IV)] ਰੂਲ 8 (1)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈੱਸਟ ਐਕਟ, 2002 ਤਹਿਤ ਸੀ ਐੱਸ ਐੱਲ ਫਾਇਨਾਂਸ ਲਿਮ: ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਓਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਮੰਗੀ ਗਈ ਰਕਮ ਮੁੜ ਅਦਾ ਕਰਨ 'ਚ ਅਸਫਲ ਰਹੇ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਬਕਾਇਦਾ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਕੰਪਨੀ ਦੀ ਤਰਫੋਂ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਰੂਲਜ਼ ਦੇ ਰੂਲ 8 (1) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਹੇਠਾਂ ਦਰਸਾਈ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਸਮੇਤ ਕੰਪਨੀ ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਂਅ/ ਕਰਜ਼ਾ ਨੰ: | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ (ਰੁਪਏ 'ਚ) | ਕਬਜ਼ੇ ਦੀ ਮਿਤੀ |
|---|---|---|
| **Loan No. SMEPATLAPSL000005000845** 1. ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਸ਼ਿਆਮ ਸਿੰਘ 2. ਸ੍ਰੀਮਤੀ ਪ੍ਰਮਜੀਤ ਕੌਰ ਪੁੱਤਰੀ ਸ੍ਰੀ ਕਰਮ ਸਿੰਘ ਦੋਵੇਂ ਵਾਸੀ ਮਕਾਨ ਨੰ. 40, ਪਿੰਡ ਅਸਰਪੁਰ, ਡਾਕਖਾਨਾ ਜੋਗੀਪੁਰ, ਪਟਿਆਲਾ-147021, ਭਾਰਤ | 30.12.2021 ਅਤੇ 30.12.2021 ਨੂੰ ਰੁ. 20,31,595/- (ਵੀਹ ਲੱਖ ਇਕੱਤੀ ਹਜ਼ਾਰ ਪੰਜ ਸੌ ਪਚਾਨਵੇਂ ਰੁਪਏ ਕੇਵਲ) | 21.09.2023 |

ਸਕਿਉਰਡ ਐੱਸਟ (ਅਚੱਲ ਜਾਇਦਾਦ) ਦਾ ਵੇਰਵਾ : ਪਿੰਡ ਅਸਰਪੁਰ ਸਥਿਤ ਮਕਾਨ (ਹਦਬਸਤ ਨੰ. 115), ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਖੇਤਰ ਰਕਬਾ 0-12-1/4 ਬਿਸਵੇ, ਜੋ ਕਿ 612.5 ਵਰਗ ਗਜ਼ ਹੈ, ਖੇਵਟ ਨੰ. 20/18, ਖਤੌਨੀ ਨੰ. 64, ਖਸਰਾ ਨੰ. 480/294 (2-2), 483/295 (1-1), ਕਿੱਤੇ 2 ਕੁੱਲ ਖੇਤਰ 3 ਵਿਘੇ 3 ਬਿਸਵੇ, ਜਿਸ ਵਿੱਚੋਂ 0-7 ਬਿਸਵੇ ਹਿੱਸਾ ਅਤੇ ਖਤੌਨੀ ਨੰ. 65, ਖਸਰਾ ਨੰ. 479/294 (0-2), 481/295 (0-7), 482/295 (0-7), ਕਿੱਤੇ 3, ਕੁੱਲ ਖੇਤਰ 1 ਵਿਘਾ 1 ਬਿਸਵਾ, ਜਿਸ ਵਿੱਚੋਂ 0-5-1/4 ਵਿਸਵੇ ਹਿੱਸਾ।

ਮਿਤੀ : 21.9.2023
ਸਥਾਨ : ਪਟਿਆਲਾ
ਸਹੀ/- ਅਧਿਕਾਰਤ ਅਫਸਰ
ਸੀ ਐੱਸ ਐੱਲ ਫਾਇਨਾਂਸ ਲਿਮਟਿਡ

G20

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਨਿਵਿਦਾ ਸੂਚਨਾ ਪੱਤਰ ਨੰ.: 225, 226 & 227-2023-24-BDGM-DRM-FZR Date: 20.09.2023
ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 27.09.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 19.09.2023 | 19.09.2023 | 27.09.2023 / 15:00 ਵਜੇ |

**ਲੜੀ ਨੰਬਰ: 1** **ਨਿਵਿਦਾ ਨੰਬਰ:** : 225-2023-24-BDGM-DRM-FZR
**ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਾਨਿਹਾਲ-ਬਾਰਾਮੂਲਾ ਸੇਕਸ਼ਨ ਤੇ ਵਿਭਿੰਨ ਓਵਰਹੇਡ ਅਤੇ ਅੰਡਰਗ੍ਰਾਊਂਡ ਪਾਣੀ ਦੇ ਟੈਂਕਾਂ ਅਤੇ ਪੀਵੀਸੀ ਭੰਡਾਰਨ ਟੈਂਕਾਂ ਦੀ ਸਫਾਈ।

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 4,91,971.42 /- | 9,800 /- | 60 ਦਿਨ | 01 ਮਹੀਨਾ |

ਸਮਾਨ ਨੇਚਰ ਦਾ ਕੰਮ : "ਕੋਈ ਵੀ ਲਾਗੂ ਨਹੀਂ"।

**ਲੜੀ ਨੰਬਰ: 2** **ਨਿਵਿਦਾ ਨੰਬਰ:** : 226-2023-24-BDGM-DRM-FZR
**ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਆਉਣ ਵਾਲੇ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ ਬਨਿਹਾਲ ਦੇ ਅਨੁਭਾਗ ਵਿਚ ਐਲਡਬਲਯੂਆਰ ਦੀ ਲੰਬਾਈ ਨੂੰ ਘੱਟ ਕਰਨ ਲਈ।

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 4,60,920 /- | 9,200 /- | 60 ਦਿਨ | 01 ਮਹੀਨਾ |

ਸਮਾਨ ਨੇਚਰ ਦਾ ਕੰਮ : "ਕੋਈ ਵੀ ਲਾਗੂ ਨਹੀਂ"।

**ਲੜੀ ਨੰਬਰ: 3** **ਨਿਵਿਦਾ ਨੰਬਰ:** : 227-2023-24-BDGM-DRM-FZR
**ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਆਉਣ ਵਾਲੇ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ ਬਡਗਾਮ ਦੇ ਬਨਿਹਾਲ-ਬਾਰਾਮੂਲਾ ਸੇਕਸ਼ਨ ਵਿਚ ਟ੍ਰੈਕ ਖਰਾਬ ਪੀਐਸਸੀ ਸਲੀਪਰਾਂ ਨੂੰ ਨਵੇਂ ਪੀਐਸਸੀ ਸਲੀਪਰਾਂ ਨਾਲ ਬਦਲਣ ਲਈ।

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 4,92,816 /- | 9,900 /- | 60 ਦਿਨ | 01 ਮਹੀਨਾ |

ਸਮਾਨ ਨੇਚਰ ਦਾ ਕੰਮ : "ਕੋਈ ਵੀ ਲਾਗੂ ਨਹੀਂ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2939/2023

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

22-Sep-PAGE-3.qxd 9/21/2023 10:11 PM Page 1



# ਰੇਲ ਰੋਕੋ ਅੰਦੋਲਨ ਸੰਬੰਧੀ ਕਿਸਾਨ ਜਥੇਬੰਦੀ ਵੱਲੋਂ ਹੰਗਾਮੀ ਮੀਟਿੰਗ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਕਿਸਾਨ ਮਜ਼ਦੂਰ ਸੰਘਰਸ ਕਮੇਟੀ ਪੰਜਾਬ ਦੇ ਜੋਨ ਸ੍ਰੀ ਗੁਰੂ ਅੰਗਦ ਦੇਵ ਦੀ ਮੀਟਿੰਗ ਜੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਅਤੇ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਮਾਨਕ ਚੰਦ ਵੈਰੋਵਾਲ ਬਾਵਿਆ ਵਿਖੇ ਹੋਈ। ਇਸ ਮੌਕੇ ਜੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਅਤੇ ਸਤਨਾਮ ਸਿੰਘ ਖੋਜਕੀਪੁਰ ਨੇ ਦੱਸਿਆ ਕਿ ਉੱਤਰੀ ਭਾਰਤ ਦੀਆਂ 16 ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਹੜ੍ਹ ਪੀੜਤਾਂ ਨੂੰ ਮੁਆਵਜਾ ਦਵਾਉਣ ਲਈ , ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਦਵਾਉਣ ਵਾਸਤੇ, ਨਸ਼ੇ ਦਾ ਖਾਤਮਾ ਕਰਨ ਲਈ, ਐਮ. ਐਸ ਪੀ ਗਰੰਟੀ ਦਾ ਕਨੂੰਨ ਬਣਾਉਣ ਵਾਸਤੇ, ਬੰਦੀ ਸਿੰਘਾਂ ਦੀ ਰਿਹਾਈ ਵਾਸਤੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜਾ ਦਵਾਉਣ ਵਾਸਤੇ, ਕਿਸਾਨਾਂ ਮਜਦੂਰਾਂ ਦਾ ਕਰਜਾ ਮਾਫ ਕਰਵਾਉਣ ਵਾਸਤੇ 28 ਸਤੰਬਰ ਤੋਂ ਪੰਜਾਬ ਭਰ 'ਚ ਰੇਲਾਂ ਦੇ ਚੱਕੇ ਜਾਮ ਕੀਤੇ ਜਾਣਗੇ। ਇਸ ਮੌਕੇ ਮਨਜੀਤ ਸਿੰਘ ਵੈਰੋਵਾਲ ਬਾਵੇ ਅਤੇ ਸਾਹਿਬ ਸਿੰਘ ਨਰੋਤਮਪੁਰ ਨੇ ਕਿਹਾ ਕਿ ਸਰਕਾਰ ਨੇ ਜੀ 20 ਸੰਮੇਲਨ 'ਚ ਲੋਕਾਂ ਦੇ ਦਿੱਤੇ ਟੈਕਸ ਦੇ ਹਜ਼ਾਰਾਂ ਕਰੋੜ ਰੁਪਏ ਵਿਅਰਥ ਕੀਤੇ ਹਨ ਜਦਕਿ ਇਸ ਸੰਮੇਲਨ ਦਾ ਫਾਇਦਾ ਸਿਰਫ ਤੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਹੀ ਹੈ ਇਸ ਲਈ ਸਰਕਾਰ ਨੂੰ ਲੋਕਾਂ ਦੇ ਹਿਤਾਂ ਬਾਰੇ ਸੋਚਦੇ ਹੋਏ ਇਸ 'ਚੋਂ ਬਾਹਰ ਆਉਣਾ ਚਾਹੀਦਾ ਹੈ। ਸਰਕਾਰ ਹਰ ਸੰਭਵ ਜਤਨ ਕਰਕੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ। ਸਰਕਾਰ ਨੇ ਇਕ ਇਕ ਕਰਕੇ ਸਾਰੇ ਸਰਕਾਰੀ ਅਦਾਰੇ ਇਹਨਾਂ ਵਪਾਰੀਆਂ ਦੇ ਹੱਥ 'ਚ ਦੇ ਦਿੱਤੇ ਹਨ ਜੋ ਕਿ ਦੇਸ਼ ਵਾਸਤੇ ਬਹੁਤ ਘਾਤਕ ਹੈ। ਇਸ ਮੌਕੇ ਬਲਜਿੰਦਰ ਸਿੰਘ ਆਲਮਪੁਰ, ਹਰਜਿੰਦਰ ਸਿੰਘ ਘੱਗੇ, ਪਰਮਜੀਤ ਸਿੰਘ ਦਾਰਾਪੁਰ, ਜਗਜੀਤ ਸਿੰਘ ਭਲੋਜਲਾ, ਬਲਬੀਰ ਸਿੰਘ ਰਾਮਪੁਰ,ਬਿੱਕਰ ਸਿੰਘ ਲਿੱਧੜ, ਸੁਖਦੇਵ ਸਿੰਘ ਘੱਗੇ, ਸੁਖਚੈਨ ਸਿੰਘ ਦਾਰਾਪੁਰ, ਲਖਬੀਰ ਸਿੰਘ ਦਾਰਾਪੁਰ, ਸੂਬੇਦਾਰ ਨਿਰਮਲ ਸਿੰਘ ਕੋਠੀਆਂ,ਗੁਰਪਾਲ ਸਿੰਘ ਜਲਾਲਾਬਾਦ, ਲਵਜੀਤ ਸਿੰਘ ਖੋਜਕੀਪੁਰ, ਤਰਲੋਚਨ ਸਿੰਘ ਨਰੋਤਮਪੁਰ,ਸਵਰਨ ਸਿੰਘ ਲਿੱਧੜ, ਅੰਮ੍ਰਿਤਰਾਜ ਸਿੰਘ ਜਲਾਲਾਬਾਦ, ਰਵਿੰਦਰ ਸਿੰਘ ਭਲੋਜਲਾ, ਹਰਜੀਤ ਸਿੰਘ ਹੋਠੀਆ, ਕਸਮੀਰ ਸਿੰਘ ਵੈਰੋਵਾਲ ਬਾਵੇ, ਸੁਖਦੇਵ ਸਿੰਘ ਵੈਰੋਵਾਲ ਬਾਵੇ ਤੋ ਇਲਾਵਾ ਵੱਖ ਵੱਖ ਪਿੰਡਾਂ ਤੋਂ ਕਿਸਾਨ ਮਜਦੂਰ ਆਗੂ ਹਾਜ਼ਰ ਸਨ।

# ਪਰਾਲੀ ਨੂੰ ਅੱਗ ਨਾ ਲਾਉਣ ਨੂੰ ਲੈ ਕੇ ਖੇਤਬਾੜੀ ਵਿਭਾਗ ਵੱਲੋਂ ਜਾਗਰੂਕਤਾ ਕੈਂਪ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**ਡਿਪਟੀ ਕਮੀਸ਼ਨਰ ਡਾ. ਹਿਮਾਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ ਹੇਠ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਦੇ ਹੁਕਮਾਂ ਅਨੁਸਾਰ ਬਲਾਕ ਖੇਤੀਬਾੜੀ ਅਫਸਰ ਡਾ. ਦਿਲਬਾਗ ਸਿੰਘ ਦੀ ਅਗਵਾਈ ਹੇਠ ਸਰਕਲ ਸਿਧਵਾਂ ਪਿੰਡ ਕੋਟਲੀ ਸੈਣੀਆਂ ਬਲਾਕ ਕਾਹਨੂੰਵਾਨ ਵਿਖੇ ਸੀ ਆਰ ਐਮ ਸਕੀਮ ਅਧੀਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਖੇਤੀਬਾੜੀ ਵਿਸਥਾਰ ਅਫਸਰ ਇਕਬਾਲ ਸਿੰਘ ਅਤੇ ਖੇਤੀਬਾੜੀ ਸਬ ਇੰਸਪੈਕਟਰ ਇੰਦਰਜੋਤ ਸਿੰਘ ਵੱਲੋਂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਖੇਤੀਬਾੜੀ ਸਬ ਇੰਸਪੈਕਟਰ ਇੰਦਰਜੋਤ ਸਿੰਘ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਕਿਸਾਨਾ ਨੂੰ ਪਰਾਲੀ ਨੂੰ ਅਧੁਨਿਕ ਮਸ਼ੀਨਾ ਨਾਲ ਜ਼ਮੀਨ 'ਚ ਮਿਲਾ ਕੇ ਉਹ ਅਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ, ਜਿਸ ਨਾਲ ਫਸਲ ਦੇ ਝਾੜ 'ਚ ਵੀ ਵਾਧਾ ਹੁੰਦਾ ਹੈ। ਇਸ ਮੌਕੇ ਏ ਟੀ ਐਮ ਇਕਬਾਲ ਸਿੰਘ ਵੱਲੋਂ ਕਿਸਾਨਾਂ ਨੂੰ ਕਣਕ ਦੀਆਂ ਨਵੀਆਂ ਕਿਸਮਾ ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ 'ਚ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣੂ ਕਰਾਇਆ। ਖੇਤੀਬਾੜੀ ਵਿਸਥਾਰ ਅਫਸਰ ਇਕਬਾਲ ਸਿੰਘ ਵੱਲੋਂ ਪਿੰਡ ਦੀ ਪੰਚਾਇਤ ਅਤੇ ਹਾਜ਼ਰ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਕਿਸਾਨਾਂ ਨੂੰ 26-09-2023 ਨੂੰ ਲੱਗਣ ਵਾਲੇ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਬਾਰੇ ਜਾਣੂ ਕਰਾਇਆ ਅਤੇ ਕਿਸਾਨਾ ਨੂੰ ਕੈਂਪ ਵਿੱਚ ਸਮੂਲੀਅਤ ਕਰਨ ਦੀ ਅਪੀਲ ਕੀਤੀ। ਸਰਪੰਚ ਵਸਣ ਸਿੰਘ, ਬਲਜੀਤ ਸਿੰਘ ਕਿਸਾਨ ਮਿੱਤਰ, ਪੰਚਾਇਤ ਮੈਂਬਰ ਤਰਲੋਕ ਸਿੰਘ, ਸਾਬਕਾ ਸਰਪੰਚ ਮੱਖਣ ਸਿੰਘ, ਨੰਬਰਦਾਰ ਅਤੇ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਰਵੋਤਮ ਅਧਿਆਪਕ ਐਵਾਰਡ ਪ੍ਰੋਗਰਾਮ 'ਚ 26 ਅਧਿਆਪਕਾਂ ਦਾ ਸਨਮਾਨ



**ਬਟਾਲਾ (ਤਰਲੋਕ ਬੱਗਾ)** ਸਹੋਦਿਆ ਸਕੂਲ ਕੰਪਲੈਕਸ ਬਟਾਲਾ ਵੱਲੋਂ ਸਹੋਦਿਆ ਦਾ ਸਰਵੋਤਮ ਅਧਿਆਪਕ ਐਵਾਰਡ ਪ੍ਰੋਗਰਾਮ ਆਰ ਡੀ ਖੋਸਲਾ ਡੀ ਏ ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਚ ਹੋਇਆ, ਜਿਸ 'ਚ ਵੱਖ-ਵੱਖ ਸਕੂਲਾਂ ਦੇ 26 ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਮ੍ਹਾਂ ਰੌਸਨ ਕਰਕੇ ਕੀਤੀ ਗਈ। ਸੱਭਿਆਚਾਰਕ ਪ੍ਰੋਗਰਾਮ 'ਚ ਸੂਫੀ ਗੀਤ ਪੇਸ਼ ਕੀਤੇ ਗਏ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਨਾਟਕ 'ਚ ਅਧਿਆਪਕਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਕਿਹਾ ਗਿਆ ਕਿ ਮਾਪਿਆਂ ਅਤੇ ਅਧਿਆਪਕਾਂ ਦੇ ਸਾਂਝੇ ਯਤਨਾਂ ਨਾਲ ਹੀ ਬੱਚਿਆਂ ਦੇ ਚਰਿੱਤਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਅਧਿਆਪਕ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਦਾ ਵਿਦਿਆਰਥੀਆਂ 'ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਸਕੂਲ ਦੇ ਪ੍ਰਿੰਸੀਪਲ ਅਤੇ ਸਹੋਦਿਆ ਸਕੂਲਜ ਕੈਂਪਸ ਬਟਾਲਾ ਦੇ ਪ੍ਰਧਾਨ ਡਾ: ਬਿੰਦੂ ਭੱਲਾ ਨੇ ਸਕੂਲ 'ਚ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਅਤੇ ਸਨਮਾਨਿਤ ਹੋਣ ਵਾਲੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਰਾਸਟਰ ਨਿਰਮਾਣ ਵਿੱਚ ਅਧਿਆਪਕਾਂ ਦਾ ਅਹਿਮ ਯੋਗਦਾਨ ਹੈ। ਇੱਕ ਪ੍ਰਭਾਵਸ਼ਾਲੀ ਅਧਿਆਪਕ ਨੂੰ ਉੱਚ ਚਰਿੱਤਰ ਵਾਲਾ, ਆਪਣੇ ਵਿਸ਼ੇ ਦਾ ਮਾਹਿਰ, ਸਮੇਂ ਦਾ ਪਾਬੰਦ, ਇੱਕ ਹੁਨਰਮੰਦ ਬੁਲਾਰਾ ਅਤੇ ਸਿੱਖਿਆ ਦੇ ਨਵੇਂ ਤਰੀਕਿਆਂ 'ਚ ਦਿਲਚਸਪੀ ਰੱਖਣ ਵਾਲਾ ਹੋਣਾ ਚਾਹੀਦਾ ਹੈ ਕਿਉਂਕਿ ਅਧਿਆਪਕ ਦਾ ਵਿਦਿਆਰਥੀਆਂ, ਸਕੂਲ ਅਤੇ ਸਮਾਜ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਪ੍ਰੋਗਰਾਮ ਦਾ ਮਕਸਦ ਸਿੱਖਿਆ ਦੇ ਖੇਤਰ 'ਚ ਮੱਲਾਂ ਮਾਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨਾ ਹੈ। ਇਸ ਮੌਕੇ ਸ੍ਰੀਮਤੀ ਨਿੱਜਰ, ਸ੍ਰੀਮਤੀ ਮੋਨਿਕਾ ਅਤੇ ਸ੍ਰੀਮਤੀ ਮਨੀਸ਼ਾ ਵੀ ਮੌਜੂਦ ਸਨ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਨੇ ਸਨਮਾਨਿਤ ਹੋਣ ਵਾਲੇ ਅਧਿਆਪਕਾਂ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ।

# ਦਿਹਾਤੀ ਮਜ਼ਦੂਰ ਸਭਾ ਨੇ ਥਾਣਾ ਖਾਲੜਾ ਅੱਗੇ ਦਿੱਤਾ ਰੋਸ ਧਰਨਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਪਿੰਡ ਵਾਂ ਤਾਰਾ ਸਿੰਘ ਤੋਂ ਖੇਤ ਮਜ਼ਦੂਰ ਗੁਰਦੇਵ ਸਿੰਘ ਨਾਮਕ ਵਿਅਕਤੀ 'ਤੇ ਜਾਨਲੇਵਾ ਹਮਲਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਦਿਹਾਤੀ ਮਜ਼ਦੂਰ ਸਭਾ ਦੀ ਤਹਿਸੀਲ ਕਮੇਟੀ ਭਿੱਖੀਵਿੰਡ ਵੱਲੋਂ ਪੁਲਸ ਸਟੇਸ਼ਨ ਖਾਲੜਾ ਅੱਗੇ ਧਰਨਾ ਦਿੱਤਾ ਗਿਆ। ਇਸ ਮੌਕੇ ਨਾਅਰੇਬਾਜ਼ੀ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਅਤੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ ਵੱਲੋਂ ਐੱਸਐੱਚਓ ਖਾਲੜਾ 'ਤੇ ਆਮ ਆਦਮੀ ਪਾਰਟੀ ਦੇ ਇਸ਼ਾਰਿਆਂ 'ਤੇ ਕੰਮ ਕਰਨ ਦੇ ਇਲਜ਼ਾਮ ਲਗਾਏ ਗਏ। ਉਪਰੋਕਤ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਵਾਂ ਤਾਰਾ ਸਿੰਘ ਦੇ ਖੇਤ ਮਜ਼ਦੂਰ ਗੁਰਦੇਵ ਸਿੰਘ ਤੇ ਉਸ ਦੇ ਪਿੰਡ ਦੇ ਹੀ ਕੁਝ ਵਿਅਕਤੀਆਂ ਵੱਲੋਂ ਜਾਨਲੇਵਾ ਹਮਲਾ ਕੀਤਾ ਗਿਆ, ਜਿਸ ਦੌਰਾਨ ਗੁਰਦੇਵ ਸਿੰਘ ਦੀ ਉਂਗਲ ਟੁੱਟ ਗਈ। ਉਨ੍ਹਾਂ ਕਿਹਾ ਕਿ ਹਿੰਸਕ ਘਟਨਾ ਮਗਰੋਂ ਉਨ੍ਹਾਂ ਨੇ ਗੁਰਦੇਵ ਸਿੰਘ ਦੀ ਮੈਡੀਕਲ ਜਾਂਚ ਸਿਵਲ ਹਸਪਤਾਲ ਪੱਟੀ ਤੋਂ ਕਰਵਾ ਕੇ ਪੂਰੀ ਰਿਪੋਰਟ ਐੱਸਐੱਚਓ ਖਾਲੜਾ ਨੂੰ ਸੌਂਪੀ ਸੀ, ਪ੍ਰੰਤੂ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਵੀ ਐੱਸਐੱਚਓ ਖਾਲੜਾ ਨੇ ਹਮਲਾਵਰਾਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਐੱਸਐੱਚਓ ਖਾਲੜਾ ਹਮਲਾਵਰਾਂ ਦੀ ਪਿੱਠ ਥਾਪੜ ਰਿਹਾ ਹੈ।

ਦੱਸਣਯੋਗ ਹੈ ਕਿ ਡੀਐੱਸਪੀ ਭਿੱਖੀਵਿੰਡ ਦੇ ਨਿਰਦੇਸ਼ਾਂ ਹੇਠ ਏਐੱਸਆਈ ਗੁਰਨਾਮ ਸਿੰਘ ਵੱਲੋਂ ਧਰਨਾਕਾਰੀਆਂ ਨੂੰ ਦੋਸ਼ੀ ਵਿਅਕਤੀਆਂ ਖਿਲਾਫ ਪਰਚਾ ਦਰਜ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਗਿਆ, ਜਿਸ ਤੋਂ ਬਾਅਦ ਦਿਹਾਤੀ ਮਜ਼ਦੂਰ ਸਭਾ ਵੱਲੋਂ ਧਰਨਾ ਸਮਾਪਿਤ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂ ਸਵਿੰਦਰ ਸਿੰਘ ਚੱਕ, ਜਸਵੰਤ ਸਿੰਘ ਭਿੱਖੀਵਿੰਡ, ਗੋਰਾ ਪਹੂਵਿੰਡ, ਗੁਰਬੀਰ ਭੱਟੀ ਰਾਜੋਕੇ, ਮਨਦੀਪ ਕਲਸੀ, ਸੰਤੋਖ ਮੱਖੀ, ਬਲਦੇਵ ਕਲੋਨੀ, ਸ਼ਾਮਲਾਲ ਭਗਵਾਨਪੁਰਾ, ਬਲਵਿੰਦਰ ਸਿੰਘ ਚੀਮਾ, ਰਾਜ ਸਿੰਘ ਕੋਟਲੀ, ਸੁਖਦੇਵ ਸਰਪੰਚ ਘਰਿਆਲਾ, ਕਾਬਲ ਸਰਪੰਚ ਪਹਿਲਵਾਨਕੇ ਆਦਿ ਆਗੂ ਹਾਜ਼ਰ ਸਨ।

# ਟਾਂਗਰਾ ਦੇ ਕਈ ਅਕਾਲੀ ਤੇ ਕਾਂਗਰਸੀ ਵਰਕਰ 'ਆਪ' 'ਚ ਸ਼ਾਮਲ



**ਟਾਂਗਰਾ (ਲਾਡੀ ਮੱਲ੍ਹੀ)**-ਹਲਕਾ ਜੰਡਿਆਲਾ ਗੁਰੂ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਹਲਕੇ ਵਿੱਚ ਆਪ ਦੀ ਮਹਿਲਾ ਸਰਕਲ ਇੰਚਾਰਜ ਲਵਪ੍ਰੀਤ ਕੌਰ ਟਾਂਗਰਾ ਦੇ ਯਤਨਾਂ ਨਾਲ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਰਹਿਨੁਮਾਈ ਹੇਠ ਪਿੰਡ ਟਾਂਗਰਾ ਦੇ ਅਕਾਲੀ ਅਤੇ ਕਾਂਗਰਸੀ ਵਰਕਰ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਜਿਨ੍ਹਾਂ ਵਿੱਚ ਗੁਰਦੇਵ ਸਿੰਘ ਮੌਜੂਦਾ ਸਰਪੰਚ ਟਾਂਗਰਾ, ਬਸੰਤ ਸਿੰਘ ਮੌਜੂਦਾ ਮੈਂਬਰ ਟਾਂਗਰਾ, ਪਰਮਿੰਦਰ ਸਿੰਘ, ਗੁਰਪਾਲ ਸਿੰਘ, ਜੋਗਿੰਦਰ ਸਿੰਘ, ਦਲੇਰ ਸਿੰਘ, ਅਵਤਾਰ ਸਿੰਘ ਮੌਜੂਦਾ ਮੈਂਬਰ ਸਾਈਕਲਾਂ ਵਾਲੇ, ਸਰੂਪ ਸਿੰਘ, ਸੁਖਵਿੰਦਰ ਸਿੰਘ, ਕਸ਼ਮੀਰ ਸਿੰਘ, ਅਮਰ ਸਿੰਘ, ਸਾਥੀ ਆਮ ਆਦਮੀ ਪਾਰਟੀ ਦੇ ਪਰਿਵਾਰ ਦਾ ਹਿੱਸਾ ਬਣੇ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਟਾਂਗਰਾ ਦੇ ਸਾਥੀਆਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੇ ਸਵਾਗਤ ਕਰਦੇ ਹਾਂ ਜੋ ਕਿ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 'ਆਪ' ਦਾ ਹਿੱਸਾ ਬਣੇ ਹਨ। ਉਨ੍ਹਾਂ ਨੂੰ ਪਾਰਟੀ ਬਣਦਾ ਮਾਣ ਸਨਮਾਨ ਜ਼ਰੂਰ ਦਿੱਤਾ ਜਾਵੇਗਾ। ਇਸ ਮੌਕੇ ਚੇਅਰਮੈਨ ਛਨਾਖ ਸਿੰਘ, ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ ਆਦਿ ਹਾਜ਼ਰ ਸਨ।

# ਅੱਜ ਗੁਰਦਾਸਪੁਰ ਜ਼ਿਲ੍ਹੇ 'ਚ ਛੁੱਟੀ



**ਬਟਾਲਾ, (ਤਰਲੋਕ ਬੱਗਾ)** ਡਾ.ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ 22 ਸਤੰਬਰ ਦਿਨ ਸ਼ੁੱਕਰਵਾਰ ਨੂੰ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ ਦਫਤਰਾਂ ਅਤੇ ਗੈਰ ਸਰਕਾਰੀ ਦਫਤਰਾਂ, ਵਿੱਦਿਅਕ ਸੰਸਥਾਵਾਂ ਵਿੱਚ ਲੋਕਲ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਸ ਦਿਨ ਬੈਂਕ ਪਹਿਲਾਂ ਵਾਂਗ ਖੁੱਲ੍ਹੇ ਰਹਿਣਗੇ ਅਤੇ ਬੋਰਡ /ਯੂਨੀਵਰਸਿਟੀ ਵਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ ਪਹਿਲਾਂ ਦੀ ਤਰਾਂ ਹੀ ਹੋਣਗੀਆਂ।

## ਗੁਰਵਿੰਦਰ ਕੌਰ ਤੇ ਅਮਨਪ੍ਰੀਤ ਕੌਰ ਨੂੰ 'ਬੈੱਸਟ ਟੀਚਰ ਐਵਾਰਡ'

**ਝਬਾਲ (ਹਰਜਿੰਦਰ ਸਿੰਘ ਸੋਨੀ)**—ਚੀਫ਼ ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੀਆਂ ਮੈਡਮ ਗੁਰਵਿੰਦਰ ਕੌਰ ਅਤੇ ਮੈਡਮ ਅਮਨਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਵਿੱਦਿਅਕ ਖੇਤਰ ਵਿੱਚ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਵਸ ਨੂੰ ਸਮਰਪਿਤ ਅਧਿਆਪਕ ਦਿਵਸ ਮੌਕੇ ਚੀਫ਼ ਖਾਲਸਾ ਦੀਵਾਨ ਵੱਲੋਂ 'ਬੈਸਟ ਟੀਚਰ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਅਧਿਆਪਕਾਵਾਂ ਨੂੰ ਵਧਾਈ ਦਿੱਤੀ ਅਤੇ ਬਾਕੀਆਂ ਨੂੰ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਵਿੱਦਿਅਕ ਖੇਤਰ ਵਿਚ ਆਪਣੀਆਂ ਅਣਥੱਕ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਨੰ.183-2023-24-ADEN-I-ASR, 221 & 222-2023-24-ADEN-JUC,223 & 224-2023-24-ADEN-II-ASR Date : 20.09.2023**

ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 12.10.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 19.09.2023<br>20.09.2023 | 28.09.2023<br>28.09.2023 | 12.10.2023/ 15.00 ਵਜੇ<br>12.10.2023/ 15.00 ਵਜੇ |

**ਲ.ਨੰ. : 1 ਟੈਂਡਰ ਨੰ.:** 183-2023-24-ADEN-I-ASR, **ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ-ਵੇਰਕਾ ਸੈਕਸ਼ਨ ਵਿਚ ਕਿਮੀ (ਈਪੀ) 6/8-10 ਤੇ ਰੇਲਵੇ ਟ੍ਰੈਕ ਦੇ ਹੇਠਾਂ 1100 ਮਿਮੀ ਐਮਐਸ ਅਨਕੇਸਿੰਗ ਪਾਈਪ ਅਤੇ 1400 ਮਿਮੀ ਅੰਦਰੂਨੀ ਵਿਆਸ ਐਮਐਸ ਹੈਵੀ ਡਿਊਟੀ ਕੇਸਿੰਗ ਪਾਈਪ ਤੋਂ ਗੁਜਰਨ ਵਾਲੇ 700 ਮਿਮੀ ਅੰਦਰੂਨੀ ਵਿਆਸ ਵਾਲੀ ਸੀਵਰ/ਪਾਣੀ ਸਪਲਾਈ ਵਾਹਕ ਪਾਈਪ ਲਾਈਨ ਦੀ ਜਮੀਨਦੋਜ ਕ੍ਰਾਸਿੰਗ ਦੇ ਕੰਮ ਲਈ। **ਵਿਗਿਆਪਨ ਮੂਲ ਰੁ. :** 92,09,402.26/-, **ਬਿਆਨਾ ਰਾਸ਼ੀ:** 1,84,200/- **ਆਫਰ ਦੀ ਵੈਲੇਡਿਟੀ:** 60 ਦਿਨ, **ਸਮਾਪਤੀ ਦਾ ਸਮਾਂ :** 06 ਮਹੀਨੇ, **ਸਮਾਨ ਨੇਚਰ ਦਾ ਕੰਮ-** ''ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ/ਜਮੀਨਦੋਜ ਕੇਬਲ/ਪਾਈਪ ਲਾਈਨ ਆਦਿ ਨੂੰ ਪਾਰ ਕਰਨ ਦੇ ਨਾਲ ਪੁਲ ਦਾ ਨਿਰਮਾਣ।

**ਲ.ਨੰ. 2. ਟੈਂਡਰ ਨੰ. :** 221-2023-24-ADEN-JUC, **ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਸ਼ਹਿਰ ਦੇ ਤਹਿਤ ਬਿਜਲੀ ਪ੍ਰਾਵਧਾਨ ਦੇ ਤਹਿਤ ਸੇਵਾ ਭਵਨਾਂ ਦਾ ਨਿਰਮਾਣ ਅਤੇ ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਤੇ ਸੁਰਾਨਸੀ ਅਤੇ ਹਮੀਰਾ ਸਟੇਸ਼ਨਾਂ ਤੇ ਪੈਨਲ ਇੰਟਰਲਾਕਿੰਗ ਦੇ ਸਥਾਨ ਤੇ ਇੰਟਰਲਾਕਿੰਗ। **ਵਿਗਿਆਪਨ ਮੂਲ ਰੁ. :** 1,50,74,301.37/-, **ਬਿਆਨਾ ਰਾਸ਼ੀ:** 2,25,400/- **ਆਫਰ ਦੀ ਵੈਲੇਡਿਟੀ:** 60 ਦਿਨ, **ਸਮਾਪਤੀ ਦਾ ਸਮਾਂ :** 08 ਮਹੀਨੇ, **ਸਮਾਨ ਨੇਚਰ ਦਾ ਕੰਮ-** ''ਭਵਨ/ਕਵਾਟਰ ਦਾ ਨਿਰਮਾਣ।

**ਲ.ਨੰ. 3. ਟੈਂਡਰ ਨੰ. :** 222-2023-24-ADEN-JUC, **ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਸ਼ਹਿਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ-ਵੇ/ ਜਲੰਧਰ ਸ਼ਹਿਰ ਦੇ ਅਨੁਭਾਗ ਵਿਚ ਟ੍ਰੈਕ ਰਖਰਖਾਅ ਦੇ ਲਈ ਪੀ-ਵੇ ਦਾ ਕੰਮ ਲਈ। **ਵਿਗਿਆਪਨ ਮੂਲ ਰੁ. :** 38,10,286.43/-, **ਬਿਆਨਾ ਰਾਸ਼ੀ:** 76,200/- **ਆਫਰ ਦੀ ਵੈਲੇਡਿਟੀ:** 60 ਦਿਨ, **ਸਮਾਪਤੀ ਦਾ ਸਮਾਂ :** 09 ਮਹੀਨੇ, **ਸਮਾਨ ਨੇਚਰ ਦਾ ਕੰਮ-** ''ਕੋਈ ਵੀ ਨਹੀਂ।

**ਲ.ਨੰ. 4. ਟੈਂਡਰ ਨੰ. :** 223-2023-24-ADEN-II/ASR, **ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ-ਅੰਮ੍ਰਿਤਸਰ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਆਉਣ ਵਾਲੇ ਸੈਕਸ਼ਨ ਵਿਚ ਲੈਵਲ ਕ੍ਰਾਸਿੰਗ ਦੀ ਮੁਰੰਮਤ ਦਾ ਕੰਮ ਅਤੇ ਰਖਰਖਾਅ। **ਵਿਗਿਆਪਨ ਮੂਲ ਰੁ. :** 54,59,390.22/-, **ਬਿਆਨਾ ਰਾਸ਼ੀ:** 1,09,200/- **ਆਫਰ ਦੀ ਵੈਲੇਡਿਟੀ:** 60 ਦਿਨ, **ਸਮਾਪਤੀ ਦਾ ਸਮਾਂ :** 09 ਮਹੀਨੇ, **ਸਮਾਨ ਨੇਚਰ ਦਾ ਕੰਮ-** ''ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।

**ਲ.ਨੰ. 5. ਟੈਂਡਰ ਨੰ. :** 223-2023-24-ADEN-II/ASR, **ਨਿਵਿਦਾ ਦਾ ਵੇਰਵਾ :** ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਆਉਣ ਵਾਲੇ ਸੈਕਸ਼ਨ ਅੰਮ੍ਰਿਤਸਰ-ਖੇਮਕਰਨ ਤੇ ਕਿਮੀ (ਈਪੀ) 6/20-22 ਤੇ ਰੇਲਵੇ ਟ੍ਰੈਕ ਦੇ ਹੇਠਾਂ 1400 ਮਿਮੀ ਐਮਐਸ ਅਨਕੇਸਿੰਗ ਪਾਈਪ ਅਤੇ 1600 ਮਿਮੀ ਅੰਦਰੂਨੀ ਵਿਆਸ ਐਮਐਸ ਹੇਵੀ ਡਿਊਟੀ ਕੇਸਿੰਗ ਪਾਈਪ ਤੋਂ ਗੁਜਰਨ ਵਾਲੀ 1100 ਮਿਮੀ ਅੰਦਰੂਨੀ ਵਿਆਸ ਸੀਵਰ/ਪਾਣੀ ਵਾਹਕ ਪਾਈਪ ਲਾਈਨ ਦੀ ਜਮੀਨਦੋਜ ਕ੍ਰਾਸਿੰਗ ਕੰਮ ਲਈ। **ਵਿਗਿਆਪਨ ਮੂਲ ਰੁ. :** 80,65,590.65/-, **ਬਿਆਨਾ ਰਾਸ਼ੀ:** 1,61,300/- **ਆਫਰ ਦੀ ਵੈਲੇਡਿਟੀ:** 60 ਦਿਨ, **ਸਮਾਪਤੀ ਦਾ ਸਮਾਂ :** 06 ਮਹੀਨੇ, **ਸਮਾਨ ਨੇਚਰ ਦਾ ਕੰਮ-** ''ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ/ਜਮੀਨਦੋਜ ਕੇਬਲ/ਪਾਈਪ ਲਾਈਨ ਆਦਿ ਨੂੰ ਪਾਰ ਕਰਨ ਦੇ ਬਜਾਏ ਪੁਲ ਦਾ ਨਿਰਮਾਣ।

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2932/23


# ਤਰਨ ਤਾਰਨ ਦੇ ਭਾਜਪਾ ਅਹੁਦੇਦਾਰਾਂ ਦੀ ਮੀਟਿੰਗ



**ਤਰਨ ਤਾਰਨ ( ਪ੍ਰਿਤਪਾਲ ਸਿੰਘ)** ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਜਿਲ੍ਹੇ ਤਰਨ ਤਾਰਨ ਦੀ ਸਮੁੱਚੇ ਅਹੁਦੇਦਾਰਾਂ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਜਿਲ੍ਹਾ ਸਹਿ ਇੰਚਾਰਜ ਨਰੇਸ਼ ਸ਼ਰਮਾ ਸ਼ਾਮਲ ਹੋਏ। ਮੀਟਿੰਗ 'ਚ ਜਿਲ੍ਹਾ ਸਹਿ ਇੰਚਾਰਜ ਨਰੇਸ਼ ਸ਼ਰਮਾ ਤੇ ਜਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਪਾਰਟੀ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਤੋਂ ਪਾਰਟੀ ਆਗੂਆਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਪਾਰਟੀ ਦੁਆਰਾ ਚਲਾਏ ਜਾ ਰਹੇ ਅਭਿਆਨ 'ਸੇਵਾ ਪਖਵਾੜਾ' ਤਹਿਤ ਹੋਣ ਵਾਲੇ ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਇਹ ਅਭਿਆਨ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ 17 ਸਤੰਬਰ ਤੋਂ ਸ਼ੁਰੂ ਹੋ ਕੇ ਗਾਂਧੀ ਜਯੰਤੀ 2 ਅਕਤੂਬਰ ਤੱਕ ਚੱਲੇਗਾ। ਮੀਟਿੰਗ ਵਿੱਚ ਪਾਰਟੀ ਦੇ ਸੰਗਠਨਾਤਮਕ ਵਿਸ਼ਿਆਂ ਉੱਪਰ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਆਗੂਆਂ ਵੱਲੋਂ ਵੀ ਪਾਰਟੀ ਦਾ ਝੰਡਾ ਪਿੰਡ-ਪਿੰਡ ਵਿੱਚ ਬੁਲੰਦ ਕਰਨ ਦਾ ਵਿਸ਼ਵਾਸ ਦਿੱਤਾ ਗਿਆ। ਇਸ ਮੌਕੇ ਸਾਬਕਾ ਚੇਅਰਮੈਨ ਰਣਜੀਤ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਸਾਗਰ, ਜਿਲ੍ਹਾ ਜਨਰਲ ਸਕੱਤਰ ਗੁਰਮੁਖ ਸਿੰਘ ਬਲੇਰ, ਜ਼ਿਲਾ ਮੀਤ ਪ੍ਰਧਾਨ ਸ਼ਿਵ ਕੁਮਾਰ ਸੋਨੀ, ਅਤੁਲ ਜੈਨ, ਜਸਮੀਤ ਸਿੰਘ ਵਾਲੀਆ,ਅਮਰਪਾਲ ਸਿੰਘ ਖਹਿਰਾ, ਸੂਬਾ ਕਾਰਜਕਾਰੀ ਮੈਂਬਰ ਅਨੂਪ ਸਿੰਘ ਭੁੱਲਰ, ਰਾਮ ਲਾਲ ਹੰਸ, ਬਲਵਿੰਦਰ ਸਿੰਘ ਰਾਸੀਆਨਾ, ਮਹਿਲਾ ਮੋਰਚੇ ਦੇ ਪ੍ਰਧਾਨ ਅਮਨਦੀਪ ਕੌਰ ਉੱਪਲ, ਕਿਸਾਨ ਮੋਰਚੇ ਦੇ ਪ੍ਰਧਾਨ ਗੁਰਸਾਹਿਬ ਸਿੰਘ, ਸੀਨੀਅਰ ਆਗੂ ਰਾਣਾ ਗੁਲਬੀਰ ਸਿੰਘ, ਹਰਪ੍ਰੀਤ ਸਿੰਘ ਸਿੰਦਬਾਦ, ਬਲਜਿੰਦਰ ਸਿੰਘ ਕੈਰੋਂ, ਸਦਾ ਨੰਦ ਚੋਪੜਾ, ਸੁਬੇਗ ਸਿੰਘ ਰੈਸ਼ੀਆਣਾ, ਜ਼ਿਲਾ ਸਕੱਤਰ ਲਖਵਿੰਦਰ ਸਿੰਘ, ਕੁਲਦੀਪ ਬੱਬੂ, ਜਸਵੰਤ ਸਿੰਘ ਸੋਹਲ, ਮੰਡਲ ਪ੍ਰਧਾਨ ਪਵਨ ਕੁੰਦਰਾ, ਗੌਰਵ ਦੇਵਗਨ, ਬਲਬੀਰ ਸਿੰਘ, ਬਲਜੀਤ ਸਿੰਘ, ਰੋਹਿਤ ਕੁਮਾਰ ਵੇਦੀ, ਕੈਪਟਨ ਜਸਪਾਲ ਸਿੰਘ, ਪਵਨ ਦੇਵਗਨ, ਹਰਮਨਦੀਪ ਸਿੰਘ ਕੱਲਾ, ਹਰਪਾਲ ਸੋਨੀ, ਰੋਹਿਤ ਮਲਹੋਤਰਾ ਤੋਂ ਇਲਾਵਾ ਬਲਜਿੰਦਰ ਸਿੰਘ, ਰਾਜ ਕੁਮਾਰ, ਪਰਦੀਪ ਕੁਮਾਰ, ਸਤਨਾਮ ਸਿੰਘ ਭੁੱਲਰ, ਡਾ ਰਿਤੇਸ਼ ਚੋਪੜਾ, ਕੁਲਵੰਤ ਸਿੰਘ ਬਾਠ, ਸੁਖਵਿੰਦਰ ਸਿੰਘ ਸਿੰਘਪੁਰਾ, ਜਤਿੰਦਰ ਕੁਮਾਰ ਬੱਬੂ, ਰਵਿੰਦਰ ਕੁਮਾਰ ਸੋਨਾ, ਹਰਪਾਲ ਸਿੰਘ, ਅਵਤਾਰ ਸਿੰਘ, ਸੁਖਚੰਦਨ ਦੀਪ ਸਿੰਘ, ਗੁਰਦੀਪਕ ਸਿੰਘ, ਜੈਲ ਸਿੰਘ, ਰਮਨਦੀਪ ਸਿੰਘ, ਪਰਮਜੀਤ ਸਿੰਘ, ਸਵਿੰਦਰ ਪੰਨੂ, ਵਰਿਆਮ ਸਿੰਘ, ਸੁਖਦੇਵ ਸਿੰਘ, ਜਗਤਾਰ ਸਿੰਘ, ਰੂਪ ਲਾਲ, ਜਸਵੰਤ ਸਿੰਘ, ਇੰਦਰਜੀਤ ਜੈਨ, ਕੁਲਦੀਪ ਸਿੰਘ, ਕਾਲਾ ਸਿੰਘ, ਹਰਮਨ ਸਿੰਘ ਆਦਿ ਭਾਜਪਾ ਆਗੂ ਮੌਜੂਦ ਸਨ।

# ਹੜ੍ਹਾਂ ਕਾਰਨ ਨੁਕਸਾਨੇ ਪੁਲ ਨੂੰ ਨਾ ਬਣਾਉਣ ਦੇ ਰੋਸ ਵਜੋਂ ਕਿਸਾਨ ਯੂਨੀਅਨ ਵੱਲੋਂ ਪ੍ਰਦਰਸ਼ਨ



**ਕਾਦੀਆਂ, ( ਯਾਦਵਿੰਦਰ ਸਿੰਘ ਮਲਹੋਤਰਾ)**-ਬੀਤੀ 15 ਅਗਸਤ ਨੂੰ ਕਾਹਨੂੰਵਾਨ ਦੇ ਬੇਟ ਖੇਤਰ ਆਏ ਵਿੱਚ ਆਏ ਹੜ੍ਹਾਂ ਦੇ ਕਾਰਨ ਚੱਕ ਸ਼ਰੀਫ ਤੋਂ ਵਾਇਆ ਭੈਣੀ ਮੀਆਂ ਖਾਂ ਹੋ ਕੇ ਤੁਗਲਵਾਲ ਨੂੰ ਜਾਂਦੀ ਸੜਕ ਉੱਪਰ ਪਿੰਡ ਬਲਵੰਡਾ ਕੋਲ ਸੇਮ ਡ੍ਰੇਨ ਦੇ ਪੁਲ ਨੂੰ ਨੁਕਸਾਨ ਪਹੁੰਚਾ ਸੀ ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਇਸ ਪੁਲ ਦੀ ਖਸਤਾ ਹਾਲਤ ਨੂੰ ਦੇਖਦਿਆਂ ਇਸ ਪੁਲ ਦੇ ਉੱਪਰੋਂ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਲੋਕਾਂ ਨੂੰ ਭੈਣੀ ਮੀਆਂ ਖਾਣ ਤੋਂ ਚੱਕ ਸ਼ਰੀਫ ਆਉਣ-ਜਾਣ ਲਈ ਕਈ ਕਿਲੋਮੀਟਰ ਵੱਧ ਦਾ ਸਫਰ ਤੈਅ ਕਰਨਾ ਪੈ ਰਿਹਾ ਸੀ ਪਰ ਪ੍ਰਸ਼ਾਸਨ ਵੱਲੋਂ ਇਸ ਪੁਲ ਨੂੰ ਦੁਬਾਰਾ ਤੋਂ ਬਣਾਉਣ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ ਜਿਸ ਕਾਰਨ ਲੋਕਾਂ ਅੰਦਰ ਪ੍ਰਸ਼ਾਸਨ ਦੇ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਸੀ। ਇਸ ਪੁਲ ਨੂੰ ਫਿਰ ਤੋਂ ਬਣਾਉਣ ਦੀ ਮੰਗ ਨੂੰ ਲੈ ਕੇ ਕਿਸਾਨਾਂ ਅਤੇ ਇਲਾਕੇ ਦੇ ਲੋਕਾਂ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਬਾਬਾ ਲਾਲ ਸਿੰਘ ਕੁੱਲੀ ਜ਼ੋਨ ਦੇ ਪ੍ਰਧਾਨ ਨਿਸ਼ਾਨ ਸਿੰਘ ਦੀ ਅਗਵਾਈ ਹੇਠ ਇਸ ਪੁਲ ਨੂੰ ਦੋਬਾਰਾ ਤੋਂ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਕੋਈ ਠੋਸ ਯਤਨ ਨਾ ਸ਼ੁਰੂ ਕਰਨ ਦੇ ਰੋਸ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਜੇਕਰ ਪ੍ਰਸ਼ਾਸਨ ਨੇ ਇਸ ਪੁਲ ਨੂੰ ਬਣਾਉਣ ਲਈ ਜਲਦ ਯਤਨ ਨਾ ਅਰੰਭੇ ਤਾਂ ਉਨ੍ਹਾਂ ਦੀ ਜੱਥੇਬੰਦੀ ਪ੍ਰਸ਼ਾਸਨ ਦੇ ਖਿਲਾਫ ਸੰਘਰਸ਼ ਸ਼ੁਰੂ ਕਰ ਦੇਵੇਗੀ। ਮਨਜੀਤ ਸਿੰਘ ਰਿਆੜ ਨੇ ਕਿਹਾ ਕਿ ਇਸ ਪੁਲ ਦੇ ਢਹਿ ਜਾਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਜਿਹੜੇ ਬਦਲਵੇਂ ਰਸਤਿਆਂ ਰਾਹੀਂ ਟ੍ਰੈਫਿਕ ਸ਼ੁਰੂ ਕਰਵਾਈ ਹੈ ਉਹ ਰਸਤੇ ਬਹੁਤ ਛੋਟੇ ਹਨ। ਇਸ ਪ੍ਰਦਰਸ਼ਨ ਨੂੰ ਕੈਪਟਨ ਸੁਮਿੰਦਰ ਸਿੰਘ ਅਤੇ ਪ੍ਰਧਾਨ ਬਲਵਿੰਦਰ ਸਿੰਘ ਮੁੱਲਾਂਵਾਲ ਨੇ ਵੀ ਸੰਬੋਧਨ ਕੀਤਾ।

# ਵਿਦਿਆਰਥੀਆਂ ਦੇ ਕੜੇ ਲਾਹੁਣ ਦਾ ਮਾਮਲਾ; ਸ਼੍ਰੋਮਣੀ ਕਮੇਟੀ ਨੇ ਭੇਜੀ ਜਾਂਚ ਟੀਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਬਠਿੰਡਾ ਦੇ ਪਰਸਰਾਮ ਨਗਰ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੰਦਰ ਵਿਦਿਆਰਥੀਆਂ ਦੇ ਕੜੇ ਉਤਾਰਨ ਦਾ ਵੀਡੀਓ ਵਾਇਰਲ ਹੋਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਂਚ ਟੀਮ ਭੇਜੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ 'ਤੇ ਧਰਮ ਪ੍ਰਚਾਰ ਕੇਂਦਰ ਤਲਵੰਡੀ ਸਾਬੋ ਦੇ ਇੰਚਾਰਜ ਜਗਪਾਲ ਸਿੰਘ, ਪ੍ਰਚਾਰਕ ਭਾਈ ਨਿਰਭੈ ਸਿੰਘ, ਭਾਈ ਅਮਰੀਕ ਸਿੰਘ ਤੇ ਭਾਈ ਹਰਦੀਪ ਸਿੰਘ ਨੂੰ ਸਥਾਨਕ ਸਕੂਲ ਵਿਖੇ ਜਾ ਕੇ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਿੱਖ ਭਾਵਨਾਵਾਂ ਨਾਲ ਜੁੜਿਆ ਮਾਮਲਾ ਹੈ, ਕਿਉਂਕਿ ਜਦੋਂ ਵੀ ਕਕਾਰਾਂ ਨਾਲ ਸਬੰਧਤ ਕੋਈ ਅਜਿਹਾ ਮਾਮਲਾ ਆਉਂਦਾ ਹੈ ਤਾਂ ਸੰਗਤਾਂ ਅੰਦਰ ਰੋਸ ਫੈਲਣਾ ਕੁਦਰਤੀ ਹੈ। ਬਠਿੰਡਾ ਦੇ ਸਕੂਲ ਵੱਲੋਂ ਵਿਦਿਆਰਥੀਆਂ ਦੇ ਕੜੇ ਉਤਾਰਨ ਦੀ ਸੰਜੀਦਗੀ ਨੂੰ ਦੇਖਦਿਆਂ ਰਿਪੋਰਟ ਲਈ ਜਾ ਰਹੀ ਹੈ, ਜਿਸ ਮਗਰੋਂ ਅਗਲੀ ਵਿਚਾਰ ਕੀਤੀ ਜਾਵੇਗੀ।

# ਗੁਰੂ ਨਾਨਕ ਕਾਲਜ ਬਟਾਲਾ ਵਿਖੇ ਹਫਤਾਵਾਰੀ ਪਲੇਸਮੈਂਟ ਟ੍ਰੇਨਿੰਗ ਵਰਕਸ਼ਾਪ ਸੰਪੰਨ



**ਬਟਾਲਾ (ਤਰਲੋਕ ਬੱਗਾ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚਲਾਏ ਜਾ ਰਹੇ ਗੁਰੂ ਨਾਨਕ ਕਾਲਜ ਬਟਾਲਾ ਵਿਖੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਸੁਖਮਿੰਦਰ ਸਿੰਘ ਵਿੱਦਿਆ ਸਕੱਤਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪ੍ਰੋ ਧਿਆਨ ਸਿੰਘ ਸੰਧੂ ਅਤੇ ਇੰਚਾਰਜ ਡਾ. ਮਨਦੀਪ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਵਿੱਚ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵੱਲੋਂ ਲੜਕੀਆਂ ਲਈ ਰੁਜ਼ਗਾਰ ਤੇ ਜੀਵਨ ਕੌਸ਼ਲ ਸਿਖਲਾਈ ਪ੍ਰੋਗਰਾਮ ਅਧੀਨ 13 ਤੋਂ 19 ਸਤੰਬਰ ਤੱਕ ਲਗਾਈ ਗਈ ਹਫਤਾਵਾਰੀ ਵਰਕਸ਼ਾਪ ਦਾ ਸਫਲਤਾਪੂਰਨ ਸਮਾਪਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋ. ਧਿਆਨ ਸਿੰਘ ਸੰਧੂ ਅਤੇ ਇਸ ਪ੍ਰੋਗਰਾਮ ਦੇ ਕੋ-ਆਰਡੀਨੇਟਰ ਡਾ. ਮਨਦੀਪ ਕੌਰ ਨੇ ਇਹ ਪ੍ਰੋਗਰਾਮ ਉਲੀਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਸ਼ੀ ਅੰਮ੍ਰਿਤਸਰ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵੱਲੋਂ ਮੁੱਖ ਬੁਲਾਰੇ ਅਤੇ ਟ੍ਰੇਨਰ ਮੈਡਮ ਸੋਨੀਆ ਰਾਣਾ ਦਾ ਧੰਨਵਾਦ ਕੀਤਾ। ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਇਸ ਮੌਕੇ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਜਿਹੀਆਂ ਵਰਕਸ਼ਾਪਾਂ ਸਗਾਉਣੀਆਂ ਬਹੁਤ ਜ਼ਰੂਰੀ ਹਨ ਅਤੇ ਵਿਦਿਆਰਥੀਆਂ ਨੂੰ ਆਪਣੇ ਚੰਗੇ ਭਵਿੱਖ ਲਈ ਇਹਨਾਂ ਮੌਕਿਆਂ ਦਾ ਲਾਭ ਉਠਾਉਣਾ ਬਹਿਤ ਜ਼ਰੂਰੀ ਹੈ। ਉਹਨਾ ਕਿਹਾ ਕਿ ਇਸ ਹਫਤਾਵਰੀ ਪ੍ਰੋਗਰਾਮ 'ਚ ਤੋਂ ਵਿਦਿਆਰਥੀਆਂ ਨੇ ਜੀਵਨ ਵਿਚ ਕੰਮ ਆਉਣ ਵਾਲੇ ਅਹਿਮ ਨੁਕਤੇ ਸਿੱਖੇ ਜਿਨ੍ਹਾਂ ਕਾਰਣ ਉਨ੍ਹਾਂ ਦੇ ਸ੍ਵੈ ਵਿਸਵਾਸ ਅਤੇ ਉਹਨਾਂ ਦੀ ਸਰਵਪੱਖੀ ਸਖ਼ਸ਼ੀਅਤ ਵਿਚ ਅਹਿਮ ਬਦਲਾਅ ਦੇਖਣ ਨੂੰ ਮਿਲੇ। ਇਸ ਪ੍ਰੋਗਰਾਮ ਵਿੱਚ ਵਧੀਆ ਕਾਰਗੁਜਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਮਹਿੰਦਰਾ ਕੰਪਨੀ ਵੱਲੋਂ ਅਤੇ ਨਾਂਦੀ ਫਾਊਂਡੇਸ਼ਨ ਵੱਲੋਂ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਡਾ. ਹਰਮੀਤ ਕੌਰ, ਪ੍ਰੋ. ਬਚਿਤਰ ਸਿੰਘ, ਪ੍ਰੋ. ਹਰਮੀਤ ਸਿੰਘ, ਪ੍ਰੋ. ਸੁਖਪ੍ਰੀਤ ਕੌਰ, ਪ੍ਰੋ ਗੁਰਦੀਪ ਕੌਰ ਆਦਿ ਹਾਜ਼ਰ ਸਨ।

# ਬਲਾਕ ਕਾਦੀਆਂ 'ਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਚੋਣ

**ਗੁਰਦਾਸਪੁਰ (ਜਨਕ ਮਹਾਜਨ)** ਜਿਲ੍ਹਾ ਗੁਰਦਾਸਪੁਰ ਦੇ ਬਲਾਕ ਕਾਦੀਆਂ ਦੀ ਬਲਾਕ ਪੱਧਰੀ ਚੋਣ ਪਾਰਟੀ ਦੇ ਜਿਲ੍ਹਾ ਪ੍ਰਧਾਨ ਹੀਰਾ ਲਾਲ ਕਾਦੀਆ ਦੇ ਗ੍ਰਹਿ ਕੀਤੀ ਗਈ ਜਿਸ 'ਚ ਸਭਾ ਦੇ ਜਿਲ੍ਹਾ ਸਕੱਤਰ ਬਲਬੀਰ ਸਿੰਘ ਮੱਲ੍ਹੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਚੋਣ 'ਚ ਸਭਾ ਦੇ ਮੈਂਬਰਾਂ ਨੇ ਭਰਵੀਂ ਹਾਜ਼ਰੀ ਭਰੀ। ਸਭ ਤੋਂ ਪਹਿਲਾਂ ਵਿਛੜੇ ਸਾਥੀਆਂ ਨੂੰ ਸਰਧਾਂਜ਼ਲੀ ਭੇਟ ਕੀਤੀ ਗਈ ਅਤੇ ਪਿਛਲੇ ਕੰਮਾਂ ਦੀ ਰਿਪੋਰਟ ਪੜ੍ਹੀ ਗਈ। ਸਭਾ ਦੇ ਜਿਲ੍ਹਾ ਸਕੱਤਰ ਬਲਬੀਰ ਸਿੰਘ ਮੱਲ੍ਹੀ ਵੱਲੋਂ ਸਭਾ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ ਅਤੇ ਸਾਥੀਆਂ ਵੱਲੋਂ ਕੀਤੇ ਗਏ ਸਵਾਲਾਂ ਦੇ ਜਵਾਬ ਦਿੱਤੇ ਗਏ। ਸਭਾ ਦੇ ਮੈਂਬਰਾਂ ਨੂੰ ਜਿਲ੍ਹਾ ਪ੍ਰਧਾਨ ਹੀਰਾ ਲਾਲ ਕਾਦੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਕਾਰਨ ਗਰੀਬ ਵਰਗ ਦੀ ਹਾਲਤ ਤਰਸਯੋਗ ਬਣ ਗਈ ਹੈ। ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਬਲਾਕ ਕਮੇਟੀ ਦੀ ਚੋਣ ਕੀਤੀ ਗਈ ਜਿਸ 'ਚ ਪ੍ਰਧਾਨ ਕ੍ਰਿਪਾਲ ਸਿੰਘ ਮੱਲ੍ਹੀ, ਮੀਤ ਪ੍ਰਧਾਨ ਲਖਵਿੰਦਰ ਸਿੰਘ, ਸਕੱਤਰ ਬੂਟਾ ਸਿੰਘ, ਮੀਤ ਸਕਤਰ ਬਿਹਾਰੀ ਲਾਲ, ਖਜਾਨਚੀ ਹੀਰਾ ਲਾਲ, ਬਲਾਕ ਕਮੇਟੀ ਮੈਂਬਰ ਦਰਸ਼ਨ ਲਾਲ, ਸ਼ਾਮ ਲਾਲ, ਜਸਬੀਰ ਸਿੰਘ, ਖੇੜਾ ਸਿੰਘ, ਅੰਮ੍ਰਿਤਪਾਲ ਸਿੰਘ, ਸੰਦੀਪ ਕੁਮਾਰ ਭਲਵਾਨ, ਅਮਰੀਕ ਚੰਦ, ਰਾਜ ਮਸੀਹ, ਮਨਜੀਤ ਕੌਰ, ਮਨਪ੍ਰੀਤ ਕੌਰ, ਰਵਿੰਦਰ ਕੌਰ , ਬੀਬੀ ਆਸ਼ਾ ਚੁਣੇ ਗਏ।

# ਸਿਹਤ ਵਿਭਾਗ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਜਾਗਰੂਕਤਾ ਅਭਿਆਨ ਚਲਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਡਾ. ਹਿਮਾਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ, ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਵੱਲੋਂ ਸਿਹਤ ਅਧਿਕਾਰੀਆਂ ਨਾਲ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਤਹਿਤ ਪੀ.ਸੀ. ਐਂਡ ਪੀ.ਐਨ.ਡੀ.ਟੀ. ਐਕਟ ਬਾਰੇ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਵਿੱਚ ਸ਼ਹਿਰ ਬਟਾਲਾ, ਕਾਦੀਆਂ ਅਤੇ ਫਤਿਹਗੜ੍ਹ ਚੂੜੀਆਂ ਦੇ ਸਮੂਹ ਰੇਡੀਓਲੋਜਿਸਟ ਅਤੇ ਸੋਨੋਲੋਜਿਸਟ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਵਿਸ਼ੇਸ਼ ਜਾਗਰੂਕਤਾ ਅਭਿਆਨ ਚਲਾਇਆ ਹੈ, ਜਿਸ ਤਹਿਤ ਜਿਥੇ ਲੋਕਾਂ ਨੂੰ ਜਾਗਰੂਕ ਕੀਥਾ ਜਾ ਰਿਹਾ ਹੈ ਓਥੇ ਨਾਲ ਹੀ ਅਲਟਰਾਸਾਊਂਡ ਸਕੈਨਿੰਗ ਸੈਂਟਰਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਸਿਵਲ ਸਰਜਨ ਨੇ ਕਿਹਾ ਕਿ ਪ੍ਰੀ-ਕਨਸੈਪਸ਼ਨ ਅਤੇ ਪ੍ਰੀ ਨੇਟਲ ਡਾਇਗਨੋਸਟਿਕ ਤਕਨੀਕ ਐਕਟ ਦੇ ਅਧੀਨ ਸਰਕਾਰ ਵੱਲੋਂ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਲਈ ਸਖ਼ਤ ਰੋਕ ਲਗਾਈ ਗਈ ਹੈ। ਜੇਕਰ ਕੋਈ ਗੈਰ ਕਾਨੂੰਨੀ ਤੌਰ 'ਤੇ ਅਲਟਰਾ ਸਾਊਂਡ ਕਰਦਾ ਜਾਂ ਕਰਵਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਸੈਂਟਰ ਦੇ ਡਾਕਟਰ ਸਮੇਤ ਲੈਬ ਕਰਮਚਾਰੀ ਅਤੇ ਕਰਵਾਉਣ ਵਾਲੇ ਜੋੜੇ ਨੂੰ ਤਿੰਨ ਤੋਂ ਪੰਜ ਸਾਲ ਦੀ ਸਜ਼ਾ ਦੇ ਨਾਲ 10 ਹਜ਼ਾਰ ਤੱਕ ਦਾ ਜੁਰਮਾਨਾ ਕੀਤਾ ਜਾਵੇਗਾ। ਉਨ੍ਹਾਂ ਸਮੂਹ ਰੇਡਿਓਲੋਜਿਸਟ ਅਤੇ ਸੋਨੋਲੋਜਿਸਟ ਨੂੰ ਹਦਾਇਤ ਕੀਤੀ ਕਿ ਭਰੂਣ ਹੱਤਿਆ ਨੂੰ ਰੋਕਣ ਲਈ ਅਗਰ ਕੋਈ ਇਸ ਤਰਾਂ ਦੇ ਕੇਸ ਦੀ ਜਾਣਕਾਰੀ ਸਿਹਤ ਵਿਭਾਗ ਨੂੰ ਦੇਵੇਗਾ ਤਾਂ ਉਸਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ, ਪਤਾ ਗੁਪਤ ਰੱਖਿਆ ਜਾਵੇਗਾ। ਸਿਹਤ ਵਿਭਾਗ ਗੁਰਦਾਸਪੁਰ ਵੱਲੋਂ ਸਾਰੇ ਅਲਟਰਾ ਸਾਊਂਡ ਸਕੈਨ ਸੈਂਟਰਾਂ ਵਿੱਚ ਆਈ.ਈ.ਸੀ.ਮੀਟਿਰੀਅਲ ਦਿੱਤਾ ਗਿਆ ਹੈ ਤਾਂ ਜੋ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਗੁਰਦਾਸਪੁਰ ਡਾ. ਤੇਜਿੰਦਰ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਬਾਲ ਭਵਨ ਗੁਰਦਾਸਪੁਰ ਅਤੇ ਸਿਵਲ ਹਸਪਤਾਲ ਬਟਾਲਾ ਦੇ ਬਾਹਰ ਪੰਘੂੜੇ ਸਥਾਪਤ ਕੀਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਲੋਕ ਬੱਚਿਆਂ ਨੂੰ ਅਪਣਾਉਣਾ ਨਹੀ ਚਾਹੁੰਦੇ, ਉਹ ਬੱਚੇ ਨੂੰ ਮਾਰਨ ਅਤੇ ਏਧਰ-ਓਧਰ ਨਾ ਸੁੱਟ ਕੇ ਪੰਘੂੜੇ ਵਿੱਚ ਹੀ ਪਾਉਣ। ਉਹਨਾਂ ਦੀ ਕੋਈ ਵੀ ਪੁਛ ਪੜਤਾਲ ਅਤੇ ਕਾਨੂੰਨੀ ਕਾਰਵਾਈ ਨਹੀ ਕੀਤੀ ਜਾਵੇਗੀ ਇਸ ਨੂੰ ਗੁਪਤ ਰੱਖਿਆ ਜਾਵੇਗਾ।

ਬੱਚੇ ਦੀ ਸੁਰੱਖਿਆ ਅਤੇ ਸੰਭਾਲ ਦੀ ਜ਼ੁੰਮਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ 'ਤੇ ਪੀ.ਐਨ.ਡੀ.ਟੀ. ਕੋਆਰਡੀਨੇਟਰ ਸ੍ਰੀ ਹਰਦੇਵ ਸਿੰਘ ਅਤੇ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸ੍ਰੀਮਤੀ ਗੁਰਿੰਦਰ ਕੌਰ ਆਦਿ ਹਾਜ਼ਰ ਸਨ।

# 'ਬਾਬਾ ਸ਼ਹੀਦ ਰੋਡ ਚੋਹਲਾ ਪਲਾਟਾਂ 'ਚੋਂ ਪਾਣੀ ਦਾ ਨਿਕਾਸ ਕੀਤਾ ਜਾਵੇ'



**ਚੋਹਲਾ, (ਨਵਾਂ ਜ਼ਮਾਨਾ ਸਰਵਿਸ)** ਭਾਰਤੀ ਕਮਿਊਨਿਸਟ ਪਾਰਟੀ ਬਲਾਕ ਚੋਹਲਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ, ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਚੋਹਲਾ ਨੇ ਕਿਹਾ ਕਿ ਚੋਹਲਾ ਕਸਬੇ ਦੇ ਬਾਬਾ ਮੁਲਾਇਮ ਸ਼ਾਹ ਯਾਦਗਾਰ ਨੇੜੇ ਪਲਾਟਾਂ ਦੇ ਰਿਹਾਇਸ਼ੀ ਗਰੀਬ ਲੋਕਾਂ ਦੀ ਜਿੰਦਗੀ ਨਰਕ ਬਣੀ ਪਈ ਹੈ ਕਿਉਂਕਿ ਇਸ ਅਬਾਦੀ ਵਿੱਚੋਂ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ। ਮੀਂਹ ਪੈਣ ਤੇ ਗੰਦਾ ਪਾਣੀ ਘਰਾਂ ਵਿੱਚ ਆ ਜਾਂਦਾ ਹੈ। ਬਾਹਰ ਨਿਕਲਣ ਲਈ ਕੋਈ ਰਸਤਾ ਵੀ ਨਹੀਂ ਬਚਦਾ। ਹੁਣ ਇਸ ਸਮੇਂ ਵੀ ਇਹੀ ਹਾਲਾਤ ਹਨ। ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੈ। ਪਿਛਲੇ ਕਈ ਸਾਲਾਂ ਤੋਂ ਜਿੰਦਗੀ ਨਰਕ ਬਣੀ ਹੋਈ ਹੈ। 2017 ਵਿੱਚ ਵੀ ਪੰਚਾਇਤ ਵੱਲੋਂ ਮਤਾ ਪਾਸ ਕਰਕੇ ਬੀ ਡੀ ਪੀ ਓ ਨੂੰ ਦਿੱਤਾ ਸੀ। ਨਵੀਂ ਸਰਕਾਰ ਬਣੀ ਨੂੰ ਵੀ ਦੋ ਸਾਲ ਹੋਣ ਵਾਲੇ ਹਨ। ਪਰ ਇਥੋਂ ਦੇ ਵਸਨੀਕਾਂ ਦੀ ਜਿੰਦਗੀ ਉਸੇਤਰ੍ਹਾਂ ਨਰਕ ਬਣੀ ਪਈ ਹੈ। ਇਸ ਮੌਕੇ ਰੋਸ ਪ੍ਰਦਰਸ਼ਨ ਕਰਦਿਆਂ ਸਥਾਨਕ ਵਸਨੀਕਾਂ ਨੇ ਹੱਕ ਮੰਗਦਿਆਂ ਕਿਹਾ ਸਾਫ ਸੁਥਰੀ ਜਿੰਦਗੀ ਜਿਉਣ ਦਾ ਹੱਕ ਦਿੱਤਾ ਜਾਵੇ। ਮੌਜੂਦਾ ਹਾਕਮ ਤੁਰੰਤ ਧਿਆਨ ਦੇਣ ਨਹੀਂ ਤਾਂ ਇਲਾਕਾ ਨਿਵਾਸੀ ਸੰਘਰਸ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜਗਤਾਰ ਸਿੰਘ, ਕਾਲਾ ਸਿੰਘ, ਕੋਮਲਪ੍ਰੀਤ ਕੌਰ, ਜਸਵਿੰਦਰ ਸਿੰਘ, ਜਸਬੀਰ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।


**ਰੇਲਯਾਤਰੀ : ਕਿਰਪਾ ਧਿਆਨ ਦੇਣ !**

**ਮਹਤਵਪੂਰਨ ਜਾਣਕਾਰੀ**

**ਟ੍ਰੇਨ ਨੰਬਰ ਵਿਚ ਬਦਲਾਅ**

ਸਰਵਸੰਬੰਧਿਤ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਰੇਲਵੇ ਦੁਆਰਾ ਹੇਠਾਂ ਲਿਖਤ ਰੇਲਗੱਡੀਆਂ ਦੀ ਸੰਖਿਆ ਨੂੰ ਬਦਲਣ ਦਾ ਫੈਸਲਾ ਲਿਆ ਗਿਆ ਹੈ। ਇਹ ਰੇਲਗੱਡੀਆਂ ਉਨ੍ਹਾਂ ਦੇ ਸਾਹਮਣੇ ਦਰਸਾਈਆਂ ਗਈਆਂ ਮਿਤੀਆਂ ਤੋਂ ਨਵੀਂ ਰੇਲਗੱਡੀ ਨੰਬਰ ਦੇ ਨਾਲ ਸੰਚਾਲਿਤ ਕੀਤੀ ਜਾਵੇਗੀ:-

| ਮੌਜੂਦਾ | | | ਸੰਸ਼ੋਧਿਤ | | | |
|---|---|---|---|---|---|---|
| ਰੇਲਗੱਡੀ ਨੰ. | ਤੋਂ | ਤਕ | ਰੇਲਗੱਡੀ ਨੰ. | ਤੋਂ | ਤਕ | ਪ੍ਰਭਾਵੀ ਮਿਤੀ |
| 14811 | ਸੀਕਰ | ਦਿੱਲੀ ਸਰਾਏ ਰੋਹਿਲਾ | 14713 | ਸੀਕਰ | ਦਿੱਲੀ ਸਰਾਏ ਰੋਹਿਲਾ | 04.10.2023 |
| 14812 | ਦਿੱਲੀ ਸਰਾਏ ਰੋਹਿਲਾ | ਸੀਕਰ | 14714 | ਦਿੱਲੀ ਸਰਾਏ ਰੋਹਿਲਾ | ਸੀਕਰ | 04.10.2023 |
| 14711 | ਰਿਸ਼ੀਕੇਸ਼ | ਸ੍ਰੀਗੰਗਾਨਗਰ | 14816 | ਰਿਸ਼ੀਕੇਸ਼ | ਸ੍ਰੀਗੰਗਾਨਗਰ | 01.10.2023 |
| 14712 | ਸ੍ਰੀਗੰਗਾਨਗਰ | ਰਿਸ਼ੀਕੇਸ਼ | 14815 | ਸ੍ਰੀਗੰਗਾਨਗਰ | ਰਿਸ਼ੀਕੇਸ਼ | 01.10.2023 |
| 19791 | ਜੈਪੁਰ | ਹਿਸਾਰ | 14734 | ਜੈਪੁਰ | ਹਿਸਾਰ | ਤੁਰੰਤ ਪ੍ਰਭਾਵ ਤੋਂ |
| 14825 | ਹਿਸਾਰ | ਜੈਪੁਰ | 14733 | ਹਿਸਾਰ | ਜੈਪੁਰ | |
| 09603 (79603*) | ਜੈਪੁਰ | ਬਠਿੰਡਾ | 04704 (54704*) | ਜੈਪੁਰ | ਬਠਿੰਡਾ | 01.10.2023 |
| 09604 (79604*) | ਬਠਿੰਡਾ | ਜੈਪੁਰ | 04703 (54703*) | ਬਠਿੰਡਾ | ਜੈਪੁਰ | 01.10.2023 |
| 01625 (54765*) | ਧੂਰੀ | ਬਠਿੰਡਾ | 04765 (54765*) | ਧੂਰੀ | ਬਠਿੰਡਾ | 01.10.2023 |
| 01626 (54766*) | ਬਠਿੰਡਾ | ਧੂਰੀ | 04766 (54766*) | ਬਠਿੰਡਾ | ਧੂਰੀ | 01.10.2023 |
| 04643 (54785*) | ਫਿਰੋਜ਼ਪੁਰ ਕੈਂਟ | ਫਾਜਿਲਕਾ | 04785 (54785*) | ਫਿਰੋਜ਼ਪੁਰ ਕੈਂਟ | ਫਾਜਿਲਕਾ | 01.10.2023 |
| 04644 (54786*) | ਫਾਜਿਲਕਾ | ਫਿਰੋਜ਼ਪੁਰ ਕੈਂਟ | 04786 (54786*) | ਫਾਜਿਲਕਾ | ਫਿਰੋਜ਼ਪੁਰ ਕੈਂਟ | 01.10.2023 |

ਕਿਸੇ ਵੀ ਜਾਣਕਾਰੀ ਦੇ ਲਈ ਰੇਲਯਾਤਰੀ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਯਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

2931/23

ਰੇਲਮਦਦ ਹੈਲਪਲਾਈਨ ਨੰ. 139 | ਰੇਲਮਦਦ ਵੈਬਸਾਈਟ ਦੇਖੋ :- www.railmadad.indianrailways.gov.in | ਰੇਲਮਦਦ ਐਪ ਡਾਊਨਲੋਡ ਕਰੋ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

'ਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**

ਸਦਾ ਤੁਹਾਡੀ ਸੇਵਾ ਵਿਚ

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ

ਸ਼ੁੱਕਰਵਾਰ, 22 ਸਤੰਬਰ 2023

# ਕੈਨੇਡਾ ਤੇ ਭਾਰਤ ਦਾ ਮਾਮਲਾ

ਇਸ ਸਮੇਂ ਕੈਨੇਡਾ ਤੇ ਭਾਰਤ ਦੇ ਸੰਬੰਧ ਨਾਜ਼ੁਕ ਦੌਰ ਵਿੱਚ ਦਾਖ਼ਲ ਹੋ ਚੁੱਕੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਸਤੰਬਰ ਨੂੰ ਆਪਣੀ ਸੰਸਦ ਵਿੱਚ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਲਈ ਭਾਰਤ ਦੀਆਂ ਸਰਕਾਰੀ ਏਜੰਸੀਆਂ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ। ਯਾਦ ਰਹੇ ਕਿ ਹਰਦੀਪ ਸਿੰਘ ਨਿੱਝਰ ਨੂੰ ਬੀਤੀ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੀ ਪਾਰਕਿੰਗ ਵਿੱਚ ਕਾਰ ਅੰਦਰ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਭਾਰਤ 'ਤੇ ਕੈਨੇਡਾ ਦੇ ਇੱਕ ਨਾਗਰਿਕ ਦੀ ਹੱਤਿਆ ਦਾ ਦੋਸ਼ ਲਾ ਕੇ ਅਤੇ ਉਸ ਨੂੰ ਜਨਤਕ ਕਰਕੇ ਭਾਰਤ ਦੀ ਛਵੀ ਨੂੰ ਗੰਭੀਰ ਸੱਟ ਮਾਰੀ ਹੈ। ਉਸ ਨੇ ਇਹ ਦੋਸ਼ ਹੀ ਨਹੀਂ ਲਾਇਆ, ਸਗੋਂ ਭਾਰਤ ਦੇ ਇੱਕ ਡਿਪਲੋਮੇਟ ਨੂੰ ਦੇਸ਼ ਵਿੱਚੋਂ ਵੀ ਕੱਢ ਦਿੱਤਾ ਹੈ। ਇਸ 'ਤੇ ਭਾਰਤ ਦੀ ਸਖ਼ਤ ਪ੍ਰਤੀਕ੍ਰਿਆ ਸੁਭਾਵਕ ਸੀ। ਭਾਰਤ ਨੇ ਕੈਨੇਡਾ ਦੇ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਕਿ ਅਜਿਹੇ ਬਿਆਨ ਕੈਨੇਡਾ ਵਿੱਚ ਖਾਲਿਸਤਾਨੀ ਅੱਤਵਾਦੀਆਂ ਦੀਆਂ ਕਾਰਵਾਈਆਂ ਵੱਲੋਂ ਧਿਆਨ ਹਟਾਉਣ ਦੀ ਕੋਸ਼ਿਸ਼ ਹੈ, ਜਿਨ੍ਹਾਂ ਨੂੰ ਉਥੇ ਸ਼ਰਨ ਦਿੱਤੀ ਗਈ ਹੈ। ਇਹ ਲੋਕ ਭਾਰਤ ਦੀ ਖੁਦਮੁਖਤਿਆਰੀ ਤੇ ਖੇਤਰੀ ਅਖੰਡਤਾ ਲਈ ਖ਼ਤਰਾ ਹਨ। ਇਸ ਦੇ ਨਾਲ ਹੀ ਜਵਾਬੀ ਕਾਰਵਾਈ ਵਜੋਂ ਕੈਨੇਡਾ ਦੇ ਇੱਕ ਡਿਪਲੋਮੇਟ ਨੂੰ ਵੀ ਦੇਸ਼ ਛੱਡਣ ਦਾ ਆਦੇਸ਼ ਦੇ ਦਿੱਤਾ ਗਿਆ ਸੀ। ਦੋਵਾਂ ਦੇਸ਼ਾਂ ਨੇ ਆਪਣੇ ਨਾਗਰਿਕਾਂ ਲਈ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਹਨ। ਇਸੇ ਦੌਰਾਨ 'ਬੁੱਕ ਮਾਈ ਸ਼ੋਅ' ਸੰਸਥਾ ਵੱਲੋਂ ਕੈਨੇਡਾ ਦੇ ਪੰਜਾਬੀ ਗਾਇਕ ਸ਼ੁਭਨੀਤ ਸਿੰਘ ਉਰਫ਼ ਸ਼ੁਭ ਦੇ 23 ਸਤੰਬਰ ਤੋਂ ਭਾਰਤ ਵਿੱਚ ਹੋਣ ਵਾਲੇ ਸਾਰੇ ਪ੍ਰੋਗਰਾਮਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਸਥਿਤੀ ਦੀ ਗੰਭੀਰਤਾ ਦਾ ਪਤਾ ਲਗਦਾ ਹੈ।

ਆਪਣੇ ਸੰਸਦ ਵਿੱਚ ਦਿੱਤੇ ਭਾਸ਼ਣ ਤੋਂ ਅਗਲੇ ਦਿਨ ਹੀ ਟਰੂਡੋ ਨੇ ਬਿਆਨ ਦਿੱਤਾ ਕਿ ਉਹ ਭਾਰਤ ਨਾਲ ਤਣਾਅ ਨੂੰ ਵਧਾ ਨਹੀਂ ਰਹੇ, ਸਗੋਂ ਭਾਰਤ ਨੂੰ ਇਹ ਕਹਿ ਰਹੇ ਹਨ ਕਿ ਉਹ ਸਚਾਈ ਤੱਕ ਪੁੱਜਣ ਲਈ ਜਾਂਚ ਵਿੱਚ ਸਹਿਯੋਗ ਕਰੇ। ਇਸ ਤੋਂ ਸਾਫ਼ ਹੈ ਕਿ ਹਾਲੇ ਜਾਂਚ ਕਿਸੇ ਸਿੱਟੇ ਉੱਤੇ ਨਹੀਂ ਪਹੁੰਚੀ। ਇਸ ਦੇ ਬਾਵਜੂਦ ਕੈਨੇਡਾ ਨੇ ਕਿਹਾ ਹੈ ਕਿ ਉਸ ਨੇ ਉਸ ਦੀਆਂ ਸੁਰੱਖਿਆ ਏਜੰਸੀਆਂ ਨੂੰ ਨਿੱਝਰ ਦੀ ਹੱਤਿਆ ਬਾਰੇ ਮਿਲੇ ਸਬੂਤਾਂ ਨੂੰ 'ਫਾਈਵ ਆਈਜ਼' ਗਰੁੱਪ ਨਾਲ ਸਾਂਝਾ ਕੀਤਾ ਹੈ। ਇਹ ਫਾਈਵ ਆਈਜ਼ ਦੇਸ਼ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਕੈਨੇਡਾ ਹਨ। ਇਹ ਸਾਰੇ ਦੇਸ਼ ਗੁਲਾਮਦਾਰੀ ਦੌਰ ਵਿੱਚ ਬਰਤਾਨੀਆ ਨੇ ਕਬਜ਼ਾ ਕਰਕੇ ਵਸਾਏ ਸਨ। ਇਸ ਲਈ ਇੱਥੋਂ ਦੇ ਸੱਤਾਧਾਰੀ ਬਸ਼ਿੰਦੇ ਇੱਕੋ ਨਸਲ ਦੇ ਹਨ। ਇਨ੍ਹਾਂ ਪੰਜਾਂ ਦੇਸ਼ਾਂ ਨੇ ਫਾਈਵ ਆਈਜ਼ ਸੰਗਠਨ ਇੱਕ-ਦੂਜੇ ਨਾਲ ਖ਼ੁਫ਼ੀਆ ਸੂਚਨਾਵਾਂ ਸਾਂਝੀਆਂ ਕਰਨ ਲਈ ਬਣਾਇਆ ਹੋਇਆ ਹੈ।

ਇਹ ਪੰਜੇ ਦੇਸ਼ ਉਹ ਹਨ, ਜਿੱਥੇ ਵੱਡੀ ਗਿਣਤੀ ਵਿੱਚ ਭਾਰਤੀ ਤੇ ਖਾਸ ਕਰ ਪੰਜਾਬੀ ਵਸੇ ਹੋਏ ਹਨ। ਵਿਗੜ ਰਹੇ ਹਾਲਤਾਂ ਤੋਂ ਇਨ੍ਹਾਂ ਪ੍ਰਵਾਸੀ ਭਾਰਤੀਆਂ ਦੇ ਪਰਵਾਰਾਂ ਵਿੱਚ ਗਹਿਰੀ ਚਿੰਤਾ ਹੈ। ਚਾਹੀਦਾ ਤਾਂ ਇਹ ਸੀ ਕਿ ਜਿਸ ਤਰ੍ਹਾਂ ਕੈਨੇਡਾ ਨੇ 'ਪੰਜ ਆਈਜ਼' ਦੇਸ਼ਾਂ ਨਾਲ ਸਬੂਤਾਂ ਨੂੰ ਸਾਂਝਾ ਕੀਤਾ ਸੀ, ਉਸੇ ਤਰ੍ਹਾਂ ਭਾਰਤ ਨਾਲ ਵੀ ਡਿਪਲੋਮੈਟਿਕ ਤਰੀਕੇ ਨਾਲ ਇਹ ਮਸਲਾ ਸੁਲਝਾਉਂਦਾ, ਪਰ ਉਸ ਨੇ ਜਿਸ ਤਰ੍ਹਾਂ ਖਲਾਰਾ ਪਾਇਆ ਹੈ, ਉਸ ਤੋਂ ਤਾਂ ਏਦਾਂ ਲਗਦਾ ਹੈ ਕਿ ਜਿਸ ਤਰ੍ਹਾਂ ਭਾਰਤ ਨੂੰ ਬਦਨਾਮ ਕਰਨ ਲਈ ਜਾਣਬੁ➢ਝ ਕੇ ਅਜਿਹਾ ਕੀਤਾ ਗਿਆ ਹੋਵੇ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਜੀ-20 ਦਿੱਲੀ ਸੰਮੇਲਨ ਵਿੱਚ ਆਉਣ ਤੋਂ ਪਹਿਲਾਂ ਹੀ 2 ਸਤੰਬਰ ਨੂੰ ਭਾਰਤ ਨਾਲ ਵਪਾਰਕ ਗੱਲਬਾਤ ਨੂੰ ਰੋਕ ਦਿੱਤਾ ਗਿਆ ਸੀ। 14 ਸਤੰਬਰ ਨੂੰ ਭਾਰਤ ਦੇ ਵਪਾਰ ਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਕੁਝ ਮੁੱਦਿਆਂ 'ਤੇ ਅਸਹਿਮਤੀ ਕਾਰਨ ਕੈਨੇਡਾ ਨਾਲ ਚੱਲ ਰਹੀ ਵਾਰਤਾ ਰੁਕੀ ਹੋਈ ਹੈ। ਅਗਲੇ ਦਿਨ ਕੈਨੇਡਾ ਦੇ ਵਪਾਰ ਮੰਤਰੀ ਮੈਰੀ ਨੇ ਇਹ ਬਿਆਨ ਦੇ ਦਿੱਤਾ ਕਿ ਭਾਰਤ ਨਾਲ ਵਪਾਰ ਮਿਸ਼ਨ ਨੂੰ ਰੋਕ ਦਿੱਤਾ ਗਿਆ ਹੈ।

ਭਾਰਤ ਲਈ ਮੁਸ਼ਕਲ ਵਾਲੀ ਗੱਲ ਇਹ ਹੈ ਕਿ 'ਪੰਜ ਆਈਜ਼' ਦੇ ਬਾਕੀ ਦੇਸ਼ਾਂ ਦੀ ਪ੍ਰਤੀਕਿਰਿਆ ਵੀ ਕੈਨੇਡਾ ਦੇ ਦੋਸ਼ਾਂ ਨੂੰ ਸਹੀ ਠਹਿਰਾਉਣ ਵਾਲੀ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਵਾਟਸਨ ਨੇ ਕਿਹਾ, "ਅਸੀਂ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਲਾਏ ਦੋਸ਼ਾਂ ਤੋਂ ਬਹੁਤ ਚਿੰਤਤ ਹਾਂ। ਅਸੀਂ ਉਸ ਨਾਲ ਲਗਾਤਾਰ ਸੰਪਰਕ ਵਿੱਚ ਹਾਂ ਤੇ ਚਾਹੁੰਦੇ ਹਾਂ ਕਿ ਜਾਂਚ ਅੱਗੇ ਵਧੇ ਤੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਲਿਆਂਦਾ ਜਾਵੇ।" ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਦੇ ਬੁਲਾਰੇ ਨੇ ਵੀ ਅਜਿਹਾ ਹੀ ਬਿਆਨ ਦਿੰਦਿਆਂ ਕਿਹਾ ਹੈ, "ਸਾਡੀ ਸਮਝ ਹੈ ਕਿ ਸਭ ਦੇਸ਼ਾਂ ਨੂੰ ਖੁਦਮੁਖਤਿਆਰੀ ਤੇ ਕਾਨੂੰਨ ਦੇ ਰਾਜ ਦਾ ਸਨਮਾਨ ਕਰਨਾ ਚਾਹੀਦਾ ਹੈ। ਭਾਰਤ ਨੂੰ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।"

ਇਹ ਠੀਕ ਹੈ ਕਿ ਅਮਰੀਕਾ, ਬਰਤਾਨੀਆ ਤੇ ਆਸਟ੍ਰੇਲੀਆ ਭਾਰਤ ਨਾਲ ਟਕਰਾਅ ਨਹੀਂ ਚਾਹੁੰਣਗੇ। ਉਨ੍ਹਾਂ ਲਈ ਚੀਨ ਨੂੰ ਘੇਰਨ ਵਾਸਤੇ ਭਾਰਤ ਦੀ ਸਖ਼ਤ ਲੋੜ ਹੈ। ਇਸ ਲਈ ਇਹ ਦੇਸ਼ ਦੋਵੇਂ ਪਾਸਿਆਂ ਨੂੰ ਨਰਮ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਇਸ ਮੁੱਦੇ ਨੂੰ ਵਿਦੇਸ਼ਾਂ ਵਿੱਚ ਬੈਠੇ ਆਮ ਪ੍ਰਵਾਸੀਆਂ ਨੇ ਵੀ ਗੰਭੀਰਤਾ ਨਾਲ ਲਿਆ ਹੈ। ਸਿੱਖਾਂ ਦਾ ਇੱਕ ਤਬਕਾ ਕੈਨੇਡਾ ਵੱਲੋਂ ਲਾਏ ਦੋਸ਼ਾਂ ਨੂੰ ਸਹੀ ਮੰਨ ਰਿਹਾ ਹੈ। ਭਾਰਤੀ ਹਾਕਮਾਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਅੰਦਰ ਵੀ ਲੋਕਤੰਤਰ ਤੇ ਕਾਨੂੰਨ ਦੇ ਰਾਜ ਸੰਬੰਧੀ ਅੱਜ ਗੰਭੀਰ ਦੋਸ਼ ਲੱਗ ਰਹੇ ਹਨ। ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਤੇ ਪੁਲਸ ਮੁਕਾਬਲਿਆਂ ਨੇ ਕੌਮਾਂਤਰੀ ਪੱਧਰ ਉੱਤੇ ਸਾਡੇ ਦੇਸ਼ ਦੀ ਛਵੀ ਨੂੰ ਧੁੰਦਲਾ ਕੀਤਾ ਹੋਇਆ ਹੈ। ਹੁਣ ਜਦੋਂ ਵਿਦੇਸ਼ਾਂ ਵਿੱਚ ਵੀ ਅਜਿਹੇ ਦੋਸ਼ ਲਗਦੇ ਹਨ ਤਾਂ ਇਹ ਦੇਸ਼ ਦੀ ਕੌਮਾਂਤਰੀ ਹੈਸੀਅਤ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।

-ਚੰਦ ਫਤਿਹਪੁਰੀ

# ਸੁਪਰੀਮ ਕੋਰਟ ਦੇ ਨਿਆਂ ਮਿੱਤਰ ਵੱਲੋਂ ਅਪਰਾਧੀ ਨੇਤਾਵਾਂ ਬਾਰੇ ਤਰਕ



ਜਸਬੀਰ ਸਿੰਘ ਪੱਟੀ

ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਸੰਸਦ ਤੇ ਵਿਧਾਇਕਾਂ ਦੇ ਮਾਮਲੇ ਵਿੱਚ ਦੇਸ਼ ਦੀ ਸੁਪਰੀਮ ਕੋਰਟ ਦੁਆਰਾ ਨਿਯੁਕਤ ਕੀਤੇ ਗਏ ਨਿਆਂ ਮਿੱਤਰ ਤੇ ਪ੍ਰਸਿੱਧ ਵਕੀਲ ਵਿਜੇ ਹੰਸਰੀਆਂ ਨੇ ਨਿਆਂ ਪਾਲਿਕਾ ਨੂੰ ਦਿੱਤੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਅਪਰਾਧਿਕ ਮਾਮਲਿਆਂ ਵਿੱਚ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਵਾਲੇ ਨੇਤਾਵਾਂ ਦੇ ਚੋਣਾਂ ਲੜਨ 'ਤੇ ਉਮਰ ਭਰ ਲਈ ਰੋਕ ਲੱਗਣੀ ਚਾਹੀਦੀ ਹੈ। ਅੱਜ ਦੀ ਤਰੀਕ ਅਨੁਸਾਰ ਸਜ਼ਾ ਦਾ ਸਮਾਂ ਸਿਰਫ ਛੇ ਸਾਲ ਦਾ ਹੈ ਕਿ ਜਿਸ ਵੀ ਨੇਤਾ ਨੂੰ ਸਜ਼ਾ ਹੋ ਜਾਂਦੀ ਹੈ, ਉਹ ਸਿਰਫ ਸਜ਼ਾ ਪੂਰੀ ਹੋਣ ਉਪਰੰਤ ਛੇ ਸਾਲ ਬਾਅਦ ਚੋਣ ਲੜ ਸਕਦਾ ਹੈ। ਇਸ ਲਈ ਚੋਣ ਲੜਨ ਦੀ ਆਯੋਗਤਾ ਦਾ ਸਮਾਂ ਕੇਵਲ ਛੇ ਸਾਲਾਂ ਤੱਕ ਹੀ ਸੀਮਤ ਕਰਨਾ "ਸਮਾਨਤਾ" ਦੇ ਅਧਿਕਾਰ ਦੇ ਉਲਟ ਤੇ ਮਰਿਆਦਾ ਦਾ ਹਨਨ ਕਰਨਾ ਦੇ ਤੁਲ ਹੈ। ਰਿਪੋਰਟ ਦੇ ਮੁਤਾਬਕ ਅਪਰਾਧ ਕਰਨ 'ਤੇ ਜੇਕਰ ਲੋਕਪਾਲ, ਵਿਜੀਲੈਂਸ ਕਮਿਸ਼ਨਰ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਤੇ ਸੈਂਟਰਲ ਵਿਜੀਲੈਂਸ ਦੇ ਕਮਿਸ਼ਨਰ ਤੇ ਵਿਜੀਲੈਂਸ ਦੇ ਕਮਿਸ਼ਨਰ ਨੂੰ ਨੈਤਿਕਤਾ ਦੇ ਆਧਾਰ 'ਤੇ ਅਪਰਾਧ ਨਾਲ ਜੁੜੇ ਹੋਣ ਕਾਰਨ ਸੈਂਟਰਲ ਵਿਜੀਲੈਂਸ ਕਮਿਸ਼ਨ ਐਕਟ 2003 ਅਨੁਸਾਰ ਵਿਧੀ ਵਿਧਾਨ ਹੈ। ਇਸੇ ਤਰ੍ਹਾਂ ਹੀ ਅਪਰਾਧ ਨੂੰ ਲੈ ਕੇ ਲੋਕਆਯੋਗ ਨੂੰ ਆਯੋਗ ਠਹਿਰਾਉਣ ਲਈ ਲੋਕਾਯੁਗਤ ਐਕਟ 2013 ਹੈ। ਇਸੇ ਤਰ੍ਹਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੂੰ ਹਟਾਉਣ ਲਈ ਪ੍ਰੋਟੈਕਸ਼ਨ ਆਫ ਹਿਊਮਨ ਰਾਈਟਸ ਐਕਟ 1993 ਹੈ, ਜਦ ਕਿ ਅਜਿਹੇ ਅਪਰਾਧਾਂ ਵਿੱਚ ਸੰਸਦ ਤੇ ਵਿਧਾਇਕਾਂ ਨੂੰ ਛੋਟ ਦੇਣਾ ਭੇਦਭਾਵ ਹੀ ਨਹੀਂ ਅਨਿਆਇ ਹੈ। ਅਜਿਹੇ ਕੇਸਾਂ ਵਿੱਚ ਸਖਤੀ ਕਰਨੀ ਬਹੁਤ ਜ਼ਰੂਰੀ ਹੈ, ਕਿਉਂਕਿ ਅਪਰਾਧੀ ਲੋਕ ਸੰਸਦ ਵਿੱਚ ਜਾ ਕੇ ਕਨੂੰਨ ਵੀ ਬਦਲ ਸਕਦੇ ਹਨ।

ਨਿਆਂ ਮਿੱਤਰ ਸ੍ਰੀ ਹੰਸਰੀਆ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਾਜਨੇਤਾ ਚੋਣ ਜਿੱਤ ਕੇ ਕਨੂੰਨ ਬਣਾਉਂਦੇ ਹਨ ਤੇ ਮੌਜੂਦਾ ਸਮੇਂ ਸੰਸਦ ਮੈਂਬਰਾਂ ਤੇ ਵਿਧਾਇਕਾਂ 'ਤੇ 5175 ਕੇਸ ਦਰਜ ਹਨ, ਜੋ ਵੱਖ-ਵੱਖ ਅਦਾਲਤਾਂ ਵਿੱਚ ਵਿਚਾਰ ਅਧੀਨ ਪਏ ਹਨ। ਇਹਨਾਂ ਵਿੱਚੋਂ 40 ਫੀਸਦੀ 2116 ਕੇਸ ਪੰਜ ਸਾਲ ਤੋਂ ਜ਼ਿਆਦਾ ਪੁਰਾਣੇ ਹਨ। ਨਿਆਂ ਮਿੱਤਰ ਨੇ ਸੁਪਰੀਮ ਕੋਰਟ ਨੂੰ ਸੌਂਪੀ ਰਿਪੋਰਟ ਮੁਤਾਬਕ ਇਹਨਾਂ ਮਾਮਲਿਆਂ ਵਿੱਚ ਹਰ ਰੋਜ਼ ਸੁਣਵਾਈ ਕਰਨ ਲਈ ਕਾਰਵਾਈ ਹੋਣੀ ਚਾਹੀਦੀ ਹੈ। ਜਿਹਨਾਂ ਜੱਜਾਂ ਕੋਲ ਅਜਿਹੇ ਕੇਸ ਹਨ, ਉਹਨਾਂ ਜੱਜਾਂ ਨੂੰ ਹੋਰ ਕੋਈ ਕੇਸ ਨਾ ਦਿੱਤਾ ਜਾਵੇ। ਸੁਪਰੀਮ ਕੋਰਟ ਦੇਸ਼ ਦੀਆਂ ਵੱਖ-ਵੱਖ ਹਾਈਕੋਰਟਾਂ ਨੂੰ ਨਿਰਦੇਸ਼ ਜਾਰੀ ਕਰੇ ਕਿ ਇਹਨਾਂ ਕੇਸਾਂ ਵਿੱਚ ਹੇਠਲੀਆਂ ਅਦਾਲਤਾਂ ਜਿਹਨਾਂ ਵਿੱਚ ਇਹ ਕੇਸ ਚੱਲਦੇ ਹਨ, ਉਹ ਅਦਾਲਤਾਂ ਕਿਸੇ ਵੀ ਸੂਰਤ ਵਿੱਚ ਇਹਨਾਂ ਕੇਸਾਂ ਨੂੰ ਨਾ ਲਮਕਾਉਣ।

ਗੌਰਤਲਬ ਹੈ ਕਿ ਭਾਰਤੀ ਰਾਜਨੀਤੀ ਇਸ ਸਮੇਂ ਤਿੰਨ ਪ੍ਰਕਾਰ ਦੇ ਅਪਰਾਧਾਂ ਦੀ ਗ੍ਰਿਫਤ ਵਿੱਚ ਹੈ। ਇਸ ਵਿੱਚ ਸਭ ਤੋਂ ਖਤਰਨਾਕ ਹਨ ਸਫੈਦਪੋਸ਼ ਅਪਰਾਧੀ। ਇਹ ਸਫੈਦਪੋਸ਼ ਅਪਰਾਧੀ ਚੋਣ ਲੜਦੇ ਹਨ, ਵਿਧਾਇਕ ਤੇ ਸੰਸਦ ਮੈਂਬਰ ਬਣਦੇ ਹਨ। ਆਪਣੀ ਰਾਜਨੀਤੀ ਨੂੰ ਚਲਾਉਣ ਲਈ ਭ੍ਰਿਸ਼ਟਾਚਾਰ ਕਰਕੇ ਸਰਕਾਰੀ ਖਜ਼ਾਨੇ ਨੂੰ ਹੀ ਨਹੀਂ ਲੁੱਟਦੇ, ਸਗੋਂ ਉੱਤਰ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਮੋਟੀਆਂ ਰਕਮਾਂ ਵਸੂਲਣ ਲਈ ਕਈ ਸਨਅਤਕਾਰਾਂ ਦੇ ਬੱਚਿਆਂ ਨੂੰ ਅਗਵਾ ਕਰਵਾ ਕੇ ਮੋਟੀਆਂ ਫਿਰੌਤੀਆਂ ਵੀ ਲੈਂਦੇ ਹਨ। ਇਸੇ ਤਰ੍ਹਾਂ ਕੁਝ ਉਹ ਰਾਜਨੀਤੀਵਾਨ ਹਨ, ਜਿਹੜੇ ਲੋਕਾਂ ਵਿੱਚ ਲੋਕ ਸੇਵਾ ਦਾ ਕੰਮ ਕਰਦੇ ਹਨ, ਪਰ ਉਹਨਾਂ ਦਾ ਗੋਰਖ ਧੰਦਾ ਕੁਝ ਹੋਰ ਹੀ ਹੁੰਦਾ ਹੈ। ਇਹਨਾਂ ਦੇ ਸਬੰਧ ਅਪਰਾਧ ਜਗਤ ਨਾਲ ਹੁੰਦੇ ਹਨ ਤੇ ਇਹ ਸਭ ਤੋਂ ਵੱਧ ਖਤਰਨਾਕ ਹੁੰਦੇ ਹਨ। ਪੁਲਸ ਤੇ ਪ੍ਰਸ਼ਾਸਨ ਨੂੰ ਵੀ ਇਹਨਾਂ ਲੋਕਾਂ ਦੀ ਜਾਣਕਾਰੀ ਹੁੰਦੀ ਹੈ, ਪਰ ਕੋਈ ਕਾਰਵਾਈ ਨਹੀਂ ਕਰਦਾ ਕਿ ਵੱਡੇ ਲੋਕਾਂ ਦਾ ਇਹਨਾਂ ਨੂੰ ਆਸ਼ੀਰਵਾਦ ਪ੍ਰਾਪਤ ਹੁੰਦਾ ਹੈ। ਤੀਸਰੇ ਉਹ ਲੋਕ ਹੁੰਦੇ ਹਨ, ਜਿਹੜੇ ਸਫੈਦਪੋਸ਼ ਰਾਜਨੀਤੀਵਾਨਾਂ ਨਾਲ ਜੁੜੇ ਹੁੰਦੇ ਹਨ ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਪਣੇ-ਆਪ ਨੂੰ "ਦਾਦੇ" ਭਾਵ ਬਦਮਾਸ਼ ਸਮਝਦੇ ਹਨ। ਇਹਨਾਂ ਕੋਲੋਂ ਲੋਕ ਡਰਦੇ ਵੀ ਹਨ ਤੇ ਗੁੰਡਾਗਰਦੀ ਦੀ ਧੌਂਸ ਰਾਜਨੀਤਕ ਦਬਦਬਾ ਹੇਠ ਰੱਖਦੇ ਹਨ। ਇਸ ਸ਼੍ਰੇਣੀ ਨਾਲ ਹੀ ਸਕੂਲਾਂ-ਕਾਲਜਾਂ ਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ ਕਈ ਅਪਰਾਧੀ ਲੋਕ ਗੁੰਡਾਗਰਦੀ ਕਰਦੇ ਹਨ। ਸਿਆਸਤ ਇਹਨਾਂ ਸੰਸਥਾਵਾਂ ਵਿੱਚੋਂ ਹੀ ਸ਼ੁਰੂ ਕਰਦੇ ਹਨ। ਦੇਸ਼ ਦੀਆਂ ਜ਼ਿਆਦਾਤਰ ਯੂਨੀਵਰਸਿਟੀਆਂ ਗੁੰਡਾਗਰਦੀ ਦੇ ਅੱਡੇ ਹੀ ਨਹੀਂ ਬਣੀਆਂ ਹੋਈਆਂ, ਸਗੋਂ ਅਨੇਕ ਪ੍ਰਕਾਰ ਦੇ ਅਪਰਾਧਾਂ ਦਾ ਅਪਰਾਧ ਸਥਾਨ ਬਣ ਚੁੱਕੀਆਂ ਹਨ। ਵਿਦਿਆਰਥੀ ਜਥੇਬੰਦੀਆਂ ਦੀ ਰਾਜਨੀਤੀ ਅੱਜ ਆਤੰਕ ਦੇ ਬਲਬੂਤੇ ਆਪਣੀ ਚੇਸ਼ਟਾ ਬਣਾਉਣਾ ਆਮ ਜਿਹੀ ਹੀ ਗੱਲ ਬਣ ਗਈ ਹੈ। ਇਹ ਦਾਦਾਨੁਮਾ ਲੋਕ ਸਥਾਨਕ ਨਗਰ ਨਿਗਮਾਂ, ਵੱਖ-ਵੱਖ ਪ੍ਰੀਸ਼ਦਾਂ ਤੇ ਪੰਚਾਇਤਾਂ ਦੀਆਂ ਚੋਣਾਂ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੇ ਹਨ।

ਰਾਜਨੀਤਕ ਅਪਰਾਧੀਕਰਨ ਨੂੰ ਨਕੇਲ ਪਾਉਣ ਲਈ ਨਿਆਂ ਮਿੱਤਰ ਹੰਸਰੀਆ ਦੀ ਰਿਪੋਰਟ 'ਤੇ ਅਸ਼ਵਨੀ ਉਪਾਧਿਆ ਦੀ ਪਟੀਸ਼ਨ ਵਿੱਚ ਦਿੱਤੇ ਸੁਝਾਵਾਂ ਦੇ ਨਾਲ-ਨਾਲ ਜਨ ਸਧਾਰਨ ਨੂੰ ਸਿਖਿਅਤ ਤੇ ਜਾਗਰੂਕ ਕਰਕੇ ਹੀ ਰਾਜਨੀਤਕ ਅਪਰਾਧੀਕਰਨ ਨੂੰ ਰੋਕਿਆ ਜਾ ਸਕਦਾ ਹੈ। ਰਾਜਨੀਤਕ ਦਲਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਅਪਰਾਧੀਆਂ ਨੂੰ ਟਿਕਟਾਂ ਦੇਣ ਤੋਂ ਬਚਣਾ ਚਾਹੀਦਾ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਦੋਂ 2014 ਵਿੱਚ ਪਹਿਲੀ ਵਾਰੀ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਸ ਵੇਲੇ ਉਹਨਾਂ ਨੇ ਕਿਹਾ ਸੀ ਕਿ ਸਿਆਸੀ ਅਪਰਾਧੀਕਰਨ ਰੋਕਣ ਲਈ ਵਿਸ਼ੇਸ਼ ਅਦਾਲਤਾਂ ਬਣਾਈਆਂ ਜਾਣਗੀਆਂ, ਜਿਹੜੀਆਂ ਸਿਰਫ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਖਿਲਾਫ ਦਰਜ ਹੋਏ ਕੇਸਾਂ ਦੀ ਹੀ ਸੁਣਵਾਈ ਕਰਨਗੀਆਂ ਤਾਂ ਕਿ ਜਿਹਨਾਂ ਖਿਲਾਫ ਝੂਠੇ ਮੁਕੱਦਮੇ ਦਰਜ ਕੀਤੇ ਗਏ ਹਨ, ਉਹ ਬਰੀ ਹੋ ਸਕਣ ਤੇ ਦੋਸ਼ੀਆਂ ਨੂੰ ਵਿਧਾਨ ਸਭਾ ਜਾਂ ਸੰਸਦ ਵਿੱਚ ਬੈਠਣ ਦੀ ਬਜਾਏ ਜੇਲ੍ਹ ਯਾਤਰਾ 'ਤੇ ਭੇਜਿਆ ਜਾ ਸਕੇ ਪਰ ਪ੍ਰਧਾਨ ਮੰਤਰੀ ਦੇ ਇਹਨਾਂ ਬਿਆਨਾਂ ਨੂੰ ਨੌਂ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਦੇ ਬਾਵਜੂਦ ਅੱਜ ਤੱਕ ਬੂਰ ਨਹੀਂ ਪਿਆ। ਇਸੇ ਵੇਲੇ ਦੇਸ਼ ਵਿੱਚ ਕੁਲ ਵਿਧਾਇਕ 4001 ਹਨ, ਜਿਹਨਾਂ ਵਿੱਚੋਂ 1777 ਵੱਖ-ਵੱਖ ਕੇਸਾਂ ਵਿੱਚ ਸ਼ਾਮਲ ਹਨ ਤੇ ਅਪਰਾਧੀ ਵਿਧਾਇਕਾਂ ਦੀ ਗਿਣਤੀ 43 ਫੀਸਦੀ ਬਣਦੀ ਹੈ। ਐਸੋਸੀਏਟ ਫਾਰ ਡੈਮੋਕਰੇਟਿਕ ਰੀਫੋਰਮਜ਼ ਦੇ ਮੁਤਾਬਕ ਵਿਧਾਨ ਸਭਾ ਦੇ ਵਿਧਾਇਕਾਂ ਵਿੱਚੋਂ 44 ਫੀਸਦੀ ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਦਿੱਤੀ ਜਾਣਕਾਰੀ ਵਿੱਚ ਦੱਸਿਆ ਕਿ ਉਹਨਾਂ ਖਿਲਾਫ ਅਪਰਾਧਿਕ ਮਾਮਲੇ ਚੱਲਦੇ ਹਨ। 1136 ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨ ਵਿੱਚ ਮੰਨਿਆ ਕਿ ਉਹਨਾ ਖਿਲਾਫ ਕਤਲ, ਇਰਾਦਾ ਕਤਲ, ਅਗਵਾ ਤੇ ਔਰਤਾਂ ਦਾ ਸ਼ੋਸ਼ਣ ਕਰਨ ਦੇ ਕੇਸ ਹਨ। ਇਸੇ ਤਰ੍ਹਾਂ ਦੇਸ਼ ਦੇ 763 ਸੰਸਦ ਮੈਂਬਰਾਂ ਵਿੱਚੋਂ 306 ਸੰਸਦ ਮੈਂਬਰ 40 ਫੀਸਦੀ ਸੀਰੀਅਸ ਕੇਸਾਂ ਵਿੱਚ ਸ਼ਾਮਲ ਹਨ। 194 ਸੰਸਦ ਮੈਂਬਰ ਤਾਂ ਕਤਲ, ਇਰਾਦਾ ਕਤਲ, ਅਗਵਾ ਤੇ ਔਰਤਾਂ ਦਾ ਸ਼ੋਸ਼ਣ ਕਰਨ ਵਿੱਚ ਸ਼ਾਮਲ ਹਨ।

ਸਿਆਸੀ ਪੰਡਤਾਂ ਅਨੁਸਾਰ ਪ੍ਰਧਾਨ ਮੰਤਰੀ ਦੇਸ਼ ਦੇ ਗੁਰਚਰਨ ਸਿੰਘ ਟੌਹੜਾ ਹਨ, ਜਿਹੜੇ ਆਪ ਤਾਂ ਇਮਾਨਦਾਰ ਹਨ, ਪਰ ਉਹਨਾਂ ਦੀ ਟੀਮ ਵਿੱਚ ਕਈ ਅਜਿਹੇ ਛੁਪੇ ਰੁਸਤਮ ਹਨ, ਜਿਹੜੇ ਭ੍ਰਿਸ਼ਟਾਤੰਤਰ ਦੀ ਮਦਦ ਹੀ ਨਹੀਂ ਕਰਦੇ, ਸਗੋਂ ਭ੍ਰਿਸ਼ਟਾਚਾਰ ਕਰਨ ਵਿੱਚ ਵੀ ਮੋਢੀ ਹਨ। ਵੈਸੇ ਵੀ ਭਾਜਪਾ ਕੋਲ ਇੱਕ ਅਜਿਹੀ ਵਾਸ਼ਿੰਗ ਮਸ਼ੀਨ ਹੈ, ਜਿਹੜੀ ਵੱਡੇ-ਵੱਡੇ ਭ੍ਰਿਸ਼ਟਾਚਾਰੀਆਂ ਨੂੰ ਦੁੱਧ ਧੋਤਾ ਕਰ ਦਿੰਦੀ ਹੈ ਤੇ ਫਿਰ ਪ੍ਰਧਾਨ ਮੰਤਰੀ ਸਾਹਿਬ ਇਹ ਜ਼ਰੂਰ ਸਮਝਦੇ ਹੋਣਗੇ ਕਿ ਵਿਸ਼ੇਸ਼ ਅਦਾਲਤਾਂ ਬਣਾਉਣ ਦੀ ਕੀ ਜ਼ਰੂਰਤ ਹੈ ਵਾਸ਼ਿੰਗ ਮਸ਼ੀਨ ਆਪਣਾ ਕੰਮ ਕਰੀ ਜਾ ਰਹੀ ਹੈ। ਪ੍ਰਧਾਨ ਮੰਤਰੀ ਜੀ ਨੇ ਜਿਹੜੇ ਸਬਜ਼ ਦੇਸ਼ ਦੇ ਲੋਕਾਂ ਨੂੰ ਦਿਖਾਏ ਸਨ, ਉਹ ਉਸੇ ਤਰ੍ਹਾਂ ਗਾਇਬ ਹੋ ਗਏ ਹਨ, ਜਿਸ ਤਰ੍ਹਾਂ ਗਧੇ ਦੇ ਸਿਰ ਤੋਂ ਸਿੰਙ ਗਾਇਬ ਹੋ ਜਾਂਦੇ ਹਨ।

# ਸੰਪਰਕ : 93560-24684

# ਗਰੀਬੀ ਅਤੇ ਸਿਦਕ : ਇੱਕ ਪ੍ਰੇਰਕ ਪ੍ਰਸੰਗ



ਜਗਦੇਵ ਸ਼ਰਮਾ

ਇੱਕ ਮੁੰਡਾ ਹੁੰਦਾ ਸੀ । ਅੱਤ ਦਰਜੇ ਦੇ ਗਰੀਬ ਪਰਵਾਰ ਵਿੱਚ ਜਨਮੇ ਉਸ ਮੁੰਡੇ ਵਿੱਚ ਮਿਹਨਤ ਕਰਨ ਦਾ ਜਜ਼ਬਾ ਅਤੇ ਪ੍ਰਤਿਭਾ ਕੁੱਟ-ਕੁੱਟ ਕੇ ਭਰੀ ਹੋਈ ਸੀ । ਉਸ ਦੇ ਮਾਤਾ-ਪਿਤਾ ਬੇਸ਼ੱਕ ਅਨਪੜ੍ਹ ਸਨ, ਪ੍ਰੰਤੂ ਉਹਨਾ ਨੂੰ ਪੜ੍ਹਾਈ ਦੀ ਕੀਮਤ ਦਾ ਪਤਾ ਸੀ । ਪਹਿਲੀ ਪੱਕੀ ਵਿੱਚੋਂ ਉਹ ਆਪਣੀ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਆਇਆ । ਜਦੋਂ ਸਕੂਲ ਦੇ ਮੁੱਖ ਅਧਿਆਪਕ ਨੇ ਬੋਲਿਆ ਕਿ ਪਹਿਲੀ ਪੱਕੀ ਵਿੱਚੋਂ ਆਹ ਬੱਚਾ ਫਸਟ ਆਇਆ ਹੈ, ਉਸ ਤੋਂ ਚਾਅ ਨਹੀਂ ਸੀ ਸਾਂਭਿਆ ਜਾ ਰਿਹਾ । ਫਿਰ ਤਾਂ ਚੱਲ ਸੋ ਚੱਲ । ਦੂਜੀ ਵਿੱਚੋਂ ਵੀ ਫਸਟ, ਤੀਜੀ, ਚੌਥੀ, ਪੰਜਵੀਂ ਵਿੱਚੋਂ ਵੀ ਕਲਾਸ ਵਿੱਚੋਂ ਉਸ ਦਾ ਪਹਿਲਾ ਨੰਬਰ ਆਇਆ ।

ਉਸ ਦੇ ਪਿੰਡ ਵਿੱਚ ਪ੍ਰਾਇਮਰੀ ਤੱਕ ਦਾ ਸਕੂਲ ਹੀ ਸੀ । ਇਸ ਲਈ ਅੱਗੇ ਪੜ੍ਹਾਈ ਵਾਸਤੇ ਉਸ ਨੂੰ ਲਾਗਲੇ ਪਿੰਡ ਦੇ ਮਿਡਲ ਸਕੂਲ ਵਿੱਚ ਦਾਖਲਾ ਲੈਣਾ ਪਿਆ ਸੀ । ਮਿਡਲ ਸਕੂਲ ਵਿੱਚ ਕੋਈ ਛੇ ਪਿੰਡਾਂ ਤੋਂ ਬੱਚੇ ਪੜ੍ਹਨ ਆਉਂਦੇ ਸਨ । ਘਰੋਂ ਤਿੰਨ ਕਿਲੋਮੀਟਰ ਦੂਰ ਸਕੂਲ ਉਹ ਪੈਦਲ ਹੀ ਆਉਂਦਾ-ਜਾਂਦਾ ਸੀ । ਹਾੜ੍ਹ ਹੋਵੇ ਜਾਂ ਸਿਆਲ, ਉਹ ਨੰਗੇ ਪੈਰੀਂ ਹੀ ਹੁੰਦਾ ਸੀ । ਗਰਮੀਆਂ ਦੇ ਦਿਨੀਂ ਕੱਚੇ ਪਹੇ 'ਤੇ ਜਿੱਥੇ ਘਾਹ ਹੁੰਦਾ, ਉੱਥੇ ਉਹ ਹੌਲੀ ਤੁਰਦੇ ਅਤੇ ਜਿੱਥੇ ਕੱਕਾ ਰੇਤਾ ਹੁੰਦਾ, ਉਥੋਂ ਉਹ ਭੱਜ ਕੇ ਪਾਰ ਕਰਦੇ । ਉਸ ਕੋਲ ਕਿਤਾਬਾਂ ਵੀ ਪੂਰੀਆਂ ਨਾ ਹੁੰਦੀਆਂ । ਐਨੀਆਂ ਦੁਸ਼ਵਾਰੀਆਂ ਦੇ ਬਾਵਜੂਦ ਉਹ ਛੇਵੀਂ ਵਿੱਚੋਂ ਵੀ ਫਸਟ, ਸੱਤਵੀਂ ਅਤੇ ਅੱਠਵੀਂ ਵਿੱਚੋਂ ਵੀ ਫਸਟ ਆਇਆ। ਹੁਣ ਅੱਗੇ ਪੜ੍ਹਾਈ ਲਈ ਪਿੰਡੋਂ ਕੋਈ ਸੱਤ ਕਿਲੋਮੀਟਰ ਦੂਰ ਹਾਈ ਸਕੂਲ ਵਿੱਚ ਦਾਖਲਾ ਲੈਣਾ ਪਿਆ । ਮਾਪਿਆਂ ਨੇ ਇੱਕ ਸਕੜਾਨੁਮਾ ਸਾਈਕਲ ਲੈ ਕੇ ਦੇ ਦਿੱਤਾ। ਸਾਈਕਲ ਕੀ ਸੀ, ਅਜਾਇਬ ਘਰ ਵਿੱਚ ਸਜਾ ਕੇ ਰੱਖਣ ਵਾਲੀ ਇੱਕ ਵਸਤੂ । ਇੱਕ ਫਰੇਮ ਹੈਂਡਲ ਸਮੇਤ ਦੋ ਪਹੀਏ, ਕਿੱਲੀਨੁਮਾ ਪੈਡਲ ਅਤੇ ਇੱਕ ਚੈਨ । ਉਸ ਦੇ ਮਾਤਾ ਜੀ ਨੇ ਪੁਰਾਣਾ ਲੋਗੜ ਪਾ ਕੇ ਵਧੀਆ ਮਜ਼ਬੂਤ ਕਾਠੀ ਮੜ੍ਹ ਦਿੱਤੀ ਸੀ । ਸਾਈਕਲ ਵਿੱਚ ਜੇਕਰ ਕੁਝ ਦਰਸ਼ਨੀ ਸੀ ਉਹ ਸੀ ਸਿਰਫ ਤੇ ਸਿਰਫ ਕਾਠੀ । ਸਾਈਕਲ ਉਸ ਨੂੰ ਘੱਟ ਚੱਕਦਾ, ਬਹੁਤੀ ਵਾਰ ਉਹ ਹੀ ਸਾਈਕਲ ਨੂੰ ਮੋਢੇ ਲਾ ਕੇ ਲਿਆਉਂਦਾ ਹੁੰਦਾ ਸੀ। ਘੋਰ ਗਰੀਬੀ ਦਾ ਅਤੇ ਉਸ ਦਾ ਪੂਰਾ ਮੁਕਾਬਲਾ ਚੱਲ ਰਿਹਾ ਸੀ । ਹਾਈ ਸਕੂਲ ਵਿੱਚ ਕੋਈ 25-30 ਪਿੰਡਾਂ ਦੇ ਬੱਚੇ ਪੜ੍ਹਨ ਆਉਂਦੇ ਸਨ, ਪ੍ਰੰਤੂ ਉਸ ਸੇਰ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਸੀ। ਉਹ ਨੌਵੀਂ ਵਿੱਚੋਂ ਵੀ ਫਸਟ ਆਇਆ ਅਤੇ ਦਸਵੀਂ ਵਿੱਚੋਂ ਫਸਟ ਆ ਕੇ ਪੰਜਾਬ ਦੀ ਮੈਰਿਟ ਵਿੱਚ ਵੀ ਸਥਾਨ ਬਣਾਇਆ । ਹੁਣ ਵਾਰੀ ਸੀ ਕਾਲਜ ਦੀ । ਜ਼ਿਲ੍ਹੇ ਦਾ ਇੱਕੋ-ਇੱਕ ਕਾਲਜ। ਉਹ ਪ੍ਰੈੱਪ ਵਿੱਚੋਂ ਵੀ ਫਸਟ ਆਇਆ ਅਤੇ ਬੀ ਐੱਸ ਸੀ ਪਾਰਟ ਵਨ ਵਿੱਚੋਂ , ਕਾਲਜ ਵਿੱਚੋਂ ਹੀ ਫਸਟ ਨਹੀਂ ਆਇਆ , ਯੂਨੀਵਰਸਿਟੀ ਵਿੱਚੋਂ ਵੀ ਚੌਥੀ ਪੁਜ਼ੀਸ਼ਨ ਪ੍ਰਾਪਤ ਕੀਤੀ । ਐਥੇ ਆ ਕੇ ਗਰੀਬੀ ਉਸ ਦੇ ਹੌਸਲੇ ਉੱਤੇ ਭਾਰੂ ਪੈ ਗਈ ਸੀ। ਚਾਹੁੰਦਿਆਂ ਹੋਇਆਂ ਵੀ ਉਹ ਬੀ ਐੱਸ ਸੀ ਕੰਪਲੀਟ ਨਾ ਕਰ ਸਕਿਆ ਪ੍ਰੰਤੂ ਉਸ ਨੇ ਲਗਾਤਾਰ 12 ਸਾਲ ਆਪਣੀ ਕਲਾਸ ਵਿੱਚੋਂ ਪਹਿਲਾ ਨੰਬਰ ਪ੍ਰਾਪਤ ਕਰਨ ਦਾ ਰਿਕਾਰਡ ਬਣਾਇਆ ।

ਹਾਲੇ ਉਸ ਨੇ ਹੋਰ ਨਵੇਂ ਖੇਤਰਾਂ ਵਿੱਚ ਮੱਲਾਂ ਮਾਰਨੀਆਂ ਸਨ । ਉਸ ਨੂੰ ਡਾਕਖਾਨੇ ਵਿੱਚ ਕਲਰਕ ਦੀ ਨੌਕਰੀ ਮਿਲ ਗਈ । ਟਰੇਨਿੰਗ ਲਈ ਏਸ਼ੀਆ ਦੇ ਸਭ ਤੋਂ ਵੱਡੇ ਟਰੇਨਿੰਗ ਸੈਂਟਰ ਸਹਾਰਨਪੁਰ ਚਲਾ ਗਿਆ। ਉਥੇ ਵੀ ਉਸ ਨੇ ਸਾਢੇ ਤਿੰਨ ਸੌ ਦੇ ਬੈਚ ਵਿੱਚੋਂ ਥਿਊਰੀ ਵਿੱਚੋਂ ਫਸਟ ਪੁਜ਼ੀਸ਼ਨ ਪ੍ਰਾਪਤ ਕੀਤੀ । ਪੰਜ ਸਾਲ ਦੀ ਕਲਰਕ ਦੀ ਨੌਕਰੀ ਪੂਰੀ ਕਰਦਿਆਂ ਹੀ ਡਾਕਖਾਨੇ ਦੇ ਇੰਸਪੈਕਟਰ ਲਈ ਪ੍ਰਤੀਯੋਗੀ ਪ੍ਰੀਖਿਆ ਪਾਸ ਕਰਕੇ ਇੰਡੀਆ ਦਾ ਸਭ ਤੋਂ ਛੋਟੀ ਉਮਰ ਦਾ ਇੰਸਪੈਕਟਰ ਬਣ ਗਿਆ। ਇੰਸਪੈਕਟਰ ਬਣਦਿਆਂ ਹੀ ਉਸਨੇ ਡਾਕਖਾਨੇ ਦੀ ਨੌਕਰੀ ਛੱਡ ਦਿੱਤੀ ਅਤੇ ਬੈਂਕ ਦਾ ਬਾਬੂ ਬਣ ਗਿਆ। ਇਸੇ ਦੌਰਾਨ ਉਸ ਨੇ ਪ੍ਰਾਈਵੇਟ ਵਿਦਿਆਰਥੀ ਦੇ ਤੌਰ 'ਤੇ ਬੀ ਏ ਕਰ ਲਈ, ਉਹ ਵੀ ਮੈਥ ਦੇ ਵਿਸ਼ੇ ਨਾਲ, ਉਹ ਵੀ ਬਿਨਾ ਕਿਸੇ ਟਿਊਸ਼ਨ ਦੇ । ਇਹ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਆਰਟਸ ਦੇ ਵਿਸ਼ਿਆਂ ਨਾਲ ਕਾਲਜ ਵਿਚ ਬੀ ਏ ਕਰਦੇ ਵਿਦਿਆਰਥੀ ਅੰਗਰੇਜੀ ਦੇ ਵਿਸੇ ਵਿੱਚੋਂ 50 ਵਿੱਚੋਂ 17 ਅੰਕ ਲੈਕੇ ਫੁੱਲੇ ਨਹੀਂ ਸਮਾਇਆ ਕਰਦੇ ਸਨ । ਉਸਨੇ ਨੌਕਰੀ ਦੇ ਨਾਲ ਨਾਲ , ਬੀ ਏ ਦੀ ਅੰਗਰੇਜ਼ੀ ਵਿੱਚੋਂ 82 % ਅੰਕ ਪ੍ਰਾਈਵੇਟ ਵਿਦਿਆਰਥੀ ਹੋਣ ਦੇ ਨਾਤੇ ਪ੍ਰਾਪਤ ਕੀਤੇ ਅਤੇ ਕੁੱਲ ਮਿਲਾ ਕੇ ਪਹਿਲੇ ਦਰਜੇ ਵਿੱਚ ਬੀ ਏ ਪਾਸ ਕੀਤੀ ।

ਬੈਂਕਾਂ ਦੀ ਵੀ ਇੱਕ ਆਈ ਬੀ ਏ ਨਾਂਅ ਦੀ ਯੂਨੀਵਰਸਿਟੀ ਹੈ । ਸਾਰੇ ਹਿੰਦੁਸਤਾਨ ਦੇ, ਸਾਰੀਆਂ ਬੈਂਕਾਂ ਦੇ ਮੁਲਾਜ਼ਮ ਉਸ ਦੇ ਪੇਪਰ ਦੇ ਸਕਦੇ ਹਨ । ਉਸ ਨੇ ਵੀ ਕਮਰਕੱਸੇ ਕੱਸ ਲਏ । ਕੁੱਲ ਗਿਆਰਾਂ ਪੇਪਰ ਦੋ ਹਿੱਸਿਆਂ ਵਿਚ ਪਾਸ ਕਰਨੇ ਹੁੰਦੇ ਹਨ । ਇੱਕਲੇ ਇੱਕਲੇ ਪੇਪਰ ਵਿੱਚੋਂ 50% ਨੰਬਰ ਲੈਣ ਵਾਲਾ ਪਾਸ ਹੁੰਦਾ ਹੈ। ਜਿਹੜੇ ਪੇਪਰਾਂ ਨੂੰ ਪਾਸ ਕਰਨਾ ਹਰ ਇੱਕ ਦੇ ਵੱਸ ਦਾ ਰੋਗ ਨਹੀਂ ਸਮਝਿਆ ਜਾਂਦਾ ਸੀ ਉਸਨੇ ਇਥੇ ਵੀ ਡਿਸਟਿੰਕਸਨ ਪ੍ਰਾਪਤ ਕੀਤੀ । ਉਸ ਦੇ ਬੈਚ ਵਿੱਚ ਸਿਰਫ ਨੌਂ ਬੈਂਕ ਮੁਲਾਜ਼ਮਾਂ ਦੇ ਹਿੱਸੇ ਡਿਸਟਿੰਕਸ਼ਨ ਆਈ ਸੀ ਅਤੇ ਉਹ ਸਾਰੇ ਹਿੰਦੁਸਤਾਨ ਦੇ ਉਹਨਾਂ ਨੌਂ ਵਿੱਚੋਂ ਇੱਕ ਸੀ। ਉਸ ਦੀਆਂ ਪ੍ਰਾਪਤੀਆਂ ਹਾਲਾਂ ਖਤਮ ਨਹੀਂ ਹੋਈਆਂ । ਉਸ ਨੇ ਨੌਕਰੀ ਦੌਰਾਨ ਪਬਲਿਕ ਸੈਕਟਰ ਮੈਨੇਜਮੈਂਟ ਦੀ ਪੋਸਟ ਗ੍ਰੈਜੂਏਸ਼ਨ ਕੀਤੀ । ਦੋ ਸਾਲ ਲਗਾਤਾਰ ਬੈਂਕ ਦਾ ਸਟਾਰ ਪ੍ਰਫਾਰਮਰ ਬਣਨ ਦਾ ਮਾਣ ਹਾਸਲ ਕੀਤਾ ।

ਜੇਕਰ ਕੋਈ ਉਸ ਨੂੰ ਸਵਾਲ ਕਰਦਾ ਹੈ ਕਿ ਉਹ ਕਿੰਨੀਆਂ ਜਮਾਤਾਂ ਪੜ੍ਹਿਆ ਹੈ, ਉਹ ਅੱਗਿਓਂ ਹੱਸ ਕੇ ਜਵਾਬ ਦਿੰਦਾ ਹੈ, "ਜੀ ਸਤਾਈ"। ਅਜਿਹਾ ਜਵਾਬ ਦਿੰਦਿਆਂ ਉਹ ਝੂਠ ਨਹੀਂ ਬੋਲ ਰਿਹਾ ਹੁੰਦਾ । ਉਸ ਨੇ ਫਿਜ਼ੀਕਸ, ਕੈਮਿਸਟਰੀ, ਕਮਿਸਟਰੀ, ਮੈਥ, ਰਾਜਨੀਤੀ ਵਿਗਿਆਨ, ਪਬਲਿਕ ਐਡਮਨਿਸਟਰੇਸ਼ਨ, ਇਕਨਾਮਿਕਸ (ਇੰਡੀਅਨ ਇਕਨਾਮਿਕ ਸਮੱਸਿਆਵਾਂ, ਪੇਂਡੂ ਅਰਥ ਸ਼ਾਸਤਰ, ਮੋਨਿਟਰੀ ਥਿਊਰੀ) , ਐਕਾਊਟੈਂਸੀ , ਮੈਨੇਜਮੈਂਟ ਐਕਾਊਟਿੰਗ, ਬੈਂਕਿੰਗ ਲਾਅ, ਕਮਰਸੀਅਲ ਲਾਅ, ਪ੍ਰਸਨਲ ਮੈਨੇਜਮੈਂਟ, ਫਾਇਨੈਸ਼ੀਅਲ ਮੈਨੇਜਮੈਂਟ, ਮਾਰਕੀਟਿੰਗ ਮੈਨੇਜਮੈਂਟ, ਮੈਨੇਜਮੈਂਟ ਪ੍ਰਿੰਸੀਪਲਜ਼, ਵਿਦੇਸ਼ੀ ਮੁਦਰਾ ਪ੍ਰਣਾਲੀ ਆਦਿ ਦੇ ਵਿਸ਼ ?ਆਂ ਦੀ ਪੜ੍ਹਾਈ ਕੀਤੀ ਹੋਈ ਹੈ । ਹੋ ਗਈਆਂ ਨਾ ਸਤਾਈ ।

ਅੱਜਕੱਲ੍ਹ ਉਹ ਬੈਂਕ ਵਿੱਚੋਂ ਸੀਨੀਅਰ ਮੈਨੇਜਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਕੇ ਰਿਟਾਇਰਡ ਲਾਈਫ ਦਾ ਭਰਪੂਰ ਲੁਤਫ ਉਠਾ ਰਿਹਾ ਹੈ । ਪਾਠਕ ਪੁੱਛ ਸਕਦੇ ਹਨ ਕਿ ਮੈਂ ਉਸ ਬਾਰੇ ਇੰਨਾ ਕੁੱਝ ਕਿਵੇਂ ਜਾਣਦਾ ਹਾਂ ? ਜਵਾਬ ਹੈ ਕਿ ਉਹ ਕੋਈ ਹੋਰ ਨਹੀਂ, ਖੁਦ ਮੈਂ ਹਾਂ।

# ਸੰਪਰਕ : 98727-87243

## 22 ਸਤੰਬਰ 1965 ਦੀ ਇਤਿਹਾਸਕ ਯਾਦ

# ਜੰਗ ਨਹੀਂ ਅਮਨ



ਗਿਆਨੀ ਗੁਰਦੀਪ ਸਿੰਘ ਕੰਬੋਜ

ਅੱਜ ਤੋਂ 58 ਸਾਲ ਪਹਿਲਾਂ ਜਦੋਂ ਮੈਂ 22 ਸਾਲ ਦਾ ਨੌਜਵਾਨ ਸਾਂ ਅਤੇ ਮੇਰੀ ਪਲੇਠੀ ਧੀ ਲਾਡਲੀ ਅਮਰਜੀਤ ਪੰਘੂੜੇ ਵਿੱਚ ਸੀ। ਮੈਂ ਦੋਸਤਾਂ-ਮਿੱਤਰਾਂ ਨਾਲ ਛੇਹਰਟੇ ਚੌਂਕ ਵਿੱਚ ਜੀ ਟੀ ਰੋਡ ੶ਤੇ ਖੜ੍ਹਾ ਸਾਂ, ਵਕਤ ਤਕਰੀਬਨ 9 ਵਜੇ ਸ਼ਾਮ ਦਾ ਹੋਵੇਗਾ। ਅੰਮ੍ਰਿਤਸਰ ਵਾਲੇ ਪਾਸਿਓਂ ਹਥਿਆਰਬੰਦ ਫੌਜੀਆਂ ਦੀਆਂ ਗੱਡੀਆਂ ਦੀ ਕਾਨਵਾਈ ਜਿਸ ਵਿੱਚ ਟੈਂਕ ਅਤੇ ਤੋਪਾਂ ਵੀ ਸ਼ਾਮਲ ਸਨ, ਆਉਂਦੀਆਂ ਦੇਖੀਆਂ। ਫੌਜੀ ਬੜੇ ਜੋਸ਼ੋ-ਖਰੋਸ਼ ਨਾਲ 'ਭਾਰਤ ਮਾਤਾ ਕੀ ਜੈ' ਦੇ ਅਕਾਸ਼ ਗੁੰਜਾਊ ਨਾਅਰੇ ਮਾਰ ਰਹੇ ਸਨ। ਅਸੀਂ ਸਮਝਿਆ ਕਿ ਫੌਜ ਦਾ ਰੁਟੀਨ ਵਰਕ ਹੋਵੇਗਾ। ਸੁੱਤੇ ਹੁੰਦਿਆਂ ਵੀ ਖਿਆਲ ਆਉਂਦਾ ਰਿਹਾ ਕਿ ਸੁੱਖ ਹੋਵੇ। ਜਦ ਸਵੇਰੇ ਉੱਠੇ ਤਾਂ ਪਤਾ ਲੱਗਾ ਕਿ ਸਿਰਾਂ 'ਤੇ ਕੱਪੜੇ ਲੀੜਿਆਂ ਦੀਆਂ ਪੰਡਾਂ ਤੇ ਟਰੰਕਾਂ ਸਮੇਤ ਕੁੱਛੜ ਚੁੱਕੇ ਛੋਟੇ ਬੱਚੇ ਅਟਾਰੀ ਵੱਲੋਂ ਰੇਲਵੇ ਸਟੇਸ਼ਨ ਛੇਹਰਟਾ 'ਤੇ ਕਾਫ਼ੀ ਲੋਕ ਪਹੁੰਚੇ ਹੋਏ ਹਨ ਤੇ ਘਬਰਾਇਆਂ ਹੋਇਆਂ ਦੇ ਮੂੰਹੋਂ ਕੋਈ ਗੱਲ ਨਹੀਂ ਸੀ ਨਿਕਲਦੀ, ਸਿਰਫ਼ ਲੜਾਈ ਲੱਗ ਗਈ, ਲੜਾਈ ਲੱਗ ਗਈ ਹੀ ਕਹੀ ਜਾਂਦੇ, ਸਾਡੇ ਫੌਜੀ ਬਾਰਡਰ ਪਾਰ ਲੰਘ ਗਏ। ਬਾਅਦ ਵਿੱਚ ਇਸ ਦੀ ਤਸਦੀਕ ਰੇਡੀਓ ਤੋਂ ਖ਼ਬਰ ਆਉਣ ਨਾਲ ਹੋ ਗਈ। ਸਾਰਾ ਦਿਨ ਅਫ਼ਵਾਹਾਂ ਦਾ ਬਾਜ਼ਾਰ ਗਰਮ ਰਿਹਾ। ਸਹਿਮੇ ਹੋਏ ਕਈ ਪਰਵਾਰਾਂ ਨੇ ਜ਼ਰੂਰੀ ਮੈਂਬਰਾਂ ਨੂੰ ਛੱਡ ਕੇ ਬਾਕੀ ਬਾਲ ਬੱਚਿਆਂ ਨੂੰ ਦੂਰ-ਨੇੜੇ ਦੇ ਰਿਸ਼ਤੇਦਾਰਾਂ ਕੋਲ ਛੱਡ ਆਉਣ ਨੂੰ ਤਰਜੀਹ ਦਿੱਤੀ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਨਵੀਆਂ ਮੁਹਿੰਮਾਂ' ਦੇ ਕਥਨ ਮੁਤਾਬਕ ਅਜੇ ਤਾਂ ਪੰਜਾਬ ਦੇ 1947 ਵਿੱਚ ਹੋਏ ਬਟਵਾਰੇ ਦੇ ਜ਼ਖ਼ਮ ਵੀ ਨਹੀਂ ਸਨ ਭਰੇ ਤੇ ਨਵੀਂ ਜੰਗ ਦੀ ਮੁਸੀਬਤ ਨੇ ਬਾਰਡਰ ਦੇ ਜ਼ਿਲ੍ਹਿਆਂ ਨੂੰ ਆ ਘੇਰਿਆ।

ਇਹ ਵੀ ਸੱਚ ਹੈ ਕਿ ਪੰਜਾਬੀ ਦੇਸ਼ ਭਗਤੀ ਨਾਲ ਗੜੁੱਚ ਹੋਏ ਦੇਸ਼ ਕੌਮ ਲਈ ਹਰ ਵੇਲੇ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਇਸੇ ਜਜ਼ਬੇ ਹੇਠ ਅਸੀਂ ਸਭ ਨੌਜਵਾਨਾਂ ਨੇ ਰਲ ਕੇ ਨਰੈਣਗੜ੍ਹ (ਛੇਹਰਟਾ) ਸੂਏ ਦੇ ਪੁਲ ਕੋਲ ਬਾਰਡਰ ਤੇ ਲੜ ਰਹੇ ਫੌਜੀਆਂ ਲਈ ਇੱਕ ਫ੍ਰੀ ਕੰਟੀਨ ਖੋਲ੍ਹਣ ਦਾ ਫੈਸਲਾ ਕੀਤਾ। ਇਹ ਕੰਟੀਨ 24 ਘੰਟੇ ਖੁੱਲ੍ਹੀ ਰਹਿੰਦੀ। ਉਤਸ਼ਾਹ ਏਨਾ ਜ਼ਿਆਦਾ ਮਿਲਿਆ ਤੇ ਵੰਡਣ ਵਾਲੇ ਸਾਮਾਨ ਦੇ ਅੰਬਾਰ ਲੱਗ ਗਏ। ਇਹ ਇੱਕ ਨੈਸ਼ਨਲ ਸਪਿਰਟ ਦਾ ਹੀ ਨਮੂਨਾ ਸੀ। ਬਾਰਡਰ ਦੇ ਲਾਗਲੇ ਪਿੰਡਾਂ ਦੇ ਲੋਕ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਵਰ੍ਹਦੀਆਂ ਗੋਲੀਆਂ ਦੌਰਾਨ ਲੜ ਰਹੇ ਫੌਜੀਆਂ ਨੂੰ ਉਨ੍ਹਾਂ ਦੇ ਮੋਰਚਿਆਂ ਵਿੱਚ ਹੀ ਲੋੜੀਂਦਾ ਖਾਣ-ਪੀਣ ਦਾ ਸਾਮਾਨ ਪਹੁੰਚਾ ਦੇਂਦੇ। ਮੈਦਾਨੀ ਲੜਾਈ ਵਿੱਚ ਸਭ ਤੋਂ ਜ਼ਿਆਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ ਤੇ ਇੰਝ ਹੋਇਆ ਵੀ। ਗਹਿਗੱਚ ਦੀ ਆਹਮੋ-ਸਾਹਮਣੇ ਹੋਈ ਲੜਾਈ ਦੇ ਕੁਝ ਦਿਨ ਬਾਅਦ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਦਖਲ ਨਾਲ 22 ਸਤੰਬਰ 1965 ਨੂੰ ਦੋਹਾਂ ਧਿਰਾਂ (ਹਿੰਦ-ਪਾਕਿ) ਦੀ ਸਹਿਮਤੀ ਨਾਲ ਸੀਜ਼ ਫਾਇਰ (ਜੰਗ-ਬੰਦੀ) ਦਾ ਐਲਾਨ ਹੋਇਆ। ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ। ਮੂੰਹਾਂ 'ਤੇ ਕੁਝ ਰੌਣਕਾਂ ਪਰਤਣੀਆਂ ਸ਼ੁਰੂ ਹੋਈਆਂ ਪਰ ਉਸੇ ਹੀ ਦਿਨ ਸ਼ਾਮ ਦੇ ਕਰੀਬ 4 ਵਜੇ ਦਾ ਟਾਈਮ ਸੀ, ਲੋਕ ਆਪੋ-ਆਪਣੇ ਕਾਰਖਾਨਿਆਂ ਵਿੱਚੋਂ ਛੁੱਟੀ ਕਰਕੇ ਤੇ ਬਜ਼ਾਰਾਂ 'ਚੋਂ ਆਪਣੀਆਂ ਰੋਜ਼-ਮਰ੍ਹਾ ਦੀਆਂ ਲੋੜੀਂਦੀਆਂ ਵਸਤੂਆਂ ਦੀ ਖਰੀਦੋ-ਫਰੋਖਤ ਕਰ ਰਹੇ ਸਨ ਤਾਂ ਪਾਕਿਸਤਾਨੀ ਫੌਜਾਂ ਵੱਲੋਂ ਜੰਗਬੰਦੀ ਦੀ ਉਲੰਘਣਾ ਕਰਕੇ ਅਚਾਨਕ ਛੇਹਰਟਾ ਤੇ ਉਸ ਦੇ ਆਸ-ਪਾਸ ਦੇ ਇਲਾਕਿਆਂ 'ਤੇ ਬਹੁਤ ਭਾਰੀ ਬੰਬਾਰੀ ਕੀਤੀ। ਉਨ੍ਹਾਂ ਦਾ ਨਿਸ਼ਾਨਾ ਮੁੱਖ ਤੌਰ ਤੇ ਛੇਹਰਟੇ ਦੀਆਂ ਮਿੱਲਾਂ, ਖਾਸਾ ਡਿਸਟਲਰੀ, ਪੰਜਾਬ ਮਿੱਲ, ਜਪਾਨੀ ਮਿੱਲ, ਓ ਸੀ ਐਮ ਤੇ ਪ੍ਰਤਾਪ ਮਿੱਲ ਸੀ। ਪਰ ਪਹਿਲਾ ਨਿਸ਼ਾਨਾ ਖਾਸਾ ਡਿਸਟਿਲਰੀ ਦਾ ਹੀ ਗਲਤ ਹੋਣ ਕਰਕੇ ਮਿੱਲਾਂ ਤਾਂ ਬਚ ਗਈਆਂ ਪਰ ਬੰਬ-ਬਾਰੀ ਕੀਤੀ। ਉਨ੍ਹਾਂ ਦਾ ਨਿਸ਼ਾਨਾ ਮੁੱਖ ਤੌਰ ਤੇ ਛੇਹਰਟੇ ਦੀਆਂ ਮਿੱਲਾਂ ਖਾਸਾ ਡਿਸਟਲਰੀ, ਪੰਜਾਬ ਮਿੱਲ, ਜਪਾਨੀ ਮਿੱਲ, ਓ ਸੀ ਐੱਮ ਤੇ ਪ੍ਰਾਤਪ ਮਿੱਲ ਸੀ, ਪਰ ਪਹਿਲਾ ਨਿਸ਼ਾਨਾ ਖਾਸਾ ਡਿਸਟਿਲਰੀ ਦਾ ਹੀ ਗਲਤ ਹੋਣ ਕਰਕੇ ਮਿੱਲਾਂ ਤਾਂ ਬਚ ਗਈਆਂ, ਪਰ ਬੰਬਾਰੀ ਦੀ ਲਪੇਟ ਵਿੱਚ ਛੇਹਰਟੇ ਦੀਆਂ ਵਸੋਂ ਵਾਲੀਆਂ ਆਬਾਦੀਆਂ ਜਪਾਨੀ ਮਿੱਲ ਭੱਲਾ ਗਲੀ, ਧਰਮਪੁਰਾ, ਮੇਨ ਪ੍ਰਤਾਪ ਬਜ਼ਾਰ ਅਤੇ ਕਰਤਾਰ ਨਗਰ ਵਗੈਰਾ ਆਉਣ ਨਾਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਸ ਮੌਕੇ 52 ਸ਼ਹਿਰੀਆਂ ਦੀ ਮੌਤ ਹੋਈ। ਕਈ ਦੁਕਾਨਦਾਰ ਦੁਕਾਨਾਂ 'ਤੇ ਬੈਠੇ ਬੰਬਾਂ ਦੇ ਜ਼ਹਿਰੀਲੇ ਟੁਕੜੇ ਵੱਜਣ ਨਾਲ ਗੰਭੀਰ ਜ਼ਖ਼ਮੀ ਹੋ ਗਏ। ਕਈ ਹਵਾਈ ਫਾਈਰਿੰਗ ਹੋਣ ਨਾਲ ਦਮ ਤੋੜ ਗਏ। ਜ਼ਿਆਦਾ ਜਾਨੀ ਨੁਕਸਾਨ ਪ੍ਰਤਾਪ ਬਜ਼ਾਰ ਛੇਹਰਟਾ ਵਿੱਚ ਹੋਇਆ। ਪਾਵਰਫੁੱਲ ਬੰਬਾਂ ਨਾਲ ਜ਼ਮੀਨ ਵਿੱਚ ਬਹੁਤ ਡੂੰਘੇ ਟੋਏ ਪੈ ਗਏ, ਮਕਾਨਾਂ ਦੇ ਵੱਡੇ-ਵੱਡੇ ਲੈਂਟਰ ਪੂਰੇ ਦੇ ਪੂਰੇ ਥੱਲੇ ਡਿੱਗ ਗਏ। ਅਬਾਦੀਆਂ ਵਿੱਚ ਕਈ ਡੰਗਰ ਵੀ ਮਾਰੇ ਗਏ। ਜਿਸ ਵੇਲੇ ਇਹ ਭਿਆਨਕ ਕਾਰਾ ਹੋਇਆ, ਮੈਂ ਖੁਦ ਉਸ ਵੇਲੇ ਨਰੈਣਗੜ੍ਹ ਸੂਏ ਦੇ ਪੁਲ 'ਤੇ ਖੋਲ੍ਹੀ ਫਰੀ ਕੰਟੀਨ 'ਤੇ ਬਤੌਰ ਵਲੰਟੀਅਰ ਦੀ ਡਿਊਟੀ ਨਿਭਾਅ ਰਿਹਾ ਸਾਂ। ਪਾਕਿਸਤਾਨੀ ਜਹਾਜ਼ਾਂ ਨੂੰ ਅਟਾਰੀ ਵਾਲੇ ਪਾਸਿਉਂ ਰੇਲਵੇ ਲਾਈਨਾਂ ਦੇ ਉੱਤੇ ਨੀਵੇਂ-ਨੀਵੇਂ ਆਉਂਦਿਆਂ ਤੇ ਬੰਬ ਵਰ੍ਹਾ ਕੇ ਰਾਮਤੀਰਥ ਰੋਡ ਰਾਹੀਂ ਨੀਵੇਂ-ਨੀਵੇਂ ਪਾਕਿਸਤਾਨ ਨੂੰ ਜਾਂਦਿਆਂ ਮੈਂ ਅੱਖੀਂ ਵੇਖਿਆ। ਉਨ੍ਹਾਂ ਦੀ ਖੁਸ਼ਕਿਸਮਤੀ ਕਿ ਸਾਡੇ ਫੌਜੀਆਂ ਨੇ ਐਂਟੀਕਰਾਫਟ ਗੰਨਾਂ ਰਾਹੀਂ ਹਜ਼ਾਰਾਂ ਫਾਇਰ ਕੀਤੇ, ਪਰ ਨਿਸ਼ਾਨਾ ਕੋਈ ਨਾ ਲੱਗ ਸਕਿਆ। ਬੰਬਾਂ ਦੇ ਡਿੱਗਣ ਨਾਲ ਹੋਏ ਉਜਾੜੇ ਦਾ ਦਰਦਨਾਕ ਸੀਨ ਕੋਈ ਦਿਲ ਵਾਲਾ ਹੀ ਦੇਖ ਸਕਦਾ ਸੀ। ਅੱਗ ਦੇ ਭਾਂਬੜ, ਬੰਬਾਂ ਦੇ ਡਿੱਗਣ ਨਾਲ ਪੈਦਾ ਹੋਈ ਗੜੰਮ-ਗੜੰਮ ਦੀ ਭੈਅ-ਭੀਤ ਕਰਨ ਵਾਲੀ ਆਵਾਜ਼, ਧੂੰਏਂ ਅਤੇ ਘੱਟੇ-ਮਿੱਟੀ ਦੇ ਗੁਬਾਰ ਨਾਲ ਕੁਝ ਨਜ਼ਰ ਨਹੀਂ ਸੀ ਆ ਰਿਹਾ। ਮੈਂ ਛੇਹਰਟਾ ਚੌਂਕ ਵਿੱਚ ਪਹੁੰਚਿਆ ਤਾਂ ਘੁੱਪ ਹਨੇਰੇ ਵਿੱਚ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮੈਂ ਕਿੱਧਰ ਨੂੰ ਜਾਵਾਂ, ਮੇਰੀ ਅਬਾਦੀ, ਮੇਰਾ ਘਰ ਤੇ ਮੇਰੀ ਦੁਕਾਨ ਕਿੱਧਰ ਨੂੰ ਹੈ। ਟੈਲੀਫੋਨ ਤੇ ਬਿਜਲੀ ਦੇ ਖੰਭੇ ਹਵਾਈ ਫਾਇਰਿੰਗ ਨਾਲ ਵਿੰਨ੍ਹੇ ਹੋਏ ਟੇਢੇ ਹੋਏ ਪਏ ਸਨ। ਬਿਜਲੀ ਤੇ ਟੈਲੀਫੋਨ ਦੀਆਂ ਤਾਰਾਂ ਵਗੈਰਾ ਟੁੱਟੀਆਂ ਹੋਈਆਂ ਜ਼ਮੀਨ 'ਤੇ ਪਈਆਂ ਹੋਈਆਂ ਸਨ। ਮਨੁੱਖੀ ਲਾਸ਼ਾਂ ਤੇ ਲਾਸ਼ਾਂ ਦੇ ਚੀਥੜਿਆਂ ਨਾਲ ਲਹੂ-ਲੁਹਾਨ ਹੋਇਆ ਪ੍ਰਤਾਪ ਬਜ਼ਾਰ ਭਰਿਆ ਹੋਇਆ ਸੀ। ਮਨੁੱਖੀ ਲਾਸ਼ਾਂ ਦੇ ਕਈ ਲੋਥੜੇ ਬਿਜਲੀ ਦੀਆਂ ਤਾਰਾਂ ਨਾਲ ਲਟਕਦੇ ਹੋਏ ਦੇਖ ਕੇ ਚੀਕ-ਚਿਹਾੜੇ ਵਿੱਚ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ, ਸਭ ਲੋਕ ਦੇਰ ਰਾਤ ਤੱਕ ਆਪੋ-ਆਪਣਿਆਂ ਦੀਆਂ ਲਾਸ਼ਾਂ ਲੱਭਣ ਵਿੱਚ ਲੱਗੇ ਹੋਏ ਸਨ। ਉਹ ਸਾਰੀ ਰਾਤ ਭੁੱਖਣ-ਭਾਣੇ ਡਰੇ ਹੋਏ ਤੇ ਦੁਖੀ ਲੋਕਾਂ ਨੇ ਆਪੋ-ਆਪਣੇ ਘਰਾਂ ਤੋਂ ਬਾਹਰ ਖੁੱਲ੍ਹੇ ਮੈਦਾਨਾਂ ਵਿੱਚ ਜਾਗ-ਜਾਗ ਕੇ ਕੱਟੀ। ਸਵੇਰ ਹੁੰਦਿਆਂ ਸਾਰ ਹੀ ਛੇਹਰਟੇ ਦੀਆਂ ਹੋਰ ਸਮਾਜਿਕ ਜਥੇਬੰਦੀਆਂ ਅਤੇ ਟੈਕਸਟਾਇਲ ਮਜ਼ਦੂਰ ਏਕਤਾ ਯੂਨੀਅਨ ਦੇ ਆਗੂਆਂ ਮਿਊਂਸਪਲ ਕਮੇਟੀ ਛੇਹਰਟਾ ਦੇ ਪ੍ਰਧਾਨ ਕਾਮਰੇਡ ਸੱਤਪਾਲ ਡਾਂਗ, ਵਿਮਲਾ ਡਾਂਗ ਨੇ ਜ਼ਮੀਨ 'ਤੇ ਚਾਦਰ ਵਿਛਾ ਕੇ ਲੋਕਾਂ ਤੋਂ ਦਾਨ ਮੰਗ ਕੇ ਸ਼ਹੀਦ ਹੋਏ ਛੇਹਰਟਾ ਦੇ 52 ਸ਼ਹਿਰੀਆਂ ਦਾ ਸਮੂਹਿਕ ਸੰਸਕਾਰ ਸਰਕਾਰੀ ਸ਼ਮਸ਼ਾਨ ਘਾਟ ਨਰੈਣਗੜ੍ਹ, ਛੇਹਰਟਾ ਵਿਖੇ ਕੀਤਾ। ਇਸ ਦਰਦਨਾਕ ਤੇ ਦਿਲ ਕੰਬਾਊ ਘਟਨਾ ਦੀ ਯਾਦ ਅੱਜ ਵੀ ਕੰਬਣੀ ਛੇੜ ਦਿੰਦੀ ਹੈ। ਸਾਰੇ ਦੇਸ਼ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ, ਉਸ ਵੇਲੇ ਦੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਖੁਦ ਛੇਹਰਟੇ ਆ ਕੇ ਦੁਖੀ ਅਤੇ ਪੀੜਤ ਪਰਵਾਰਾਂ ਦੀ ਸਰਕਾਰ ਵੱਲੋਂ ਵੱਧ ਤੋਂ ਵੱਧ ਮਦਦ ਕਰਨ ਦਾ ਭਰੋਸਾ ਦਿੱਤਾ। ਇਨ੍ਹਾਂ ਸਮੁੱਚੇ ਸ਼ਹੀਦਾਂ ਦੀ ਯਾਦ ਵਿੱਚ ਅੱਜ ਵੀ ਛੇਹਰਟਾ ਪ੍ਰਤਾਪ ਬਜ਼ਾਰ ਵਿੱਚ 'ਸ਼ਹੀਦ ਮੈਮੋਰੀਅਲ' ਹਾਲ ਦੀ ਬਿਲਡਿੰਗ ਬਣੀ ਹੋਈ ਹੈ। ਇਸ ਬਿਲਡਿੰਗ ਦੇ ਐਂਟਰੀ ਗੇਟ ਦੇ ਨਾਲ ਹੀ ਬਾਹਰ ਵਾਲੇ ਪਾਸੇ ਇਨ੍ਹਾਂ 52 ਸ਼ਹੀਦਾਂ ਦੇ ਨਾਂਅ ਚਿੱਟੇ ਮਾਰਬਲ ਦੀ ਸਿੱਲ 'ਤੇ ਉੱਕਰੇ ਹੋਏ ਹਨ, ਜਿਸ ਨੂੰ ਕਮਿਊਨਿਟੀ ਸੈਂਟਰ ਵਜੋਂ ਛੇਹਰਟਾ ਨਿਵਾਸੀ ਵਰਤਦੇ ਰਹੇ ਹਨ। ਇਹ 'ਜੰਗ ਨਹੀਂ ਅਮਨ' ਦਾ ਸੁਨੇਹਾ ਦਿੰਦੀ ਹੈ।

ਅੱਜ ਫਿਰ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਉਛਾਲਿਆ ਜਾ ਰਿਹਾ ਹੈ ਕਿ 140 ਕਰੋੜ ਦਾ ਦੇਸ਼ ਭਾਰਤ ਮਹਾਂ ਸ਼ਕਤੀ ਬਣਨ ਜਾ ਰਿਹਾ ਹੈ। ਕਿਸੇ ਵੀ ਦੇਸ਼ ਦੀ ਸ਼ਕਤੀ ਦੋ ਢੰਗਾਂ ਨਾਲ ਮਾਪੀ ਜਾ ਸਕਦੀ ਹੈ, ਇੱਕ ਮਾਇਕ ਸ਼ਕਤੀ, ਦੂਸਰੀ ਫੌਜੀ ਸ਼ਕਤੀ, ਕੀ ਫੌਜੀ ਸ਼ਕਤੀ ਬਣਨ ਨਾਲ ਸਾਡੇ ਸਧਾਰਨ ਲੋਕ ਅਮੀਰ ਹੋ ਜਾਣਗੇ। ਅਸੀਂ ਕੇਵਲ ਫੌਜੀ ਸ਼ਕਤੀ 'ਚੋਂ ਮਹਾਨ ਹੋ ਜਾਵਾਂਗੇ, ਮਹਾਂ ਸ਼ਕਤੀ ਦੇ ਚੱਕਰ ਵਿੱਚ ਅਸੀਂ ਗੁੱਟ ਨਿਰਲੇਪ ਦੇਸ਼ਾਂ ਦੇ ਸੰਗਠਨ ਦੇ ਪਹਿਲਾਂ ਵਾਗ ਮੋਹਰੀ ਨਹੀਂ ਰਹੇ ਅਤੇ ਕਈ ਢੰਗਾਂ ਨਾਲ ਦੁਨੀਆ ਦੀ ਸਿਆਸੀ ਅਤੇ ਫੌਜੀ ਸ਼ਤਰੰਗ ਦੇ ਵਿੱਚ ਉਲਝਣੇ ਸ਼ੁਰੂ ਹੋ ਗਏ ਹਾਂ। ਮਨੁੱਖੀ ਜੀਵਨ ਵਾਰ-ਵਾਰ ਨਹੀਂ ਮਿਲਦਾ। ਇਸ ਦੀ ਇੱਕ-ਇੱਕ ਘੜੀ ਇੱਕ-ਇੱਕ ਪਲ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਹੋਣਾ ਚਾਹੀਦਾ ਹੈ।

ਮੇਰਾ ਮੰਨਣਾ ਹੈ ਕਿ ਬੀਤੇ ਤੋਂ ਸਬਕ ਸਿੱਖਦੇ ਹੋਏ ਸਾਡੇ ਸਾਰਿਆਂ ਦੇਸ਼ ਵਾਸੀਆਂ ਲਈ ਤੇ ਖਾਸ ਕਰਕੇ ਪੰਜਾਬੀਆਂ ਲਈ ਬਿਹਤਰ ਇਹੀ ਹੋਵੇਗਾ ਕਿ ਸਾਡਾ ਗਵਾਂਢੀ ਦੇਸ਼ ਜੋ ਕਿਸੇ ਵੇਲੇ ਇੱਕ ਹੀ ਦੇਸ਼ ਸੀ, ਮਹਾਂ ਸ਼ਕਤੀਆਂ ਦੇ ਉਕਸਾਵੇ ਵਿੱਚ ਆ ਕੇ ਜੰਗੀ ਤਿਆਰੀਆਂ ਦੀ ਥਾਂ ਆਪਣੀ ਸਾਰੀ ਸ਼ਕਤੀ ਉਸ ਪਾਸੇ ਵੱਲ ਲਾਈਏ, ਜਿਸ ਨਾਲ ਇਸ ਖਿੱਤੇ ਵਿੱਚ ਅਮਨ ਤੇ ਦੋਸਤੀ ਅਤੇ ਸਥਿਰਤਾ ਵਿੱਚ ਵਾਧਾ ਹੋਵੇ। ਹਿੰਦ-ਪਾਕਿ ਦੀਆਂ ਦੋ ਜੰਗਾਂ ਹੋਣ ਦੇ ਬਾਵਜੂਦ ਦੋਨਾਂ ਪਾਸੇ ਦੇ ਪੰਜਾਬੀਆਂ ਦੇ ਭਰਾਤਰੀ ਭਾਵ, ਮਿੱਤਰਤਾ ਅਤੇ ਪਿਆਰ ਵਿੱਚ ਕੋਈ ਫ਼ਰਕ ਨਹੀਂ ਪਿਆ। ਇਸ ਲਈ ਮੇਰਾ ਖਿਆਲ ਹੈ ਕਿ ਦੋਹਾਂ ਦੇਸ਼ਾਂ ਹਿੰਦ-ਪਾਕਿ ਦੇ ਲੋਕਾਂ ਨੂੰ ਆਪਸ ਵਿੱਚ ਮਿਲਣ ਦੇਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਨਾਲ ਉਹ ਆਪਣੇ-ਆਪ ਹੀ ਇਸ ਹਕੀਕਤ ਤੋਂ ਜਾਣੂ ਹੋ ਜਾਣਗੇ ਕਿ ਦੋਹਾਂ ਸਰਕਾਰਾਂ ਨੇ ਉਨ੍ਹਾਂ ਦੇ ਦਿਲ ਵਿੱਚ ਜੋ ਭਰ ਦਿੱਤਾ ਗਿਆ ਹੈ, ਉਹ ਠੀਕ ਨਹੀਂ ਹੈ।

ਅੱਜ ਦੇ ਦਿਨ 22 ਸਤੰਬਰ 1965 ਨੂੰ ਹੋਏ ਨਿਰਦੋਸ਼ ਜੰਗੀ ਸ਼ਹੀਦਾਂ ਨੂੰ ਯਾਦ ਕਰਨਾ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

# ਸੰਪਰਕ : 98558-44033

# ਅਜੋਕੇ ਸਾਮਰਾਜਵਾਦੀ ਪ੍ਰਬੰਧ 'ਚ ਔਰਤਾਂ ਦੋਹਰੀ ਗੁਲਾਮੀ ਦਾ ਸ਼ਿਕਾਰ : ਕੁਸ਼ਲ ਭੌਰਾ

- ਔਰਤਾਂ ਜਥੇਬੰਦ ਹੋ ਕੇ ਆਪਣੇ ਹੱਕਾਂ ਦੀ ਰਾਖੀ ਲਈ ਅੱਗੇ ਆਉਣ : ਚੌਹਾਨ/ਉੱਡਤ
- ਮਨਜੀਤ ਕੌਰ ਗਾਮੀਵਾਲਾ ਜ਼ਿਲ੍ਹਾ ਪ੍ਰਧਾਨ ਤੇ ਚਰਨਜੀਤ ਮਾਨਸਾ ਬਣੇ ਜ਼ਿਲ੍ਹਾ ਸਕੱਤਰ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਜਥੇਬੰਦਕ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਗੁਰਮੇਲ ਕੌਰ ਜੋਗਾ, ਸੁਦਰਸ਼ਨ ਸ਼ਰਮਾ ਤੇ ਗੁਰਮੇਲ ਕੌਰ ਫੁੱਲੋਵਾਲਾ ਦੀ ਪ੍ਰਧਾਨਗੀ ਹੇਠ ਰੇਖਾ ਸ਼ਰਮਾ ਨਗਰ ਤੇ ਡਾਕਟਰ ਆਤਮਾ ਸਿੰਘ ਆਤਮਾ ਹਾਲ ਵਿਖੇ ਸਫਲਤਾ ਪੂਰਵਕ ਸੰਪੰਨ ਹੋਈ। ਕਾਨਫਰੰਸ ਦੇ ਸ਼ੁਰੂਆਤ ਵਿੱਚ ਵਿੱਛੜੇ ਸਾਥੀਆਂ ਦੀ ਯਾਦ ਵਿੱਚ ਸ਼ੋਕ ਮਤਾ ਰੱਖ ਕੇ ਵਿੱਛੜੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਕਾਨਫਰੰਸ ਦਾ ਉਦਘਾਟਨ ਕਰਦਿਆਂ ਪੰਜਾਬ ਇਸਤਰੀ ਸਭਾ ਦੇ ਨੈਸ਼ਨਲ ਕੌਂਸਲ ਮੈਂਬਰ ਕੁਸ਼ਲ ਭੌਰਾ ਨੇ ਕਿਹਾ ਕਿ ਮੌਜੂਦਾ ਸਾਮਰਾਜੀ ਰਾਜ ਪ੍ਰਬੰਧ ਦੌਰਾਨ ਭਾਰਤੀ ਔਰਤਾਂ ਦੋਹਰੀ ਗੁਲਾਮੀ ਦਾ ਸ਼ਿਕਾਰ ਹਨ ਤੇ ਅਜ਼ਾਦੀ ਦੇ 75 ਸਾਲ ਬੀਤ ਜਾਣ ਦੇ ਬਾਵਜੂਦ ਔਰਤਾਂ ਦੀ ਦਸ਼ਾ ਵਿੱਚ ਕੋਈ ਬਹੁਤੀ ਹਾਂ-ਪੱਖੀ ਤਬਦੀਲੀ ਨਹੀਂ ਆਈ। ਉਨ੍ਹਾ ਕਿਹਾ ਕਿ ਕੋਈ ਵੀ ਸਮਾਜ ਜਾਂ ਦੇਸ਼ ਉਨਾ ਚਿਰ ਉੱਨਤੀ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਵਸੋਂ ਦੇ ਅੱਧੇ ਹਿੱਸੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੋਵੇ।

ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਸਾਥੀ ਕ੍ਰਿਸ਼ਨ ਚੌਹਾਨ, ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਕਰਨੈਲ ਸਿੰਘ ਭੀਖੀ, ਸੀਤਾਰਾਮ ਗੋਬਿੰਦਪੁਰਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸਾਥੀ ਮਲਕੀਤ ਸਿੰਘ ਮੰਦਰਾ, ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਕਿ ਔਰਤਾਂ ਜਥੇਬੰਦ ਹੋ ਕੇ ਸੰਘਰਸ਼ ਰਾਹੀਂ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਅੱਗੇ ਆਉਣ। ਇਸ ਮੌਕੇ ਪੰਜਾਬ ਇਸਤਰੀ ਸਭਾ ਦੀ 17 ਮੈਂਬਰੀ ਜ਼ਿਲ੍ਹਾ ਕਮੇਟੀ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਮਨਜੀਤ ਕੌਰ ਗਾਮੀਵਾਲਾ ਜ਼ਿਲ੍ਹਾ ਪ੍ਰਧਾਨ ਅਤੇ ਚਰਨਜੀਤ ਕੌਰ ਮਾਨਸਾ ਨੂੰ ਜ਼ਿਲ੍ਹਾ ਸਕੱਤਰ, ਅਰਵਿੰਦਰ ਕੌਰ ਖਜ਼ਾਨਚੀ, ਸੱਤਪਾਲ ਕੌਰ ਖੀਵਾ, ਸੁਦਰਸ਼ਨ ਸ਼ਰਮਾ, ਮਨਜੀਤ ਕੌਰ ਦਲੇਲ ਸਿੰਘ ਵਾਲਾ ਮੀਤ ਪ੍ਰਧਾਨ, ਕਿਰਨਾ ਰਾਣੀ, ਗੁਰਮੇਲ ਕੌਰ ਜੋਗਾ ਸਹਾਇਕ ਸਕੱਤਰ, ਹਰਜਿੰਦਰ ਕੌਰ, ਸੰਤੋਸ਼ ਰਾਣੀ ਬੁਢਲਾਡਾ, ਗੁਰਮੇਲ ਕੌਰ, ਰਾਜ ਰਾਣੀ ਭੀਖੀ, ਅਮਨਦੀਪ ਕੌਰ ਮਾਨਸਾ, ਬਲਜੀਤ ਕੌਰ ਬਖਸ਼ੀਵਾਲਾ, ਰਣਜੀਤ ਕੌਰ ਜੋਗਾ ਤੇ ਜਸਵੀਰ ਕੌਰ ਕੋਟਲੱਲੂ ਆਦਿ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ।

# ਯੂਨੀਵਰਸਿਟੀ ਮੈਨੇਜਮੈਂਟ, ਸਰਕਾਰ ਤੇ ਪ੍ਰਸ਼ਾਸਨ ਨੂੰ 5 ਤੱਕ ਦਾ ਅਲਟੀਮੇਟਮ

- ਦਿੱਤੇ ਟਾਇਮ 'ਚ ਵਿਦਿਆਰਥੀ ਮਸਲਾ ਹੱਲ ਨਾ ਕੀਤਾ ਤਾਂ ਸਾਂਝਾ ਮੋਰਚਾ ਰੋਡ ਜਾਮ ਕਰਕੇ ਲਗਾਏਗਾ ਧਰਨਾ : ਰਾਜੂ ਖੰਨਾ, ਲਖਵੀਰ ਖਾਲਸਾ



ਵਿਦਿਆਰਥਣਾਂ ਮੰਗਾਂ ਮੰਨਣ ਦੀ ਖੁਸ਼ੀ 'ਚ ਕੇਕ ਕੱਟ ਕੇ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਦੇ ਆਗੂਆਂ ਨਾਲ ਖੁਸ਼ੀ ਸਾਂਝੀ ਕਰਨ ਸਮੇਂ।

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**

ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਦੇ ਮੁੱਖ ਗੇਟ ਅੱਗੇ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਵੱਲੋਂ ਵੱਖ ਵੱਖ ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਵਿਦਿਆਰਥੀ ਜਥੇਬੰਦੀਆਂ ਨੂੰ ਨਾਲ ਲੈ ਕੇ ਵਿਦਿਆਰਥੀਆਂ ਦੇ ਹੱਕਾਂ ਤੇ ਇਨਸਾਫ ਦਿਵਾਉਣ ਲਈ ਲਗਾਏ ਗਏ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਵੱਲੋਂ ਅੱਜ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਲਿਖਤੀ ਤੌਰ 'ਤੇ ਵਿਦਿਆਰਥੀਆਂ ਦੀਆਂ ਮੰਗਾਂ ਮੰਨ ਲੈਣ 'ਤੇ ਮੋਰਚਾ 5 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਗੱਲ ਦਾ ਪ੍ਰਗਟਾਵਾ ਸਾਂਝਾ ਮੋਰਚਾ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸ਼੍ਰੋਮਣੀ ਅਕਾਲੀ ਦਲ ਫਤਿਹ ਦੇ ਆਗੂ ਜਥੇਦਾਰ ਲਖਵੀਰ ਸਿੰਘ ਖਾਲਸਾ ਵੱਲੋਂ ਸਮੁੱਚੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਕੀਤੀ ਗਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਵਿਦਿਆਰਥੀਆਂ ਦੇ ਹੱਕ ਵਿੱਚ ਲਗਾਏ ਗਏ ਧਰਨੇ ਤੋਂ ਘਬਰਾਉਂਦੇ ਹੋਏ ਸਰਕਾਰ, ਯੂਨੀਵਰਸਿਟੀ ਮੈਨੇਜਮੈਂਟ ਤੇ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦੀਆਂ ਮੰਗਾਂ ਲਿਖਤੀ ਤੌਰ 'ਤੇ ਮੰਨੀਆਂ ਗਈਆਂ ਹਨ, ਜਿਸ ਕਾਰਨ ਸਰਕਾਰ, ਯੂਨੀਵਰਸਿਟੀ ਮੈਨੇਜਮੈਂਟ ਤੇ ਪ੍ਰਸ਼ਾਸਨ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਅੱਗੇ ਝੁਕਿਆ ਹੈ। ਰਾਜੂ ਖੰਨਾ ਤੇ ਲਖਵੀਰ ਖਾਲਸਾ ਨੇ ਦੱਸਿਆ ਕਿ ਜੋ ਪੱਤਰ ਸਰਕਾਰ ਵੱਲੋਂ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਭਰੋਸੇ ਦੇ ਤੌਰ 'ਤੇ ਭੇਜਿਆ ਗਿਆ ਹੈ, ਉਸ ਵਿੱਚ ਜਿੱਥੇ ਧਰਨਾ ਲੱਗਣ ਤੋਂ ਬਾਅਦ, ਜੋ ਵਿਭਾਗੀ ਜਾਂਚ ਕੀਤੀ ਗਈ, ਉਸ ਵਿੱਚ ਨਰਸਿੰਗ ਦੀਆਂ ਸੀਟਾਂ ਗੈਰ-ਕਾਨੂੰਨੀ ਭਰੀਆਂ ਪਾਈਆਂ ਗਈਆਂ, ਜਿਸ ਕਾਰਨ ਸਰਕਾਰ ਵੱਲੋਂ ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਦੇ ਫੰਡ ਦੇ ਰੂਪ ਵਿੱਚ ਪਏ 5 ਕਰੋੜ ਰੁਪਏ ਜਿੱਥੇ ਜ਼ਬਤ ਕਰਨ ਦੇ ਹੁਕਮ ਕੀਤੇ ਗਏ ਹਨ, ਉਥੇ ਨਰਸਿੰਗ ਦੀਆਂ ਵਿਦਿਆਰਥਣਾਂ, ਜਿਨ੍ਹਾਂ ਨਾਲ ਦਾਖਲੇ ਸਮੇਂ ਧੋਖਾਧੜੀ ਹੋਈ ਹੈ, ਉਨ੍ਹਾਂ ਵਿਦਿਆਰਥੀਆਂ ਨੂੰ 10-10 ਲੱਖ ਰੁਪਏ ਯੂਨੀਵਰਸਿਟੀ ਵੱਲੋਂ ਦੇਣ ਦੀ ਗੱਲ ਵੀ ਪੱਤਰ ਵਿੱਚ ਲਿਖੀ ਗਈ ਹੈ। ਆਗੂਆਂ ਕਿਹਾ ਕਿ ਆਈ ਐੱਨ ਸੀ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਜਿੱਥੇ ਸਰਕਾਰ ਤੇ ਯੂਨੀਵਰਸਿਟੀ ਕਰਵਾਏਗੀ, ਉਨ੍ਹਾਂ ਵਿਦਿਆਰਥੀਆਂ ਦੀ ਮੁਕੰਮਲ ਫੀਸ ਵੀ ਦੇਸ਼ ਭਗਤ ਯੂਨੀਵਰਸਿਟੀ ਨੂੰ ਭਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਰਾਜੂ ਖੰਨਾ ਨੇ ਕਿਹਾ ਕਿ ਇਸ ਪੱਤਰ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਅੱਗੇ ਤੋਂ ਨਰਸਿੰਗ 'ਚ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਨਹੀਂ ਕਰਵਾਏਗੀ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਪੱਤਰ ਰਾਹੀਂ ਮੈਡੀਕਲ ਰਜਿਸਟਰਾਰ ਪੰਜਾਬ ਨੂੰ ਸਖਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਖਿਲਾਫ ਸਖਤ ਕਾਰਵਾਈ ਵੀ ਕੀਤੀ ਜਾਵੇ। ਸਮੁੱਚੇ ਮੋਰਚੇ ਦੇ ਆਗੂਆਂ ਨੇ ਜਿੱਥੇ ਸਰਕਾਰ ਤੇ ਪ੍ਰਸ਼ਾਸਨ ਦਾ ਵਿਦਿਆਰਥੀ ਮੰਗਾਂ ਮੰਨਣ 'ਤੇ ਧੰਨਵਾਦ ਕੀਤਾ, ਉਥੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਵਿਦਿਆਰਥੀਆਂ ਨਾਲ ਕੇਕ ਕੱਟ ਕੇ ਖੁਸ਼ੀ ਵੀ ਸਾਂਝੀ ਕੀਤੀ ਗਈ। ਮੋਰਚੇ ਦੇ ਆਗੂਆਂ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਕਿਹਾ ਕਿ ਦਿੱਤੇ ਸਮੇਂ ਅਨੁਸਾਰ ਮੰਗਾਂ ਦੀ ਪੂਰਤੀ ਕੀਤੀ ਜਾਵੇ ਤਾਂ ਜੋ ਅੱਗੋਂ ਮੋਰਚਾ ਲਗਾਉਣ ਦੀ ਲੋੜ ਨਾ ਪਵੇ। ਉਨ੍ਹਾਂ ਵਿਦਿਆਰਥੀਆਂ 'ਤੇ ਕੀਤੇ ਪਰਚੇ ਤੁਰੰਤ ਰੱਦ ਕਰਕੇ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇ। ਰਾਜੂ ਖੰਨਾ ਨੇ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਆਗੂਆਂ ਨੂੰ ਨਾਲ ਲੈ ਕੇ ਹੱਕ ਤੇ ਸੱਚ ਦੀ ਲੜਾਈ ਲੜਦੇ ਰਹਿਣਗੇ। ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਗੇਟ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ, ਜਿਸ ਨੂੰ ਜਥੇਬੰਦੀਆਂ ਦੇ ਆਗੂਆਂ ਵੱਲੋਂ ਸੰਬੋਧਨ ਵੀ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਨਜੀਤ ਸਿੰਘ ਚਨਾਰਥਲ, ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਭਾਈ ਰਵਿੰਦਰ ਸਿੰਘ ਖਾਲਸਾ, ਸੀਨੀਅਰ ਆਗੂ ਅਮਿਤ ਸਿੰਘ ਰਾਠੀ, ਜਸਵੀਰ ਸਿੰਘ ਭੱਦਲਥੂਹਾ, ਸੁਖਵਿੰਦਰ ਸਿੰਘ ਸੌਟੀ, ਗੁਰਦੇਵ ਸਿੰਘ ਸੌਟੀ, ਪ੍ਰੇਮ ਸਿੰਘ ਛੰਨਾ, ਜਥੇਦਾਰ ਸਰਧਾ ਸਿੰਘ ਛੰਨਾ, ਗੁਰਜੀਤ ਸਿੰਘ ਲੁਹਾਰਮਾਜਰਾ, ਕੰਵਲਜੀਤ ਸਿੰਘ ਗਿੱਲ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਜਰਨੈਲ ਸਿੰਘ ਮਾਜਰੀ, ਹਲਕਾ ਇੰਚਾਰਜ ਮਲੇਰਕੋਟਲਾ ਯਾਹਿਦਾ ਸੁਲੇਮਾਨ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਥੇਦਾਰ ਕੁਲਵਿੰਦਰ ਸਿੰਘ ਭੰਗੂ, ਕੇਵਲ ਖਾਂ ਧਰਮਗੜ੍ਹ, ਗੁਰਦੀਪ ਸਿੰਘ ਮੰਡੋਫਲ, ਜਥੇਦਾਰ ਗੁਰਬਖਸ਼ ਸਿੰਘ ਬੈਣਾ, ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਹਰਿੰਦਰ ਸਿੰਘ ਦੀਵਾ, ਰੁਪਿੰਦਰ ਸਿੰਘ ਕੁੰਜਾਰੀ, ਅਮਰਜੀਤ ਸਿੰਘ ਲਾਡਪੁਰ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਸੰਤੋਖ ਸਿੰਘ ਖਨਿਆਣ, ਮਲਕੀਤ ਸਿੰਘ ਅੰਬੇਮਾਜਰਾ, ਡਾ. ਅਰਜੁਨ ਸਿੰਘ, ਡਾ. ਜਸਵੰਤ ਸਿੰਘ ਅਲਾਦਾਦਪੁਰ, ਗੁਰਮੀਤ ਸਿੰਘ ਭੱਟੋ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ ਵੱਖ ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਵਿਦਿਆਰਥੀ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਕਾਤਰਾਂ

### ਬੱਸ ਹਾਦਸੇ 'ਚ ਲਾਪਤਾ ਨੌਜਵਾਨ ਦੀ ਥਾਂਦੇਵਾਲ ਹੈੱਡ ਤੋਂ ਮਿਲੀ ਲਾਸ਼



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੀਤੇ ਦਿਨ ਮੁਕਤਸਰ-ਕੋਟਕਪੂਰਾ ਸੜਕ ਉੱਤੋਂ ਸਰਹੰਦ ਨਹਿਰ ਵਿੱਚ ਬੱਸ ਡਿੱਗਣ ਦੇ ਵਾਪਰੇ ਹਾਦਸੇ ਦੇ ਤੀਜੇ ਦਿਨ ਪਿੰਡ ਥਾਦੇਵਾਲਾ ਨੇੜੇ ਹੈੱਡਵਰਕਸ ਤੋਂ ਇਕ ਲਾਪਤਾ ਨੌਜਵਾਨ ਦੀ ਲਾਸ਼ ਬਰਾਮਦ ਹੋਈ ਹੈ। ਇਸ ਦੀ ਪਹਿਚਾਣ ਰਜਿੰਦਰ ਸਿੰਘ (31 ਸਾਲ) ਪੁੱਤਰ ਬਲਦੇਵ ਸਿੰਘ ਵਾਸੀ ਬਠਿੰਡਾ ਵਜੋਂ ਹੋਈ ਹੈ, ਜੋ ਬਠਿੰਡਾ ਦੀ ਐਕੂਪ੍ਰੋਬ ਲੈਬ ਲਈ ਮੁਕਤਸਰ, ਕੋਟਕਪੂਰਾ, ਫਰੀਦਕੋਟ ਆਦਿ ਲੈਬਟਰੀਆਂ ਵਿੱਚੋਂ ਸੈਂਪਲ ਲੈ ਕੇ ਬਠਿੰਡਾ ਜਾਂਦਾ ਸੀ, ਜੋ ਮੰਦਭਾਗੀ ਬੱਸ ਵਿੱਚ ਸਫਰ ਕਰ ਰਿਹਾ ਸੀ। ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਮੁਕਤਸਰ ਵਿਖੇ ਭੇਜ ਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਰਜਿੰਦਰ ਸਿੰਘ ਸ਼ਾਦੀਸ਼ੁਦਾ ਹੈ ਤੇ ਇੱਕ ਚਾਰ ਸਾਲ ਦੀ ਬੇਟੀ ਹੈ। ਇਸ ਵਿਅਕਤੀ ਦੀ ਲਾਸ਼ ਮਿਲਣ ਨਾਲ ਮਰਨ ਵਾਲਿਆਂ ਦੀ ਗਿਣਤੀ ਨੌਂ ਹੋ ਗਈ ਹੈ। ਅਜੇ ਹੋਰ ਵੀ ਲਾਸ਼ਾਂ ਮਿਲਣ ਦੀ ਸੰਭਾਵਨਾ ਹੈ।

### ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਪਿੰਡਾਂ 'ਚ ਮਾਰਚ ਅੱਜ

**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮੱਖੂ ਦੀਆਂ ਇਕਾਈਆਂ ਵਿੱਚ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਤੇ ਜ਼ੋਨ ਆਗੂਆਂ ਵੱਲੋਂ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਾਅਦਿਆਂ ਵਿੱਚ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਾ ਕਰਵਾਉਣ ਤੇ ਪਿਛਲੇ ਦਿਨੀਂ ਹੜ੍ਹਾਂ ਦੀ ਤਬਾਹੀ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ 22 ਸਤੰਬਰ ਨੂੰ ਪਿੰਡਾਂ ਵਿੱਚ ਵਿਸ਼ਾਲ ਮੋਟਰਸਾਈਕਲ ਮਾਰਚ ਕਰਕੇ ਲੋਕਾਂ ਨੂੰ 28 ਸਤੰਬਰ ਤੋਂ ਰੇਲਵੇ ਟਰੈਕ 'ਤੇ ਲੱਗਣ ਵਾਲੇ ਧਰਨੇ ਬਾਰੇ ਜਾਗਰੂਕ ਕਰਕੇ ਵੱਧ ਤੋਂ ਵੱਧ ਵੱਡੀ ਗਿਣਤੀ 'ਚ ਕਿਸਾਨਾਂ ਨੂੰ ਨਾਲ ਲੈ ਕੇ ਆਪਣੀਆਂ ਹੱਕੀ ਮੰਗਾਂ ਲਾਗੂ ਕਰਵਾਉਣ 'ਤੇ ਹੱਕਾਂ 'ਤੇ ਮਾਰੇ ਜਾ ਰਹੇ ਡਾਕਿਆਂ ਤੋਂ ਸਰਕਾਰ ਦੇ ਮਨਸੂਬਿਆਂ ਨੂੰ ਫੇਲ੍ਹ ਕੀਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਤਲਵੰਡੀ, ਲਖਵਿੰਦਰ ਸਿੰਘ ਵਸਤੀ ਨਾਮਦੇਵ, ਬਲਕਾਰ ਸਿੰਘ ਜੋਗੇਵਾਲਾ, ਕਮਲਜੀਤ ਸਿੰਘ ਮਰਹਾਣਾ, ਗੁਰਭੇਜ ਸਿੰਘ ਫੇਮੀਵਾਲਾ, ਜਗਤਾਰ ਸਿੰਘ ਵਾਰਸਵਾਲਾ ਜੱਟਾਂ, ਹਰਵਿੰਦਰ ਸਿੰਘ ਮੰਨੂਮਾਛੀ ਆਦਿ ਆਗੂ ਹਾਜ਼ਰ ਸਨ।

### ਸੁਵਿਧਾ ਯੂਨੀਅਨ ਵੱਲੋਂ ਨਵੀਂ ਕਮੇਟੀ ਦਾ ਗਠਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੁਵਿਧਾ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਰੁਣ ਕੁਮਾਰ ਦੀ ਪ੍ਰਧਾਨਗੀ ਹੇਠ ਸਾਰਾਗੜ੍ਹੀ ਗੁਰਦੁਆਰਾ ਫਿਰੋਜ਼ਪੁਰ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ।ਮੀਟਿੰਗ ਦੀ ਸ਼ੁਰੂਆਤ ਵਿੱਚ ਯੂਨੀਅਨ ਦੇ ਪ੍ਰਧਾਨ ਅਰੁਣ ਕੁਮਾਰ ਨੇ ਸਭ ਸਾਥੀਆਂ ਨੂੰ ਜੀ ਆਇਆਂ ਆਖਿਆ ਤੇ ਯੂਨੀਅਨ ਦੀਆਂ ਚੱਲ ਰਹੀਆਂ ਗਤੀਵਿਧੀਆਂ ਬਾਰੇ ਸਾਥੀਆਂ ਨੂੰ ਜਾਣੂ ਕਰਵਾਇਆ।ਇਸ ਮੌਕੇ ਯੂਨੀਅਨ ਦੀ ਆਪਸੀ ਸਹਿਮਤੀ ਨਾਲ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਬਖਸ਼ੀਸ਼ ਸਿੰਘ ਔਲਖ ਨੂੰ ਜ਼ਿਲ੍ਹਾ ਪ੍ਰਧਾਨ, ਦੀਪਾਂਕਰ ਮਨੋਚਾ ਵਾਈਸ ਪ੍ਰਧਾਨ, ਲੱਖਾ ਘਾਰੂ ਖਜ਼ਾਨਚੀ ਤੇ ਦਵਿੰਦਰ ਸਿੰਘ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਸੰਜੀਵ ਹਾਂਡਾ, ਰਮਨ ਪਾਸੀ ਤੇ ਵਿਜੈ ਕੁਮਾਰ ਨੂੰ ਯੂਨੀਅਨ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ।ਇਸ ਮੌਕੇ ਅਮਿਤ ਕੁਮਾਰ, ਮ੍ਰਿਤੁੰਜੇ, ਰਮੇਸ਼ ਸੁਲਹਾਣੀ ਤੇ ਸੱਤਪਾਲ ਸਾਥੀ ਹਾਜ਼ਰ ਸਨ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਏ ਡੀ ਸੀ ਨਾਲ ਮੀਟਿੰਗ



ਮੀਟਿੰਗ ਮੌਕੇ ਨਰੇਗਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਸੰਬੰਧੀ ਜਾਣੂ ਕਰਵਾਉਂਦੇ ਹੋਏ ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਖੋਸਾ ਤੇ ਹੋਰ ਆਗੂ।

**ਮੋਗਾ (ਅਮਰਜੀਤ ਬੱਬਰੀ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਜ਼ਿਲ੍ਹਾ ਮੋਗਾ ਵੱਲੋਂ ਨਰੇਗਾ ਕਾਮਿਆਂ ਦੇ ਮਸਲਿਆਂ ਤੇ ਸਮੱਸਿਆਵਾਂ ਨੂੰ ਲੈ ਕੇ ਅਤੇ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਅਨੀਤਾ ਦਰਸ਼ੀ ਨਾਲ ਮੀਟਿੰਗ ਹੋਈ। ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਖੋਸਾ ਤੇ ਜ਼ਿਲ੍ਹਾ ਸਲਾਹਕਾਰ ਕੁਲਦੀਪ ਭੋਲਾ ਦੀ ਅਗਵਾਈ ਵਿੱਚ ਮਿਲੇ ਵਫਦ 'ਚ ਯੂਨੀਅਨ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੁਖਾਵੇਂ ਮਾਹੌਲ ਵਿੱਚ ਹੋਈ ਮੀਟਿੰਗ 'ਚ ਯੂਨੀਅਨ ਵੱਲੋਂ ਉਠਾਏ ਨੁਕਤਿਆਂ 'ਤੇ ਵਿਚਾਰ ਵਟਾਂਦਰੇ ਤੋਂ ਬਾਅਦ ਫੈਸਲਾ ਹੋਇਆ ਕਿ ਨਰੇਗਾ ਕਾਮਿਆਂ ਨੂੰ ਕੰਮ ਦੀਆਂ ਅਰਜ਼ੀਆਂ ਦੀਆਂ ਰਸੀਦਾਂ ਲਾਜ਼ਮੀ ਦਿੱਤੀਆਂ ਜਾਣਗੀਆਂ ਅਤੇ ਮੰਗ ਅਨੁਸਾਰ ਕੰਮ ਜਾਂ ਬੇਰੁਜ਼ਗਾਰੀ ਭੱਤਾ ਯਕੀਨੀ ਬਣਾਇਆ ਜਾਵੇਗਾ। ਕਾਮਿਆਂ ਨੂੰ ਲੋੜ ਅਨੁਸਾਰ ਸੰਦ ਵਗੈਰਾ ਵੀ ਮੁਹੱਈਆ ਕਰਵਾਏ ਜਾਣਗੇ। ਕੰਮ ਵਾਲੀ ਥਾਂ 'ਤੇ ਮਸਟਰੋਲ ਲਾਜ਼ਮੀ ਰੱਖਿਆ ਜਾਵੇਗਾ, ਤਾਂ ਜੋ ਕੋਈ ਵੀ ਮਜ਼ਦੂਰ ਆਪਣੀ ਹਾਜ਼ਰੀ ਚੈੱਕ ਕਰ ਸਕੇ। ਕੁਝ ਪਿੰਡਾਂ ਦੇ ਨਰੇਗਾ ਮਜ਼ਦੂਰਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਦਿੱਤੀ ਘੱਟ ਦਿਹਾੜੀ ਦੇ ਸਬੰਧ ਵਿੱਚ ਵੀ ਮਜ਼ਦੂਰਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ ਕੰਮ ਵਾਲੀ ਥਾਂ 'ਤੇ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਕਿ ਫਸਟ ਏਡ ਬਾਕਸ, ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਆਦਿ ਨੂੰ ਯਕੀਨੀ ਬਣਾਉਣ ਦਾ ਵਾਅਦਾ ਮਜ਼ਦੂਰਾਂ ਨਾਲ ਕੀਤਾ ਗਿਆ। ਕੁਝ ਥਾਵਾਂ 'ਤੇ ਲੱਗੀਆਂ ਗਲਤ ਹਾਜ਼ਰੀਆਂ ਦੀ ਪੜਤਾਲ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਵੀ ਯੂਨੀਅਨ ਆਗੂਆਂ ਨੂੰ ਦਿੱਤਾ ਗਿਆ।

ਮੀਟਿੰਗ ਵਿੱਚ ਬਲਾਕਾਂ ਦੇ ਸਹਾਇਕ ਪ੍ਰੋਗਰਾਮ ਅਫਸਰ (ਏ.ਪੀ.ਓ.), ਤਕਨੀਕੀ ਸਹਾਇਕ (ਕੀ.ਏ.) ਤੋਂ ਇਲਾਵਾ ਯੂਨੀਅਨ ਵੱਲੋਂ ਸ਼ੇਰ ਸਿੰਘ ਦੌਲਤਪੁਰਾ, ਸਰਬਜੀਤ ਕੌਰ ਬੁੱਧ ਸਿੰਘ ਵਾਲਾ, ਮਹਿੰਦਰ ਸਿੰਘ ਧੂੜਕੋਟ, ਹਰਭਜਨ ਸਿੰਘ ਬਿਲਾਸਪੁਰ, ਕਮਲੇਸ਼ ਸਿੰਘ ਤੇ ਅਮਰਜੀਤ ਸਿੰਘ ਇੰਦਗੜ੍ਹ ਹਾਜ਼ਰ ਸਨ।

# ਡਾ. ਬੀ ਐੱਸ ਸੰਧੂ ਸਕੂਲ ਦੇ ਅਭੀਜੀਤ ਨੇ ਬਾਕਸਿੰਗ 'ਚ ਸੋਨ ਤਮਗਾ ਜਿੱਤਿਆ



**ਦੇਵੀਗੜ੍ਹ/ਪਟਿਆਲਾ (ਵਿਜੇ ਕੁਮਾਰ ਸ਼ਰਮਾ)**-ਡਾ. ਬੀ ਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ ਘੜਾਮ ਰੋਡ ਜੁਲਾਹਖੇੜੀ ਦੇ ਵਿਦਿਆਰਥੀਆਂ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਆਪਣੇ ਜੌਹਰ ਦਿਖਾ ਕੇ ਸਕੂਲ, ਇਲਾਕੇ ਤੇ ਆਪਣੇ ਮਾਤਾ-ਪਿਤਾ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੱਕ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਇਸ ਸਕੂਲ ਦੇ ਬਾਕਸਿੰਗ ਚੈਂਪੀਅਨ, ਜਿਸ ਨੇ ਅੰਤਰਰਾਸ਼ਟਰੀ ਪੱਧਰ ਤੱਕ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ, ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਚੈਂਪੀਅਨਸ਼ਿਪ ਖੇਡ ਮੁਕਾਬਲੇ ਵਿੱਚ ਭਾਗ ਲੈਂਦਿਆਂ ਸੋਨੇ ਦਾ ਤਮਗਾ ਹਾਸਲ ਕੀਤਾ ਹੈ। ਮੌਕੇ 'ਤੇ ਮੌਜੂਦ ਅਧਿਕਾਰੀਆਂ ਨੇ ਅਭੀਜੀਤ ਸਿੰਘ ਸਿੱਧੂ ਨੂੰ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਅਤੇ ਮੈਡਲ ਪਾ ਕੇ ਸਨਮਾਨਤ ਕੀਤਾ। ਜ਼ਿਕਰਯੋਗ ਹੈ ਕਿ ਅਭੀਜੀਤ ਸਿੰਘ ਸਿੱਧੂ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੈਡਲ ਜਿੱਤਣ ਕਾਰਨ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਮਾਤਾ ਜੀ ਵੱਲੋਂ ਵੀ ਸਨਮਾਨਤ ਕੀਤਾ ਗਿਆ ਹੈ। ਸਕੂਲ ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਤੇ ਚੇਅਰਮੈਨ ਹਰਦੀਪ ਸਿੰਘ ਸੰਧੂ ਨੇ ਵੀ ਅਭਿਜੀਤ ਸਿੰਘ ਸਿੱਧੂ ਨੂੰ ਜਿੱਤ ਦੀ ਵਧਾਈ ਦਿੰਦੇ ਹੋਏ ਸੂਬਾ ਪੱਧਰੀ ਤੇ ਰਾਸ਼ਟਰ ਪੱਧਰ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

# ਜੇਲ੍ਹ ਬੰਦੀਆਂ ਲਈ ਵੋਕੇਸ਼ਨਲ ਲਿਟਰੇਸੀ ਮੁਹਿੰਮ ਦੀ ਸ਼ੁਰੂਆਤ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਜੇਲ੍ਹ ਬੰਦੀਆਂ ਨੂੰ ਕਿੱਤਾਮੁਖੀ ਕੋਰਸ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੀ ਸ਼ੁਰੂਆਤ ਸ੍ਰੀ ਆਰ. ਐੱਸ. ਰਾਏ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਸ਼੍ਰੀ ਪੀ. ਐੱਸ. ਕਾਲੇਕਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਤੇ ਸ਼੍ਰੀ ਮਨਜੀਤ ਸਿੰਘ ਟਿਵਾਣਾ ਜੇਲ੍ਹ ਸੁਪਰਡੈਂਟ ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਰਾਏ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜੇਲ੍ਹ ਬੰਦੀਆਂ ਨੂੰ ਕਿੱਤਾਮੁਖੀ ਸਿਖਲਾਈ ਦੇਣ ਲਈ ਪੂਰੇ ਪੰਜਾਬ ਵਿੱਚ ਇੱਕ ਮਹੀਨੇ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜੋ 20 ਅਕਤੂਬਰ 2023 ਤੱਕ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਅਧੀਨ ਇਲੈਕਟ੍ਰੀਕਲ ਵਿਟਿੰਗ, ਤਰਖਾਣ ਦਾ ਕੰਮ, ਟੇਲਰ ਦਾ ਕੰਮ, ਖੇਤੀਬਾੜੀ, ਬਾਗਬਾਨੀ, ਆਚਾਰ ਪਾਉਣ ਤੇ ਬੇਕਰੀ ਆਦਿ ਸਬੰਧੀ ਕੋਰਸ ਕਰਵਾਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਦਾ ਮੁੱਖ ਮੰਤਵ ਜੇਲ੍ਹ ਬੰਦੀਆਂ ਦੇ ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਮੁੜ ਵਸੇਬੇ ਨੂੰ ਸੁਖਾਲਾ ਬਣਾਉਣਾ ਹੈ ਤਾਂ ਜੋ ਉਹ ਰਿਹਾਈ ਉਪਰੰਤ ਕਿਸੇ ਕਿੱਤੇ 'ਤੇ ਲੱਗ ਸਕਣ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ ਅਤੇ ਵਧੀਆ ਜੀਵਨ ਬਤੀਤ ਕਰ ਸਕਣ। ਅੰਤ ਵਿੱਚ ਉਨ੍ਹਾ ਸਮੂਹ ਜੇਲ੍ਹ ਬੰਦੀਆਂ ਨੂੰ ਇਸ ਮੁਹਿੰਮ ਦੌਰਾਨ ਕਿੱਤਾ ਮੁਖੀ ਕੋਰਸਾਂ ਦੀ ਸਿਖਲਾਈ ਪ੍ਰਾਪਤ ਕਰਨ ਦੀ ਅਪੀਲ ਕੀਤੀ।

# ਕਿਰਤੀ ਕਾਲਜ 'ਚ ਪ੍ਰਤਿਭਾ ਖੋਜ ਮੁਕਾਬਲੇ

- ਖੇਤਰੀ ਯੁਵਕ ਮੇਲੇ ਲਈ ਹੁਨਰਮੰਦ ਵਿਦਿਆਰਥੀਆਂ ਦੀ ਚੋਣ



ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਕਾਲਜ ਸਟਾਫ਼ ਨਾਲ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਹੇਠ ਪ੍ਰਤਿਭਾ ਖੋਜ ਮੁਕਾਬਲਾ ਕਰਾਇਆ ਗਿਆ। ਮੁਕਾਬਲੇ ਦਾ ਮੁੱਖ ਮਕਸਦ ਯੋਗ ਵਿਦਿਆਰਥੀਆਂ ਦੀ ਪਛਾਣ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗਰੂਰ ਜ਼ੋਨ ਵਿੱਚ ਹੋਣ ਵਾਲੇ ਖੇਤਰੀ ਯੁਵਕ ਮੇਲੇ ਲਈ ਹੁਨਰਮੰਦ ਵਿਦਿਆਰਥੀਆਂ ਦੀ ਚੋਣ ਕਰਨਾ ਸੀ। ਪ੍ਰੋਗਰਾਮ ਦੌਰਾਨ ਯੂਥ ਕੋਆਰਡੀਨੇਟਰ ਡਾ ਗੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਵੱਖ-ਵੱਖ ਵੰਨਗੀਆਂ ਅਤੇ ਉਹਨਾਂ ਲਈ ਤਹਿ ਕੀਤੇ ਗਏ ਨਿਯਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੀ ਚੋਣ ਲਈ ਬਣਾਈ ਗਈ ਕਮੇਟੀ ਵਿੱਚ ਸ਼ਾਮਲ ਪ੍ਰੋ. ਮੀਨੂੰ ਗੌੜ, ਪ੍ਰੋ. ਹਰਮੀਤ ਸਿੰਘ, ਪ੍ਰੋ. ਸੰਦੀਪ ਕੌਰ, ਪ੍ਰੋਫੈਸਰ ਮਨਿੰਦਰ ਸਿੰਘ ਨੇ ਆਪਣੀ ਡਿਊਟੀ ਬਾਖੂਬੀ ਨਿਭਾਈ।

ਪ੍ਰੋ ਮੀਨੂੰ ਗੌੜ ਨੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਅਗਲੇਰੀ ਤਿਆਰੀ ਲਈ ਪ੍ਰੇਰਤ ਕੀਤਾ। ਇਸ ਪ੍ਰੋਗਰਾਮ ਤਹਿਤ ਕਾਲਜ ਵਾਇਸ ਪ੍ਰਿੰਸੀਪਲ ਡਾ. ਅਨੁਰਾਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੁਣੇ ਗਏ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਇਸ ਖੇਤਰੀ ਯੁਵਕ ਮੇਲੇ ਦੀ ਮਹੱਤਤਾ ਦੱਸਦੇ ਹੋਏ ਵਿਦਿਆਰਥੀਆਂ ਨੂੰ ਇਸ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਤ ਕੀਤਾ।

ਇਸ ਪ੍ਰਤਿਭਾ ਖੋਜ ਮੁਕਾਬਲੇ ਵਿੱਚ ਡਾ. ਜਸਵਿੰਦਰ ਸ਼ਰਮਾ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਖੇਤਰੀ ਯੁਵਕ ਮੇਲਿਆਂ ਵਿੱਚ ਭਾਗ ਲੈ ਕੇ ਆਪਣੀ ਪ੍ਰਤਿਭਾ ਨੂੰ ਪਛਾਣ ਸਕਦੇ ਹਨ। ਕਾਲਜ ਦੇ ਵਿਦਿਆਰਥੀਆਂ ਨੇ ਖੇਤਰੀ ਯੁਵਕ ਮੇਲੇ ਦੀਆਂ ਵੱਖ-ਵੱਖ ਵੰਨਗੀਆਂ ਗੀਤ, ਗ਼ਜ਼ਲ, ਕਵਿਤਾ ਉਚਾਰਨ, ਭਾਸ਼ਣ, ਵਾਦ-ਵਿਵਾਦ, ਗਿੱਧਾ, ਭੰਗੜੇ ਵਿੱਚ ਭਾਗ ਲਿਆ। ਇਸ ਦੌਰਾਨ ਕਾਲਜ ਸਟਾਫ਼ ਪ੍ਰੋ. ਰਮਨਜੀਤ ਕੌਰ, ਡਾ. ਬਲਕਾਰ ਸਿੰਘ, ਪ੍ਰੋ. ਗੁਰਜੀਤ ਨਿਰਮਾਨ, ਪ੍ਰੋ. ਜਤਿੰਦਰ ਸਿੰਘ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।

# ਚੋਰਾਂ ਨੇ ਔਰਤ ਦੀ ਬਾਂਹ 'ਚ ਪਾਈਆਂ ਸੋਨੇ ਦੀਆਂ ਚੂੜੀਆਂ ਗਾਇਬ ਕੀਤੀਆਂ



ਸੋਨੇ ਦੀਆਂ ਚੂੜੀਆਂ ਸੰਬੰਧੀ ਰਿਪੋਰਟ ਦਰਜ ਕਰਾਉਂਦੇ ਹੋਏ ਪਰਵਾਰਕ ਮੈਂਬਰ।

**ਤਪਾ ਮੰਡੀ (ਅਰੁਣ ਗੋਇਲ)**-ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਹੋਏ ਧਾਰਮਿਕ ਸਮਾਗਮ ਦੇ ਅੰਤਮ ਦਿਨ ਕੁੱਝ ਨਾਮਾਲੂਮ ਚੋਰਾਂ ਨੇ ਇੱਕ ਮਹਿਲਾ ਦੇ ਬਾਹ 'ਚ ਪਾਈਆਂ ਦੋ ਸੋਨੇ ਦੀਆਂ ਚੂੜੀਆਂ ਵੱਢ ਕੇ ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਰਾਮ ਲਾਲ ਠੇਕੇਦਾਰ ਨੇ ਪੁਲਸ ਚੌਕੀ ਤਪਾ 'ਚ ਲਿਖਵਾਈ ਰਿਪੋਰਟ 'ਚ ਦੱਸਿਆ ਕਿ ਉਸ ਦੀ ਬੇਟੀ ਨੀਲਮ ਰਾਣੀ ਪਰਵਾਰ ਸਮੇਤ ਜ਼ੀਰਕਪੁਰ ਤੋਂ ਡੇਰੇ 'ਚ ਮੱਥਾ ਟੇਕਣ ਲਈ ਆਈ ਹੋਈ ਸੀ, ਮੱਥਾ ਟੇਕਣ ਸਮੇਂ ਲੱਗੀ ਭੀੜ 'ਚ ਹੀ ਉਹ ਲੱਗੀ ਹੋਈ ਸੀ ਤਾਂ ਕੁਝ ਨਾਮਾਲੂਮ ਚੋਰਾਂ ਨੇ ਉਸ ਦੀ ਬਾਂਹ 'ਚ ਪਾਈ ਦੋ ਸੋਨੇ ਦੀਆਂ ਚੂੜੀਆਂ ਕਿਸੇ ਤੇਜ਼ਧਾਰ ਕੈਂਚੀ ਨਾਲ ਵੱਢ ਕੇ ਲੈ ਗਏ। ਚੋਰੀ ਹੋਈਆਂ ਚੂੜੀਆਂ ਸੰਬੰਧੀ ਜਦ ਮੇਰੀ ਬੇਟੀ ਨੂੰ ਪਤਾ ਲੱਗਾ ਤਾਂ ਉਸ ਨੇ ਪਰਵਾਰ 'ਚ ਡਰਦੀ ਮਾਰੀ ਨੇ ਨਹੀਂ ਦੱਸਿਆ। ਜਦ ਦੱਸਿਆ ਤਾਂ ਡੇਰੇ 'ਚ ਲੱਗੇ ਸੀਸੀਟੀਵੀ ਕੈਮਰੇ ਖੰਘਾਲ ਕੇ ਦੇਖੇ ਤਾਂ ਪਤਾ ਲੱਗਾ ਕਿ ਚਾਰ ਮਹਿਲਾ ਚੋਰਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਉਸ ਦਿਨ ਇੱਕ ਮੋਟਰਸਾਈਕਲ, ਕੁਝ ਬਟੂਏ, 2-3 ਮੋਬਾਇਲ ਤੇ ਕੁਝ ਨਕਦੀ ਵੀ ਚੋਰੀ ਹੈ। ਦੱਸਣਯੋਗ ਹੈ ਕਿ ਇਸ ਧਾਰਮਿਕ ਸਮਾਗਮ ਸਮੇਂ ਵੱਡੀ ਪੱਧਰ 'ਤੇ ਪੁਲਸ ਤੈਨਾਤ ਹੋਣ ਦੇ ਬਾਵਜੂਦ ਚੋਰ ਚੌਕੰਨੇ ਰਹੇ ਤੇ ਪੁਲਸ ਸੁਸਤ ਰਹੀ। ਚੌਕੀ ਇੰਚਾਰਜ ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਦਰਖਾਸਤ ਮਿਲ ਗਈ ਹੈ, ਜਾਂਚ ਕਰਕੇ ਚੋਰਾਂ ਨੂੰ ਜਲਦੀ ਫੜਨ ਲਿਆ ਜਾਵੇਗਾ।

# ਮੁੱਖ ਮੰਤਰੀ ਦਫ਼ਤਰ ਅੱਗੇ ਪੱਕਾ ਮੋਰਚਾ ਦੂਜੇ ਦਿਨ ਵੀ ਜਾਰੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਨਹਿਰੀ ਪਾਣੀ ਲੈਣ ਲਈ ਕਿਸਾਨਾਂ ਵੱਲੋਂ ਮੁੱਖ ਮੰਤਰੀ ਦਫ਼ਤਰ ਧੂਰੀ ਅੱਗੇ ਟ੍ਰੈਕਟਰ-ਟਰਾਲੀਆਂ ਲਾ ਕੇ ਲਾਏ ਪੱਕੇ ਮੋਰਚੇ ਦੇ ਦੂਜੇ ਦਿਨ ਵੀ ਕਿਸਾਨਾਂ ਦੇ ਮਸਲਿਆਂ ਦਾ ਕੋਈ ਹੱਲ ਨਾ ਹੋਇਆ ਅਤੇ ਕਿਸਾਨਾਂ ਨੇ ਪੱਕੀ ਸਟੇਜ ਲਾ ਕੇ ਪੰਜਾਬ ਸਰਕਾਰ ਦੀ ਜੰਮ ਕੇ ਨਿਖੇਧੀ ਕੀਤੀ। ਕਿਸਾਨਾਂ ਵੱਲੋਂ ਮੋਰਚੇ ਵਿੱਚ ਹੀ ਲੰਗਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਇੱਥੇ ਟਰਾਲੀਆਂ ਵਿੱਚ ਦਿੱਲੀ ਮੋਰਚੇ ਦੀ ਤਰ੍ਹਾਂ ਹੀ ਪੱਕੇ ਰੈਣ ਬਸੇਰੇ ਬਣਾ ਲਏ ਹਨ।

ਕਿਸਾਨਾਂ ਨੂੰ ਸੰਬੋਧਨ ਕਰਦਿਆਂ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੀਨੀਅਰ ਆਗੂ ਮੱਘਰ ਸਿੰਘ ਭੂਦਨ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸਾ, ਬੀਕੇਯੂ ਕਾਦੀਆਂ ਦੇ ਆਗੂ ਗੁਰਮੁਖ ਸਿੰਘ, ਬੀਕੇਯੂ ਲੱਖੋਵਾਲ ਦੇ ਆਗੂ ਵਰਿੰਦਰ ਸਿੰਘ ਬਰੜਵਾਲ ਨੇ ਕਿਹਾ ਕਿ ਕੱਲ੍ਹ ਤੋਂ ਕਿਸਾਨ ਮੁੱਖ ਮੰਤਰੀ ਦਫ਼ਤਰ ਅੱਗੇ ਬੈਠੇ ਨਹਿਰੀ ਪਾਣੀ ਦੀ ਮੰਗ ਕਰ ਰਹੇ ਹਨ, ਪਰ ਮੁੱਖ ਮੰਤਰੀ ਦੇ ਕਿਸੇ ਨੁਮਾਇੰਦੇ ਵੱਲੋਂ ਕਿਸਾਨਾਂ ਦੀ ਗੱਲ ਨਾ ਸੁਣਨਾ ਇਸ ਸਰਕਾਰ ਦੇ ਲੋਕਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ ਸੱਤਾ ਦੇ ਨਸ਼ੇ ਵਿੱਚ ਹੋਣ ਦਾ ਸਬੂਤ ਹਨ। ਪਿਛਲੇ ਇੱਕ ਸਾਲ ਤੋਂ ਨਹਿਰੀ ਪਾਣੀ ਲੈਣ ਲਈ ਮੁਹਿੰਮ ਚੱਲ ਰਹੀ ਹੈ, ਪਰ ਸਰਕਾਰ ਨੇ ਕੋਈ ਅੱਜ ਤੱਕ ਕੋਈ ਠੋਸ ਹੱਲ ਨਹੀਂ ਕੀਤਾ। ਇਸ ਕਰਕੇ ਮੁੱਖ ਮੰਤਰੀ ਦਫਤਰ ਅੱਗੇ ਪੱਕਾ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਿਆ। ਜੇ ਸਰਕਾਰ ਦਾ ਇਹੀ ਰਵੱਈਆ ਰਿਹਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਮੋਰਚੇ ਨੂੰ ਸੰਘਰਸ਼ ਕਮੇਟੀ ਦੇ ਆਗੂ ਸੁਖਵਿੰਦਰ ਸਿੰਘ ਚੂੰਘਾਂ, ਰਣਜੀਤ ਸਿੰਘ ਹਥਨ, ਚਮਕੌਰ ਸਿੰਘ ਬਧਰਾਵਾਂ, ਜਗਤਾਰ ਸਿੰਘ ਘਨੌਰ, ਲਾਭ ਸਿੰਘ ਨੱਥੋਹੇੜੀ, ਜਸਵਿੰਦਰ ਸਿੰਘ ਬੱਲਮਗੜ੍ਹ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ, ਹਰਦਮ ਸਿੰਘ ਰਾਜੋਮਾਜਰਾ, ਅਵਤਾਰ ਸਿੰਘ ਸਾਹੋਕੇ, ਕਰਮਜੀਤ ਸਿੰਘ ਸਤੀਪੁਰਾ, ਕੁਲਦੀਪ ਸਿੰਘ, ਬੀਕੇਯੂ ਉਗਰਾਹਾਂ ਦੇ ਬਲਾਕ ਪ੍ਰਧਾਨ ਮਲਕੀਤ ਸਿੰਘ ਹੇੜੀਕੇ, ਬਲਵੀਰ ਸਿੰਘ ਪੰਜਗਰਾਈਆਂ ਨੇ ਸੰਬੋਧਨ ਕੀਤਾ। ਆੜ੍ਹਤੀ ਐਸੋਸੀਏਸ਼ਨ ਮਾਲੇਰਕੋਟਲਾ ਦੇ ਪ੍ਰਧਾਨ ਤਰਸੇਮ ਸਿੰਘ ਭੂਦਨ ਤੇ ਲੋਕ ਸੰਘਰਸ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਅਲਾਲ ਨੇ ਵੀ ਮੋਰਚੇ ਦਾ ਸਮਰਥਨ ਕੀਤਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਅਨਾਜ ਮੰਡੀ ਸਮਾਣਾ ਵਿਖੇ ਰੈਲੀ

- ਭਾਰਤ-ਪਾਕਿ 'ਚ ਵਪਾਰ ਅਟਾਰੀ ਤੇ ਹੁਸੈਨੀਵਾਲਾ ਸੜਕੀ ਲਾਂਘਿਆਂ ਰਾਹੀਂ ਖੋਲ੍ਹਣ ਦੀ ਮੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਕਿਰਤੀ ਕਿਸਾਨ ਯੂਨੀਅਨ ਨੇ ਸਮਾਣਾ ਅਨਾਜ ਮੰਡੀ ਵਿਖੇ ਰੈਲੀ ਕਰਕੇ ਭਾਰਤ-ਪਾਕਿਸਤਾਨ ਵਪਾਰ ਨੂੰ ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਸੜਕੀ ਲਾਂਘਿਆਂ ਰਾਹੀਂ ਖੋਲ੍ਹਣ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਰੈਲੀ ਵਿੱਚ ਮੰਗ ਕੀਤੀ ਗਈ ਕਿ ਕਿਸਾਨਾਂ ਨੂੰ ਆਪਣੀ ਉਪਜ ਸਮੇਤ ਹੋਰ ਵਰਗਾਂ ਨੂੰ ਵੀਜ਼ਾ ਸ਼ਰਤਾਂ ਖਤਮ ਕਰਕੇ ਪਾਸਪੋਰਟ 'ਤੇ ਸਿੱਧਾ ਵਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਕੇਂਦਰ ਸਰਕਾਰ ਵੱਲੋਂ ਬਾਸਮਤੀ ਦੇ ਨਿਰਯਾਤ ਉੱਪਰ 1200 ਡਾਲਰ ਪ੍ਰਤੀ ਟਨ ਦੀ ਲਾਈ ਸ਼ਰਤ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਵਰਣਨਯੋਗ ਹੈ ਕਿ ਕਿਰਤੀ ਕਿਸਾਨ ਯੂਨੀਅਨ ਵੱਲੋਂ ਇਸ ਮੁੱਦੇ ਤੇ ਛੇੜੀ ਮੁਹਿੰਮ ਨੂੰ ਸਮਾਜ ਦੇ ਵੱਖ ਵੱਖ ਤਬਕਿਆਂ ਨੇ ਭਰਵਾਂ ਸਹਿਯੋਗ ਦਿੰਦਿਆਂ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਵੀ ਕੀਤੀ। ਇੱਕਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਾਮਿੰਦਰ ਪਟਿਆਲਾ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਫਤਿਹਪੁਰ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨਾਂ ਨੂੰ ਭਾਰਤ ਪਾਕਿਸਤਾਨ ਵਿਚਕਾਰ ਦੁਸ਼ਮਣੀ ਦੀ ਅੱਗ ਬਾਲਣ ਦੀ ਥਾਂ ਦੋਸਤਾਨਾ ਰਿਸ਼ਤਿਆਂ ਨੂੰ ਉਸਾਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਇਸ ਸਾਂਝ ਨੂੰ ਉਸਾਰਨ ਵਿੱਚ ਭਾਰਤ ਪਾਕਿਸਤਾਨ ਵਪਾਰ ਇੱਕ ਮਹੱਤਵਪੂਰਨ ਕੜੀ ਹੈ। ਭਾਰਤ ਸਰਕਾਰ ਨੇ 2019 'ਚ ਪਾਕਿਸਤਾਨ ਨੂੰ ਵਪਾਰ ਲਈ ਅਨੁਕੂਲ ਦੇਸ਼ਾਂ ਦੀ ਸੂਚੀ ਵਿੱਚੋਂ ਖਾਰਜ ਕਰਕੇ ਗੈਰ-ਜ਼ਰੂਰੀ ਵਸਤਾਂ ਉੱਪਰ 200% ਰੈਗੂਲੇਟਰੀ ਡਿਊਟੀ ਲਗਾ ਦਿੱਤੀ ਸੀ, ਜਿਸ ਕਾਰਨ ਪੰਜਾਬ ਦੇ ਸੜਕੀ ਲਾਂਘਿਆਂ ਰਾਹੀਂ ਪਾਕਿਸਤਾਨ ਨਾਲ ਵਪਾਰ ਨਾ ਸਿਰਫ ਤਬਾਹ ਹੋ ਗਿਆ, ਬਲਕਿ ਪੰਜਾਬ ਦੇ ਹਿੱਤਾਂ ਨੂੰ ਭਾਰੀ ਢਾਹ ਵੀ ਲੱਗੀ। ਕੇਂਦਰ ਦੀ ਭਾਜਪਾ ਸਰਕਾਰ ਤੇ ਅਡਾਨੀ ਵਰਗੇ ਕਾਰਪੋਰੇਟ ਦੇ ਹਿੱਤ ਪੂਰਨ ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਇਲਜ਼ਾਮ ਲਗਾਉਂਦਿਆਂ ਕਿਸਾਨ ਆਗੂਆਂ ਨੇ ਪੰਜਾਬ ਦੇ ਸੜਕੀ ਲਾਂਘਿਆਂ ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਰਾਹੀਂ ਇਹ ਵਪਾਰ ਖੋਲ੍ਹਣ ਦੀ ਜ਼ੋਰਦਾਰ ਮੰਗ ਕੀਤੀ।

ਕਾਨਫਰੰਸ ਦੌਰਾਨ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਦਲਜਿੰਦਰ ਸਿੰਘ ਹਰਿਆਊ, ਜ਼ਿਲ੍ਹਾ ਵਿੱਤ ਸਕੱਤਰ ਕੁਲਵੀਰ ਸਿੰਘ ਟੋਡਰਪੁਰ, ਮਨਿੰਦਰ ਤਰਖਾਣਮਾਜਰਾ ਤੇ ਬਲਾਕ ਪ੍ਰਧਾਨ ਸ਼ੇਰ ਸਿੰਘ ਕਾਕੜਾ ਨੇ ਕਿਹਾ ਕਿ ਮੌਜੂਦਾ ਸਮੇਂ ਦੋਹਾਂ ਮੁਲਕਾਂ ਵਿਚਕਾਰ 80% ਵਪਾਰ ਸਮੁੰਦਰੀ ਰਸਤਿਆਂ ਰਾਹੀਂ ਜਾਂ ਅਸਿੱਧੇ ਰੂਪ ਵਿੱਚ ਦੁਬਈ ਰਾਹੀਂ ਹੋ ਰਿਹਾ ਹੈ, ਜੋ ਕਿ ਬਹੁਤ ਮਹਿੰਗਾ ਪੈਂਦਾ ਹੈ। ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਸੜਕੀ ਰਸਤਿਆਂ ਰਾਹੀਂ ਸਿੱਧਾ ਵਪਾਰ ਨਾ ਸਿਰਫ ਸਸਤਾ ਪਵੇਗਾ, ਬਲਕਿ ਉੱਤਰ-ਭਾਰਤ ਖਾਸ ਕਰਕੇ ਪੰਜਾਬ ਦੇ ਕਿਸਾਨਾਂ, ਵਪਾਰੀਆਂ, ਖੇਤੀ ਸੰਦ ਬਣਾਉਣ ਵਾਲੇ ਕਾਰੀਗਰਾਂ, ਟਰੱਕ ਉਪਰੇਟਰਾਂ ਤੇ ਮਜ਼ਦੂਰਾਂ ਲਈ ਨਵੇਂ ਰੁਜ਼ਗਾਰ ਤੇ ਆਰਥਿਕ ਖੁਸ਼ਹਾਲੀ ਦਾ ਸਾਧਨ ਬਣ ਸਕਦਾ ਹੈ। ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਗਿੱਲ ਤੇ ਸੁਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ 350 ਦੇ ਲਗਭਗ ਵਸਤਾਂ ਦਾ ਵਪਾਰ ਹੁੰਦਾ ਰਿਹਾ ਜੋ ਕਿ ਸਾਬਿਤ ਕਰਦਾ ਹੈ ਕਿ ਦੋਵੇਂ ਦੇਸ਼ ਵਪਾਰ ਦੇ ਮਾਮਲੇ ਵਿੱਚ ਇੱਕ-ਦੂਜੇ 'ਤੇ ਕਿੰਨੇ ਅੰਤਰ-ਨਿਰਭਰ ਹਨ। ਕਿਸਾਨ ਆਗੂਆਂ ਕਰਮਜੀਤ ਸਿੰਘ ਪਾਤੜਾਂ ਤੇ ਜਰਨੈਲ ਸਿੰਘ ਮਰਦਾਹੇੜੀ ਨੇ ਕਿਹਾ ਕਿ ਜੇਕਰ ਮੁੰਦਰਾ ਬੰਦਰਗਾਹ ਤੋਂ ਵਪਾਰ ਹੋ ਸਕਦਾ ਹੈ ਤਾਂ ਫਿਰ ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਸੜਕੀ ਰਸਤਿਆਂ 'ਤੇ ਰੋਕਾਂ ਕਿਉਂ?

ਰੈਲੀ ਨੂੰ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਹਰਦੀਪ ਟੋਡਰਪੁਰ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਦਲਜੀਤ ਸਿੰਘ ਚੱਕ ਤੇ ਸਬਜ਼ੀ ਮੰਡੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਚੀਮਾ, ਆੜ੍ਹਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸਤਪਾਲ ਜੌਹਰੀ ਤੇ ਝਿਰਮਲ ਸਿੰਘ ਨੇ ਵੀ ਸੰਬੋਧਨ ਕੀਤਾ। ਅਖੀਰ 'ਚ ਰੈਲੀ ਦੌਰਾਨ ਜਥੇਬੰਦੀ ਨੇ ਸਮਾਰਟ ਚਿੱਪ ਮੀਟਰਾਂ ਵਾਲੇ ਮੁੱਦੇ ਨੂੰ ਲੈ ਕੇ 25 ਸਤੰਬਰ ਨੂੰ ਐਕਸੀਅਨ ਦਫਤਰ ਪਾਤੜਾਂ ਦਾ ਘੇਰਾਓ ਕਰਨ ਦਾ ਐਲਾਨ ਵੀ ਕੀਤਾ।

# ਸਰਕਾਰੀ ਹਸਪਤਾਲ ਜਗਰਾਉਂ 'ਚ ਸਿਹਤ ਸੁਵਿਧਾਵਾਂ ਦਾ ਮੰਦਾ ਹਾਲ!

- ਮੈਨੂੰ ਹਸਪਤਾਲ ਬਾਰੇ ਕੁੱਛ ਵੀ ਨਹੀਂ ਪਤਾ, ਤੁਸੀਂ ਜੋ ਲਿਖਣਾ ਹੈ, ਛਾਪਣਾ ਹੈ, ਛਾਪ ਲਵੋ : ਐੱਸ ਐੱਮ ਓ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਦਾ ਇੱਕ ਨੰਬਰ ਦਾ ਮੰਨਿਆ ਜਾਣ ਵਾਲੇ ਸਰਕਾਰੀ ਹਸਪਤਾਲ ਜਗਰਾਉਂ ਵਿਖੇ ਸਿਹਤ ਸੁਵਿਧਾਵਾਂ ਦਾ ਇੰਨਾ ਮੰਦਾ ਹਾਲ ਹੈ ਕਿ ਇੱਥੇ ਇਲਾਜ ਕਰਾਉਣ ਦੂਰ ਨੇੜੇ ਦੇ ਪਿੰਡੋਂ ਆਉਣ ਵਾਲੇ ਮਰੀਜ਼ਾਂ ਨੂੰ ਕਾਫੀ ਖੱਜਲ ਖਰਾਬ ਹੋਣਾ ਪੈਂਦਾ ਹੈ ਅਤੇ ਸਰਕਾਰੀ ਹਸਪਤਾਲ ਵਿੱਚ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਹੋਣ ਦੇ ਬਾਵਜੂਦ ਮਸ਼ੀਨਰੀ ਦੇ ਖਰਾਬ ਹੋਣ ਦੇ ਚਲਦਿਆਂ ਆਪਣੇ ਕਈ ਤਰ੍ਹਾਂ ਦੇ ਐਕਸਰੇ ਤੇ ਹੋਰ ਟੈਸਟ ਜੇਬ ਵਿੱਚੋਂ ਪੈਸੇ ਖਰਚ ਕੇ ਬਾਹਰੋਂ ਪ੍ਰਾਈਵੇਟ ਤੌਰ 'ਤੇ ਕਰਵਾਉਣੇ ਪੈ ਰਹੇ ਹਨ। ਮੀਡੀਆ ਕਰਮੀਆਂ ਵੱਲੋਂ ਜਦੋਂ ਅੱਜ ਮਰੀਜ਼ਾਂ ਵੱਲੋਂ ਦਿੱਤੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸਿਵਲ ਹਸਪਤਾਲ ਜਗਰਾਉਂ ਦੀ ਜ਼ਮੀਨੀ ਹਕੀਕਤ ਜਾਨਣ ਲਈ ਦੌਰਾ ਕੀਤਾ ਗਿਆ ਤਾਂ ਉਸ ਮੌਕੇ ਵੀ ਕਈ ਮਰੀਜ਼ਾਂ ਨੇ, ਜੋ ਆਪਣਾ ਇਲਾਜ ਕਰਵਾਉਣ ਲਈ ਸਿਵਲ ਹਸਪਤਾਲ ਆਏ ਸਨ, ਸਿਵਲ ਹਸਪਤਾਲ ਦੀਆਂ ਕਮੀਆਂ ਨੂੰ ਉਜਾਗਰ ਕਰਦਿਆਂ ਜਿੱਥੇ ਆਪਣੀ ਹੱਡਬੀਤੀ ਦੱਸੀ, ਉਥੇ ਕਿਹਾ ਕਿ ਸਿਵਲ ਹਸਪਤਾਲ ਜਗਰਾਉਂ ਵਿਖੇ ਨਾ ਤਾਂ ਸਿਹਤ ਸੁਵਿਧਾਵਾਂ ਦਾ ਵਧੀਆ ਪ੍ਰਬੰਧ ਹੈ ਤੇ ਨਾ ਹੀ ਇਥੋਂ ਦੇ ਬਾਥਰੂਮਾਂ ਵਿੱਚ ਸਫਾਈ ਹੈ। ਮਰੀਜ਼ਾਂ ਦਾ ਤਾਂ ਇੱਥੋਂ ਤੱਕ ਕਹਿਣਾ ਸੀ ਕਿ ਸਿਵਲ ਹਸਪਤਾਲਾਂ ਦੇ ਬਾਥਰੂਮ ਵਿੱਚ ਜਾਣ ਵਾਲਾ ਇੱਕ ਚੰਗਾ ਭਲਾ ਦਰੁਸਤ ਇਨਸਾਨ ਵੀ ਮਰੀਜ਼ ਬਣ ਜਾਵੇ ਇਹ ਕਹਿ ਹੀ ਨਹੀਂ ਸਕਦੇ, ਕਿਉਂਕਿ ਨਾ ਤਾਂ ਬਾਥਰੂਮਾਂ ਦੀ ਸਾਫ ਸਫਾਈ ਹੁੰਦੀ ਹੈ, ਜਿਸ ਕਾਰਨ ਉਥੇ ਮੁਸ਼ਕ ਮਾਰਦਾ ਹੈ ਅਤੇ ਨਾਲ ਹੀ ਬਾਥਰੂਮਾਂ ਦੀਆਂ ਟੂਟੀਆਂ ਤੇ ਫਲੱਸ਼ਾਂ ਦੀ ਹਾਲਤ ਤਰਸਯੋਗ ਹੈ। ਇਲਾਜ ਕਰਵਾਉਣ ਆਏ ਮਰੀਜ਼ਾਂ ਦੇ ਦੱਸਣ ਮੁਤਾਬਕ ਜਦੋਂ ਪੱਤਰਕਾਰਾਂ ਨੇ ਇਸ ਪੂਰੇ ਮਾਮਲੇ ਦੀ ਸਚਾਈ ਤੇ ਸਰਕਾਰੀ ਹਸਪਤਾਲ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਲੈਣ ਲਈ ਸਿਵਲ ਹਸਪਤਾਲ ਜਗਰਾਉਂ ਦੀ ਐੱਸ ਐੱਮ ਓ ਪ੍ਰਭੀਤਾ ਸਾਹੂ ਨਾਲ ਗੱਲਬਾਤ ਕਰਨੀ ਚਾਹੀਦੀ ਤਾਂ ਉਨ੍ਹਾ ਦੱਸਿਆ ਕਿ ਮੈਨੂੰ ਹਸਪਤਾਲ ਬਾਰੇ ਕੁਝ ਵੀ ਨਹੀਂ ਪਤਾ ਤੇ ਮੈਂ ਇਸ ਬਾਰੇ ਕੁੱਝ ਵੀ ਮੀਡੀਆ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੀ, ਜਦੋਂ ਮੀਡੀਆ ਕਰਮੀਆਂ ਨੇ ਕਿਹਾ ਕਿ ਮਰੀਜ਼ਾਂ ਦਾ ਕਹਿਣਾ ਹੈ ਕਿ ਸਿਵਲ ਹਸਪਤਾਲ ਜਗਰਾਉਂ ਵਿਖੇ ਸਿਹਤ ਸੁਵਿਧਾਵਾਂ ਦਾ ਮੰਦਾ ਹਾਲ ਹੈ ਤਾਂ ਮੈਡਮ ਕਹਿੰਦੇ ਮੈਨੂੰ ਇਸ ਬਾਰੇ ਕੱਝਵੀ ਨਹੀਂ ਪਤਾ, ਜੋ ਤੁਸੀਂ ਲਿਖਣਾ ਚਾਹੁੰਦੇ ਹੋ ਲਿਖ ਸਕਦੇ ਹੋ, ਜੋ ਤੁਸੀਂ ਛਾਪਣਾ ਚਾਹੁੰਦੇ ਹੋ, ਛਾਪ ਸਕਦੇ ਹੋ, ਮੈਂ ਇਸ ਬਾਰੇ ਕੁੱਝ ਨਹੀਂ ਕਹਿਣਾ? ਜਿਸ ਤੋਂ ਬਾਅਦ ਆਪਣਾ ਪੱਖ ਦੇਣ ਦੀ ਬਜਾਏ ਪੱਤਰਕਾਰਾਂ ਨੂੰ ਆਖਣ ਲੱਗੇ ਕਿ ਉਹ ਦੂਜੇ ਡਾਕਟਰਾਂ ਦਾ ਪੱਖ ਲੈ ਲੈਣ। ਇੱਥੇ ਜ਼ਿਕਰਯੋਗ ਹੈ ਕਿ ਸਿਵਲ ਹਸਪਤਾਲ ਦੇ ਐਡੇ ਵੱਡੇ ਅਹੁਦੇ 'ਤੇ ਬੈਠੀ ਐੱਸ.ਐੱਮ.ਓ. ਮੈਡਮ ਮੀਡੀਆ ਤੋਂ ਕੀ ਲੁਕਾਉਣਾ ਚਾਹੁੰਦੇ ਹਨ, ਜਦਕਿ ਸਿਵਲ ਹਸਪਤਾਲ ਜਗਰਾਉਂ ਦੀ ਸੱਚਾਈ ਕਿਸੇ ਨਾ ਕਿਸੇ ਵਜ੍ਹਾ ਕਾਰਨ ਅਕਸਰ ਹੀ ਸੁਰਖੀਆਂ ਵਿੱਚ ਰਹਿੰਦੀ ਹੈ। ਮੀਡੀਆ ਕਰਮੀਆਂ ਵੱਲੋਂ ਜਦੋਂ ਸਿਵਲ ਹਸਪਤਾਲ ਜਗਰਾਉਂ ਵਿਖੇ ਖਰਾਬ ਪਈਆਂ ਮਸ਼ੀਨਾਂ ਤੇ ਹੋਰ ਸਿਹਤ ਸੁਵਿਧਾਵਾਂ ਅਤੇ ਐੱਸ ਐੱਮ ਓ ਮੈਡਮ ਦੇ ਰਵੱਈਏ ਬਾਰੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੀਡੀਆ ਕਰਮੀਆਂ ਨਾਲ ਪੇਸ਼ ਆਉਣ ਦਾ ਐੱਸ ਐੱਮ ਓ ਮੈਡਮ ਦਾ ਰਵੱਈਆ ਨਿੰਦਨਯੋਗ ਹੈ ਅਤੇ ਸਿਵਲ ਹਸਪਤਾਲ ਦੀ ਖਰਾਬ ਪਈ ਮਸ਼ੀਨਰੀ ਤੇ ਸਿਹਤ ਸੁਵਿਧਾਵਾਂ ਬਾਰੇ ਉਨ੍ਹਾ ਕਿਹਾ ਕਿ ਇਸ ਬਾਰੇ ਸਿਵਲ ਸਰਜਨ ਲੁਧਿਆਣਾ ਨੂੰ ਲਿਖਤ ਤੌਰ 'ਤੇ ਭੇਜ ਦਿੱਤਾ ਗਿਆ ਹੈ ਤੇ ਜਲਦ ਹੀ ਸਿਵਲ ਹਸਪਤਾਲ ਦੀ ਮਸ਼ੀਨਰੀ ਤੇ ਸਿਹਤ ਸੁਵਿਧਾਵਾਂ ਨੂੰ ਦਰੁਸਤ ਕਰਵਾਇਆ ਜਾਵੇਗਾ ਅਤੇ ਕਿਸੇ ਵੀ ਮਰੀਜ਼ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਬਾਰੇ ਜਦੋਂ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਾਸੀਆਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ ਤੇ ਇਸ ਉੱਪਰ ਲਗਾਤਾਰ ਕੰਮ ਵੀ ਕਰ ਰਹੀ ਹੈ। ਉਨ੍ਹਾ ਕਿਹਾ ਕਿ ਜੇਕਰ ਜਗਰਾਉਂ ਦੇ ਸਿਵਲ ਹਸਪਤਾਲ ਵਿਖੇ ਸਿਹਤ ਸੁਵਿਧਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਹੈ ਜਾਂ ਕਿਸੇ ਵੀ ਮਸ਼ੀਨਰੀ ਵਿੱਚ ਕੋਈ ਖਰਾਬੀ ਤਾਂ ਉਹ ਇਸ ਬਾਰੇ ਜਾਣਕਾਰੀ ਹਾਸਲ ਕਰ ਜਲਦ ਤੋਂ ਜਲਦ ਇਸ ਸਮੱਸਿਆ ਨੂੰ ਦੂਰ ਕਰਉਣਗੇ। ਉਨ੍ਹਾ ਕਿਹਾ ਕਿ ਸਿਵਲ ਹਸਪਤਾਲ ਜਗਰਾਉਂ ਵਿਖੇ ਇਲਾਜ ਕਰਵਾਉਣ ਆਏ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਿਸੇ ਵੀ ਮੁਸ਼ਕਲ ਨੂੰ ਪੇਸ਼ ਨਹੀਂ ਆਉਣ ਦਿੱਤਾ ਜਾਵੇਗਾ।

22-SEP-PAGE-7.qxd 9/21/2023 9:55 PM Page 1



# ਪੇਂਡੂ ਮਜ਼ਦੂਰ ਯੂਨੀਅਨ ਨੇ ਮੰਗਾਂ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਦਿੱਤਾ ਧਰਨਾ

**ਮੋਗਾ (ਅਮਰਜੀਤ ਬੱਬਰੀ)**-ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਜ਼ਦੂਰ ਮੰਗਾਂ, ਮਸਲਿਆਂ ਦੇ ਹੱਲ ਲਈ ਡੀ ਸੀ ਦਫ਼ਤਰ ਮੋਗਾ ਅੱਗੇ ਧਰਨਾ ਦਿੱਤਾ ਗਿਆ ਅਤੇ ਮਜ਼ਦੂਰਾਂ ਵੱਲੋਂ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਮਜ਼ਦੂਰ ਮੰਗਾਂ, ਜਿਸ ਵਿੱਚ ਪਲਾਂਟ, ਰੁਜ਼ਗਾਰ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦਿਵਾਉਣ, ਕਰਜ਼ਾ ਮੁਆਫ਼ੀ, ਮਜ਼ਦੂਰਾਂ ਨੂੰ ਬਿਜਲੀ ਬਿੱਲਾਂ ਦੀ ਮੁਆਫੀ, ਕੱਟੇ ਹੋਏ ਰਾਸ਼ਨ ਕਾਰਡ ਬਹਾਲ ਕਰਾਉਣ ਲਈ ਤੇ ਮਜ਼ਦੂਰਾਂ ਖਿਲਾਫ ਵਧ ਰਹੀਆਂ ਅਪਰਾਧਕ ਘਟਨਾਵਾਂ ਰੋਕਣ ਲਈ ਭਗਵੰਤ ਮਾਨ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।


ਡੀ ਆਰ ਓ ਲਵਪ੍ਰੀਤ ਕੌਰ ਨੂੰ ਮਜ਼ਦੂਰ ਆਗੂ ਮੰਗ ਪੱਤਰ ਸੌਂਪਦੇ ਹੋਏ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੁੱਘੀਪੁਰਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਜੋ ਮਜ਼ਦੂਰਾਂ ਲਈ ਗਰੰਟੀਆਂ ਲੈ ਕੇ ਆਈ ਸੀ ਕਿ ਅਸੀਂ ਪੰਜਾਬ ਵਿੱਚ ਇਨਕਲਾਬ ਲਿਆ ਦੇਵਾਂਗੇ, ਸਾਡੀ ਸਰਕਾਰ ਵਿੱਚ ਕੋਈ ਧਰਨਾ ਨਹੀਂ ਲੱਗਿਆ ਕਰੂਗਾ। ਪੰਜਾਬ ਦੀ ਭਗਵੰਤ ਮਾਨ ਸਰਕਾਰ ਜਿਹੜੀ ਮਜ਼ਦੂਰ ਵਿਹੜਿਆਂ ਵਿੱਚ ਕੰਮੀਆਂ ਦੇ ਵਿਹੜਿਆਂ ਦੇ ਗੀਤ ਗਾਉਂਦੀ ਸੀ, ਅੱਜ ਮਜ਼ਦੂਰ ਸ਼ਬਦ ਉਨ੍ਹਾਂ ਦੀ ਜ਼ੁਬਾਨ 'ਤੇ ਨਹੀਂ ਆ ਰਿਹਾ, ਜਿਸ ਖਿਲਾਫ ਪੇਂਡੂ ਮਜ਼ਦੂਰਾਂ ਵਿੱਚ ਸਰਕਾਰ ਖ਼ਿਲਾਫ਼ ਕਾਫੀ ਗੁੱਸਾ ਪਾਇਆ ਜਾ ਰਿਹਾ ਹੈ। ਅੱਤ ਦੀ ਗਰਮੀ ਦੇ ਬਾਵਜੂਦ ਮਜ਼ਦੂਰ ਆਪਣੀਆਂ ਮੰਗਾਂ ਲਈ ਅੜੇ ਰਹੇ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਰਹੇ। ਮਜ਼ਦੂਰਾਂ ਦੀ ਬੁਨਿਆਦੀ ਮੰਗਾਂ ਪੰਚਾਇਤਾਂ ਜ਼ਮੀਨ ਵਿੱਚੋਂ ਤੀਜਾ ਹਿੱਸਾ ਪੱਕੇ ਤੌਰ 'ਤੇ ਅਤੇ ਘੱਟ ਰੇਟ 'ਤੇ ਦਿੱਤਾ ਜਾਵੇ, ਮਜ਼ਦੂਰਾਂ ਨੂੰ 5-5 ਮਰਲੇ ਦੇ ਪਲਾਂਟ ਦਿੱਤੇ ਜਾਣ ਤੇ ਕੱਟੇ ਹੋਏ ਪਲਾਟਾਂ ਦੇ ਕਬਜ਼ੇ ਦੁਆਏ ਜਾਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਪਿੰਡਾਂ ਵਿੱਚ ਗ੍ਰਾਮ ਸਭਾ ਦੇ ਅਜਲਾਸ ਬੁਲਾਏ ਜਾਣ, ਸਮੁੱਚਾ ਕਰਜ਼ਾ ਮੁਆਫ਼ੀ, ਮਜ਼ਦੂਰਾਂ ਦੀ ਮਨਰੇਗਾ ਸਮੇਤ ਸਮੁੱਚੀ ਦਿਹਾੜੀ 700 ਰੁਪਈਆ ਕਰਨ, ਬਿਜਲੀ ਬਿੱਲਾਂ ਦਾ ਸਮੁੱਚਾ ਅਗਲਾ ਪਿਛਲਾ ਬਕਾਇਆ ਖਤਮ ਕੀਤਾ ਜਾਵੇ, ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਸਾਲ ਭਰ ਰੁਜ਼ਗਾਰ ਤੇ 700 ਰੁਪਇਆ ਦਿਹਾੜੀ ਅਤੇ ਮਜ਼ਦੂਰਾਂ ਦੇ ਕੱਟੇ ਬਿਜਲੀ ਕੁਨੈਕਸ਼ਨ ਤੁਰੰਤ ਜੋੜੇ ਜਾਣ ਅਤੇ ਹੋਰ ਪਿਛਲੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਭਗਵੰਤ ਮਾਨ ਦੀ ਕੋਠੀ ਸੰਗਰੂਰ ਵਿਖੇ ਮਜ਼ਦੂਰਾਂ ਨੇ ਕਈ ਦਿਨ ਘਿਰਾਓ ਕੀਤਾ। ਮਜ਼ਦੂਰਾਂ ਨੂੰ ਕਈ ਵਾਰ ਮੀਟਿੰਗ ਲਈ ਸਮਾਂ ਦਿੱਤਾ, ਪਰ ਭਗਵੰਤ ਮਾਨ ਨੇ ਮੀਟਿੰਗ ਨਹੀਂ ਕੀਤੀ, ਜਿਸ ਦੇ ਵਿਰੋਧ ਵਿੱਚ ਡਿਪਟੀ ਕਮਿਸ਼ਨਰ ਮੋਗਾ ਵਿਖੇ ਸੂਬਾ ਪੱਧਰੀ ਸੱਦੇ ਤਹਿਤ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਡੀ ਆਰ ਓ ਲਵਪ੍ਰੀਤ ਕੌਰ ਨੂੰ ਮਜ਼ਦੂਰ ਆਗੂਆਂ ਨੇ ਧਰਨੇ ਵਿੱਚ ਬੁਲਾ ਕੇ ਮੰਗ ਪੱਤਰ ਸੌਂਪਿਆ।

## ਦੀਪ ਇੰਸਟੀਟਿਊਟ ਦਾ ਜੀ ਐੱਨ ਐੱਮ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਐਲਾਨੇ ਗਏ ਜੀ. ਐੱਨ. ਐੱਮ. ਭਾਗ ਪਹਿਲਾ ਦੇ ਨਤੀਜੇ 'ਚੋਂ ਦੀਪ ਇੰਸਟੀਟਿਊਟ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼ ਲਹਿਰਾ ਮੁਹੱਬਤ (ਬਠਿੰਡਾ) ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਨਤੀਜੇ 'ਚੋਂ ਯਪਿੰਦਰ ਸ਼ਰਮਾ ਪੁੱਤਰ ਪ੍ਰਸ਼ੋਤਮ ਲਾਲ, ਸ਼ਿਵਾਨੀ ਪੁੱਤਰੀ ਗਿਆਨ ਸਿੰਘ ਤੇ ਕਿਰਨਦੀਪ ਕੌਰ ਪੁੱਤਰੀ ਕਰਮਜੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਬਾਕੀ ਵਿਦਿਆਰਥੀਆਂ ਨੇ ਵਧੀਆ ਅੰਕਾਂ ਨਾਲ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਮਨਦੀਪ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਮੈਡਮ ਹਿਨਾ ਗੁਪਤਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਧੀਆ ਰਿਜ਼ਲਟ ਲਈ ਵਿਦਿਆਰਥੀਆਂ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਵੜਿੰਗ ਟੋਲ ਪਲਾਜ਼ਾ ਬੰਦ ਕਰਾਉਣ ਲਈ ਹਨੀ ਫੱਤਣਵਾਲਾ ਵੱਲੋਂ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੀਤੇ ਦਿਨੀਂ ਮੁਕਤਸਰ-ਕੋਟਕਪੂਰਾ ਰੋਡ 'ਤੇ ਵੜਿੰਗ ਪਿੰਡ ਦੇ ਨਜ਼ਦੀਕ ਸਰਹੰਦ ਫੀਡਰ 'ਚ ਡਿੱਗੀ ਨਿੱਜੀ ਕੰਪਨੀ ਦੀ ਬੱਸ 'ਚ ਮਾਰੇ ਗਏ ਲੋਕਾਂ ਦੀਆਂ ਵਿੱਛੜੀਆਂ ਰੂਹਾਂ ਦੀ ਸ਼ਾਂਤੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਅਰਦਾਸ ਕੀਤੀ ਤੇ ਨਾਲ ਹੀ ਵੜਿੰਗ ਟੋਲ ਪਲਾਜ਼ੇ ਨੂੰ ਬੰਦ ਕਰਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਆਪਣੇ ਸੈਂਕੜੇ ਵਰਕਰਾਂ ਦੀ ਹਾਜ਼ਰੀ 'ਚ ਟੋਲ ਪਲਾਜ਼ਾ ਕੰਪਨੀ ਦੇ ਮਾਲਕਾਂ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਉਹ ਮੁੱਢ ਤੋਂ ਹੀ ਇਸ ਟੋਲ ਪਲਾਜ਼ੇ ਦਾ ਵਿਰੋਧ ਕਰਦੇ ਆ ਰਹੇ ਹਨ, ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਵਿਰੋਧ ਨੂੰ ਗੰਭੀਰਤਾਂ ਨਾਲ ਨਹੀਂ ਲਿਆ ਗਿਆ, ਉਨ੍ਹਾਂ ਦੱਸਿਆ ਕਿ ਇਹ ਟੋਲ ਪਲਾਜ਼ਾ ਬਿਲਕੁੱਲ ਨਜਾਇਜ਼ ਹੈ ਤੇ ਇਸ ਟੋਲ ਪਲਾਜ਼ੇ 'ਤੇ ਰੋਡ ਟੈਕਸ ਦੇ ਨਾਮ 'ਤੇ ਗੁੰਡਾ ਪਰਚੀ ਵਸੂਲੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਟੋਲ ਕੰਪਨੀ ਵੱਲੋਂ ਰਾਹਗੀਰਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾਈਆਂ ਗਈਆਂ, ਜਿਸ ਦੇ ਚੱਲਦਿਆ ਇਸ ਸੜਕ ਉਪਰੰਤ ਬਹੁਤ ਸਾਰੀਆਂ ਮੰਦਭਾਗੀਆਂ ਘਟਨਾਵਾਂ ਵਾਪਰ ਚੁੱਕੀਆਂ। ਉਨ੍ਹਾਂ ਟੋਲ ਕੰਪਨੀ ਨੂੰ ਬੀਤੇ ਦਿਨੀਂ ਸਰਹੰਦ ਫੀਡਰ 'ਤੇ ਵਾਪਰੇ ਬੱਸ ਹਾਦਸੇ ਦਾ ਜ਼ੁੰਮੇਵਾਰ ਦੱਸਦਿਆ ਕਿਹਾ ਕਿ ਜੇਕਰ ਉਕਤ ਕੰਪਨੀ ਵੱਲੋਂ ਦੋਵੇਂ ਨਹਿਰਾਂ 'ਤੇ ਪੁਲ ਬਣਾਇਆ ਜਾਂਦਾ ਤਾਂ ਸ਼ਾਇਦ ਇਹ ਹਾਦਸਾ ਹੋਣ ਤੋਂ ਟਲ ਜਾਂਦਾ। ਉਨ੍ਹਾਂ ਕਿਹਾ ਕਿ ਹਾਦਸਾ ਵਾਪਰਨ ਉਪਰੰਤ ਵੀ ਟੋਲ ਪਲਾਜ਼ਾ ਵਾਲਿਆਂ ਕੋਲ ਜੇਕਰ ਜੇਸੀਬੀ ਜਾਂ ਹਾਈਡਰੋਲਿਕ ਮਸ਼ੀਨ ਹੁੰਦੀ ਤਾਂ ਬੱਸ ਨੂੰ ਤੁਰੰਤ ਬਾਹਰ ਕੱਢਿਆ ਜਾ ਸਕਦਾ ਸੀ, ਪਰ ਇਨ੍ਹਾਂ ਟੋਲ ਪਲਾਜ਼ਾ ਵਾਲਿਆਂ ਕੋਈ ਕੋਈ ਸੁੱਖ ਸਹੂਲਤ ਨਹੀਂ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕੰਡਕਟਰ ਤੇ ਡਰਾਇਵਰ ਦੇ ਨਾਲ-ਨਾਲ ਟੋਲ ਕੰਪਨੀ ਦੇ ਮਾਲਕਾਂ ਵਿਰੁੱਧ ਵੀ ਪਰਚਾ ਦਰਜ ਹੋਣਾ ਚਾਹੀਦਾ ਹੈ। ਹਨੀ ਫੱਤਣਵਾਲਾ ਨੇ ਸਮੂਹ ਸਿਆਸਤਦਾਨਾਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਦੂਸਰੇ ਟੋਲ ਪਲਾਜ਼ਾ ਨੂੰ ਬੰਦ ਕਰਨ ਦੀ ਜਗ੍ਹਾ ਅਜਿਹੇ ਟੋਲ ਪਲਾਜ਼ਿਆਂ ਨੂੰ ਤੁਰੰਤ ਬੰਦ ਕੀਤਾ ਜਾਵੇ, ਜੋ ਲੋਕਾਂ ਦੀਆਂ ਜਾਨਾਂ ਦਾ ਖੌਅ ਬਣਦੇ ਹਨ, ਇਸ ਤੋਂ ਬਾਅਦ ਉਨ੍ਹਾਂ ਨਹਿਰਾਂ 'ਤੇ ਪੁਲ ਬਣਾਉਣ ਲਈ ਵੀ ਪੰਜਾਬ ਸਰਕਾਰ ਨੂੰ ਅਪੀਲ ਕੀਤੀ। ਇਸ ਮੌਕੇ ਦਿਲਬਾਗ ਸਿੰਘ ਗਿੱਲ, ਸ਼ਰਨਦੀਪ ਜੋਨੀ, ਮਨਜੀਤ ਸਿੰਘ, ਵਿੱਕੀ ਲੰਬੀ ਢਾਬ, ਗੁਰਪ੍ਰੀਤ ਸਿੱਧੂ, ਲਖਬੀਰ ਬਰਾੜ, ਪਾਰਸ ਲੂਣਾ, ਮੰਟੂ ਕ੍ਰਿਪਾਲਕੇ, ਬਿੱਟੂ ਬਲਮਗੜ੍ਹ, ਰੂਬੀ ਬਰਾੜ, ਜਸਪਾਲ ਸਿੰਘ, ਗੁਰਚਰਨ ਸਿੰਘ ਵਧਾਈ, ਅੰਗਰੇਜ਼ ਸਿੰਘ ਬੂੜਾ ਗੁੱਜਰ, ਇਕਬਾਲ ਸਿੰਘ ਸੰਗੂਧੌਣ, ਬੇਅੰਤ ਸਿੰਘ, ਗੁਰਮੀਤ ਸਿੰਘ ਸਰਪੰਚ ਜਸੇਆਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਮੌਜੂਦ ਸਨ।

■ ਟੋਲ ਟੈਕਸ ਦੇ ਨਾਂਅ 'ਤੇ ਵਸੂਲੀ ਜਾ ਰਹੀ ਗੁੰਡਾ ਪਰਚੀ : ਹਨੀ ਫੱਤਣਵਾਲਾ



## ਕਾਤਰਾਂ

### ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ 'ਚ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ ਹੇਠ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਅਸ਼ੋਕ ਕੁਮਾਰ ਵਾਸੀ ਮਹਾਂਵੀਰ ਨਗਰ ਮਲੋਟ ਨੇ ਦੱਸਿਆ ਕਿ ਉਹ ਸਬਜ਼ੀ ਮੰਡੀ ਪੁਲ ਦੇ ਹੇਠਾਂ ਸਬਜ਼ੀ ਦੀ ਰੇਹੜੀ ਲਗਾਉਂਦਾ ਹੈ। ਉਸ ਨੇ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਈਕਲ ਸਬਜ਼ੀ ਮੰਡੀ ਪੁਲ ਹੇਠਾਂ ਖੜ੍ਹਾ ਕਰਕੇ ਆਪਣੀ ਰੇਹੜੀ 'ਤੇ ਸਬਜ਼ੀ ਵੇਚਣ ਲੱਗ ਪਿਆ ਤੇ ਜਦੋਂ ਕੁੱਝ ਦੇਰ ਬਾਅਦ ਉਸ ਨੇ ਆਪਣਾ ਮੋਟਰਸਾਈਕਲ ਦੇਖਿਆ ਤਾਂ ਉਹ ਉੱਥੇ ਨਹੀਂ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ, ਜਿਸ ਦੀ ਉਸ ਨੇ ਕਾਫ਼ੀ ਭਾਲ ਕੀਤੀ ਤਾਂ ਬਾਅਦ ਵਿੱਚ ਉਸ ਨੂੰ ਪਤਾ ਲੱਗਾ ਕਿ ਉਸ ਦਾ ਮੋਟਰਸਾਈਕਲ ਪ੍ਰਗਟ ਸਿੰਘ ਵਾਸੀ ਗੁਰੂਸਰ ਯੋਧਾ ਨੇ ਚੋਰੀ ਕੀਤਾ ਹੈ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਹੈਰੋਇਨ ਤੇ ਡਰੱਗ ਮਨੀ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਹੈਰੋਇਨ ਤੇ ਡਰੱਗ ਮਨੀ ਨਾਲ ਔਰਤ ਸਮੇਤ ਦੋ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਮਿੱਡਾ ਸੀ ਤਾਂ ਇੱਕ ਨੌਜਵਾਨ ਅਮ੍ਰਿਤਪਾਲ ਸਿੰਘ ਵਾਸੀ ਢਿੱਪਾਂਵਾਲੀ ਮੋਟਰਸਾਈਕਲ 'ਤੇ ਬੈਠਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਹੱਥ ਵਿਚ ਫੜਿਆ ਕਾਲੇ ਰੰਗ ਦਾ ਲਿਫ਼ਾਫ਼ਾ ਸੁੱਟ ਦਿੱਤਾ ਤਾਂ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਕਾਬੂ ਕਰ ਲਿਆ ਅਤੇ ਲਿਫ਼ਾਫ਼ੇ ਦੀ ਤਲਾਸ਼ੀ ਲੈਣ 2 ਗ੍ਰਾਮ ਹੈਰੋਇਨ ਤੇ 16700 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਪੁਲਸ ਵੱਲੋਂ ਇਸ ਮਾਮਲੇ ਵਿੱਚ ਕਿਰਨਦੀਪ ਉਰਫ਼ ਕਿਰਨਾ ਵਾਸੀ ਮਿੱਢਾ ਨੂੰ ਵੀ ਨਾਮਜ਼ਦ ਕੀਤਾ ਗਿਆ, ਜਿਸ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ। ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਹੈਰੋਇਨ ਤੇ ਮੋਟਰਸਾਈਕਲ ਸਮੇਤ ਦੋ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਲੰਬੀ ਨੇ ਹੈਰੋਇਨ ਤੇ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਚੰਨੂੰ ਦੇ ਪੁਲ ਸੂਆ 'ਤੇ ਸ਼ੱਕੀ ਵਹੀਕਲਾਂ ਦੀ ਜਾਂਚ ਸਬੰਧੀ ਮੌਜੂਦ ਸੀ ਤਾਂ ਪਿੰਡ ਚੰਨੂੰ ਵੱਲੋਂ ਇੱਕ ਮੋਟਰਸਾਈਕਲ 'ਤੇ ਅਰਸ਼ਦੀਪ ਸਿੰਘ ਤੇ ਰਾਜ ਕੁਮਾਰ ਵਾਸੀ ਚੰਨੂੰ ਆਉਂਦੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੋਟਰਸਾਈਕਲ ਚਲਾਉਂਦੇ ਨੌਜਵਾਨ ਨੇ ਇਕਦਮ ਮੋਟਰਸਾਈਕਲ ਨੂੰ ਰੋਕ ਕੇ ਪਿੱਛੇ ਮੋੜਣ ਦੀ ਕੋਸ਼ਿਸ਼ ਕੀਤੀ ਤਾਂ ਮੋਟਰਸਾਈਕਲ ਸਲਿੱਪ ਕਰਨ ਕਰਕੇ ਜ਼ਮੀਨ 'ਤੇ ਡਿੱਗ ਪਿਆ। ਪੁਲਸ ਪਾਰਟੀ ਨੇ ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਨ੍ਹਾਂ ਕੋਲੋਂ 11 ਗ੍ਰਾਮ ਹੈਰੋਇਨ ਤੇ ਇੱਕ ਮੋਟਰਸਾਈਕਲ ਬਿਨਾਂ ਨੰਬਰੀ ਬਰਾਮਦ ਕਰ ਲਿਆ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸਿਰ ਚੁੱਕਣ ਨਹੀਂ ਦਿੱਤਾ ਜਾਵੇਗਾ : ਗਿੱਲ

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਤੇ ਸ੍ਰੀ ਗੌਰਵ ਯਾਦਵ ਆਈ.ਪੀ.ਐਸ.ਡੀ.ਜੀ.ਪੀ. ਪੰਜਾਬ ਵੱਲੋਂ ਗੈਂਗਸਟਰਾਂ ਖਿਲਾਫ਼ ਚਲਾਈ ਮੁਹਿੰਮ ਤਹਿਤ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ. ਐਸ.ਐਸ.ਪੀ ਵੱਲੋਂ ਪੁਲਸ ਦੀਆਂ ਅਲੱਗ-ਅਲੱਗ ਟੀਮਾਂ ਬਣਾ ਕੇ ਜਿੱਥੇ ਨਾਕਾ ਬੰਦੀ ਕਰ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ, ਉੱਥੇ ਹੀ ਪੁਲਸ ਦੀਆਂ ਟੀਮਾਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਗੈਂਗਸਟਰਾਂ ਤੇ ਉਨ੍ਹਾਂ ਦੇ ਸਾਥੀਆਂ ਦੇ ਘਰਾਂ ਵਿੱਚ ਰੇਡ ਕੀਤਾ ਗਿਆ। ਐਸ.ਐਸ.ਪੀ ਨੇ ਦੱਸਿਆ ਕਿ ਸਾਡੇ ਕੋਲ 37 ਗੈਂਗਸਟਰਾਂ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਸਟਾਂ ਸਨ, ਜਿਨ੍ਹਾਂ 'ਤੇ ਪਹਿਲਾਂ ਹੀ ਮੁਕੱਦਮੇ ਚੱਲ ਰਹੇ ਹਨ ਜਾਂ ਉਹ ਇਨ੍ਹਾਂ ਮੁਕੱਦਮਿਆਂ ਵਿੱਚੋਂ ਜ਼ਮਾਨਤ 'ਤੇ ਬਾਹਰ ਆਏ ਹਨ, ਪੁਲਸ ਦੀਆਂ ਅਲੱਗ-ਅਲੱਗ ਟੀਮਾਂ ਬਣਾ ਕੇ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਵਿਖੇ ਰੇਡ ਕੀਤਾ ਗਿਆ, ਜਿਸ ਤੇ ਪੁਲਸ ਪਾਰਟੀ ਵੱਲੋਂ ਉਨ੍ਹਾ ਦੇ ਘਰਾਂ ਦੀ ਤਲਾਸ਼ੀ ਲਈ ਗਈ ਤਾਂ ਜੁ ਕੋਈ ਹਥਿਆਰ ਜਾਂ ਕੋਈ ਗੈਰ ਕਾਨੂੰਨੀ ਵਸਤੂ ਮਿਲ ਸਕੇ। ਰੇਡ ਦੌਰਾਨ ਇਹ ਵੀ ਧਿਆਨ 'ਚ ਰੱਖਿਆ ਗਿਆ ਕਿ ਕਿਤੇ ਕੋਈ ਅਣਜਾਣ ਵਿਅਕਤੀ ਉਨ੍ਹਾਂ ਦੇ ਟਿਕਾਣਿਆਂ 'ਤੇ ਨਾ ਠਹਿਰਿਆ ਹੈ ਤਾਂ ਉਸ ਨੂੰ ਵੈਰੀਫਾਈ ਕੀਤਾ ਗਿਆ, ਨਾਲ ਹੀ ਗੈਂਗਸਟਰਾਂ ਤੇ ਉਨ੍ਹਾਂ ਨਾਲ ਸਬੰਧਤ ਵਿਅਕਤੀਆਂ ਦੇ ਬੈਂਕ ਅਕਾਊਂਟ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਗਈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸਿਰ ਨਹੀ ਚੁੱਕਣ ਦਿੱਤਾ ਜਾਵੇਗਾ।

ਮਾਮਲਾ ਸਕੂਲ 'ਚ ਵਿਦਿਆਰਥੀਆਂ ਦੇ ਕੜੇ ਲਾਹੁਣ ਦਾ

# ਸਿੱਖ ਜਥੇਬੰਦੀਆਂ ਨੇ ਲਾਇਆ ਧਰਨਾ, ਸਟਾਫ ਨੇ ਮੰਗੀ ਮਾਫੀ

■ ਸਕੂਲਾਂ ਤੇ ਕਾਲਜਾਂ 'ਚ ਧਾਰਮਿਕ ਚਿੰਨ੍ਹ ਦੀ ਬੇਅਦਬੀ ਕਰਨਾ ਮੰਦਭਾਗਾ : ਬਾਲਿਆਂਵਾਲੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼ਹੀਦ ਸੰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਸਰਾਮ ਨਗਰ ਵਿੱਚ ਬੀਤੇ ਦਿਨ ਵਿਦਿਆਰਥੀਆਂ ਦੇ ਕੜੇ ਲਾਹੁਣ ਦੀ ਇੱਕ ਵੀਡੀਓ ਵਾਇਰਲ ਹੋਈ, ਜਿਸ ਕਰਕੇ ਸਿੱਖ ਜਥੇਬੰਦੀਆਂ ਵੱਲੋਂ ਇਸ ਕਾਰਵਾਈ ਦਾ ਡੱਟ ਕੇ ਵਿਰੋਧ ਕੀਤਾ ਗਿਆ। ਇਸ ਮਾਮਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਵੱਲੋਂ ਸਕੂਲ ਦੇ ਗੇਟ ਅੱਗੇ ਧਰਨਾ ਵੀ ਦਿੱਤਾ ਗਿਆ ਅਤੇ ਸਟਾਫ ਵੱਲੋਂ ਵਿਦਿਆਰਥੀਆਂ ਦੇ ਕੜੇ ਲਾਹੁਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਪਰਮਿੰਦਰ ਸਿੰਘ ਬਾਲਿਆਂਵਾਲੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਕਿਹਾ ਕਿ ਸਿੱਖਾਂ ਨੂੰ ਥਾਂ ਥਾਂ 'ਤੇ ਟਾਰਗੇਟ ਕੀਤਾ ਜਾ ਰਿਹਾ ਹੈ ਅਤੇ ਧਾਰਮਿਕ ਕਕਾਰਾਂ ਦੀ ਬੇਅਦਬੀ ਕੀਤੀ ਜਾ ਰਹੀ ਹੈ। ਜਦੋਂ ਤੱਕ ਪੁਲਸ ਪ੍ਰਸ਼ਾਸਨ ਵੱਲੋਂ ਘਟਨਾ ਨੂੰ ਅੰਜਾਮ ਦੇਣ ਵਾਲੇ ਲੋਕਾਂ ਖਿਲਾਫ ਸਖਤ ਕਾਰਵਾਈ ਨਹੀਂ ਕੀਤੀ ਜਾਂਦੀ, ਉਹ ਚੁੱਪ ਨਹੀਂ ਬੈਠਣਗੇ। ਓਧਰ ਸਕੂਲ ਦੇ ਪ੍ਰਿੰਸੀਪਲ ਗੁਰਮੇਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਪਾਸ ਸਕੂਲ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸ਼ਿਕਾਇਤ ਦਿੱਤੀ ਗਈ ਸੀ ਕਿ ਕੁਝ ਵਿਦਿਆਰਥੀਆਂ ਵੱਲੋਂ ਮੋਟੇ ਕੜੇ ਪਾਏ ਗਏ ਹਨ ਤੇ ਉਨ੍ਹਾਂ ਵੱਲੋਂ ਇਨ੍ਹਾਂ ਕੜਿਆਂ ਰਾਹੀਂ ਦੂਜੇ ਬੱਚਿਆਂ 'ਤੇ ਹਮਲਾ ਕੀਤਾ ਗਿਆ ਹੈ, ਜਿਸ ਕਾਰਨ ਇੱਕ ਬੱਚਾ ਗੰਭੀਰ ਜ਼ਖਮੀ ਹੋਇਆ ਹੈ। ਸਕੂਲ ਮਾਪਿਆਂ ਦੀ ਸ਼ਿਕਾਇਤ ਤੋਂ ਬਾਅਦ ਉਨ੍ਹਾਂ ਵੱਲੋਂ ਉਨ੍ਹਾਂ ਵਿਦਿਆਰਥੀਆਂ ਦੇ ਕੜੇ ਲੁਹਾਏ ਗਏ, ਜਿਨ੍ਹਾਂ ਦੇ ਮੋਟੇ ਕੜੇ ਪਾਏ ਹੋਏ ਸਨ। ਉਨ੍ਹਾਂ ਦੀ ਕਿਸੇ ਧਰਮ ਪ੍ਰਤੀ ਅਜਿਹੀ ਕੋਈ ਮਨਸਾ ਨਹੀਂ ਸੀ ਕਿ ਉਹ ਕਿਸੇ ਦੇ ਮਨਾਂ ਨੂੰ ਠੇਸ ਪਹੁੰਚਾਉਣ। ਸਕੂਲ ਵਿੱਚ ਵਾਪਰੀ ਘਟਨਾ ਤੋਂ ਬਾਅਦ ਮਾਪਿਆਂ ਦੀ ਸ਼ਿਕਾਇਤ 'ਤੇ ਹੀ ਉਨ੍ਹਾਂ ਵੱਲੋਂ ਇਹ ਕੜੇ ਲੁਹਾਏ ਗਏ ਸਨ ਅਤੇ ਤਾਕੀਦ ਕੀਤੀ ਸੀ ਕਿ ਜਿਹੜੇ ਵਿਦਿਆਰਥੀ ਇਨ੍ਹਾਂ ਕੜਿਆਂ ਨੂੰ ਲੈ ਕੇ ਜਾਣਾ ਚਾਹੁੰਦੇ ਹਨ, ਉਹ ਆਪਣੇ ਮਾਪਿਆਂ ਨੂੰ ਸਕੂਲ ਵਿੱਚ ਲੈ ਕੇ ਆਉਣ। ਇਸ ਮੌਕੇ ਪ੍ਰਦਰਸ਼ਨਕਾਰੀਆਂ ਦੀ ਸਕੂਲ ਸਟਾਫ ਦੀਆਂ ਮਹਿਲਾ ਸਟਾਫ ਨਾਲ ਬਹਿਸਬਾਜ਼ੀ ਵੀ ਹੋਈ।

ਇਸ ਮੌਕੇ ਪਹੁੰਚੇ ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੇ ਦਖਲ ਤੋਂ ਬਾਅਦ ਇਸ ਮਾਮਲੇ 'ਤੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਮਾਫੀ ਮੰਗ ਕੇ ਮਸਲੇ ਦਾ ਹੱਲ ਕੀਤਾ ਗਿਆ। ਪਰਮਿੰਦਰ ਸਿੰਘ ਬਾਲਿਆਂਵਾਲੀ ਨੇ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਧਾਰਮਿਕ ਚਿੰਨ੍ਹ ਦੀ ਬੇਅਦਬੀ ਕਰਨਾ ਗਲਤ ਹੈ। ਇਸ ਪਾਸੇ ਸਰਕਾਰ ਨੂੰ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਸਕੂਲ ਸਟਾਫ ਦੇ ਮੁਲਾਜ਼ਮਾਂ ਨੇ ਕੜੇ ਲਾਹੁਣ ਬਾਰੇ ਆਪਣਾ ਪੱਖ ਰੱਖਦਿਆਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਤਿੱਖੇ ਅਤੇ ਮੋਟੇ ਕੜੇ ਪਾਏ ਹੁੰਦੇ ਹਨ, ਜਿਸ ਕਰਕੇ ਕਿਸੇ ਲੜਾਈ ਝਗੜੇ ਵਿੱਚ ਕਈ ਵਾਰ ਵਿਦਿਆਰਥੀ ਜ਼ਖਮੀ ਵੀ ਹੋ ਜਾਂਦੇ ਹਨ, ਜਿਸ ਕਰਕੇ ਕੜੇ ਲੁਹਾਏ ਗਏ ਸਨ।

# ਬੀ ਕੇ ਯੂ ਸਿੱਧੂਪੁਰ ਨੇ ਮੰਗਾਂ ਨੂੰ ਲੈ ਕੇ ਸਰਕਾਰ ਦਾ ਪੁਤਲਾ ਫੂਕਿਆ

**ਬਰੇਟਾ (ਗੀਤਵਾਲ)**-ਬੀਕੇਯੂ ਸਿੱਧੂਪੁਰ ਵੱਲੋਂ ਪਿੰਡ ਗੋਬਿੰਦਪੁਰਾ ਵਿੱਚ ਮੁਜ਼ਾਹਰਾ ਕਰਕੇ ਸਰਕਾਰ ਦਾ ਪੁਤਲਾ ਸਾੜਿਆ ਗਿਆ। ਅਕਾਲੀ ਭਾਜਪਾ ਸਰਕਾਰ ਦੇ ਸਮੇਂ ਕੋਲਾ ਥਰਮਲ ਪਲਾਂਟ ਦੇ ਨਾਮ 'ਤੇ ਅਕਵਾਇਰ ਕੀਤੀ ਜ਼ਮੀਨ 'ਤੇ ਪੰਜਾਬ ਸਰਕਾਰ ਸੋਲਰ ਪਲਾਂਟ ਲਗਾਉਣਾ ਚਹੁੰਦੀ ਹੈ। ਕਿਸਾਨਾਂ ਦੀ ਜ਼ਮੀਨ ਅਕਵਾਇਰ ਕਰਨ ਸਮੇਂ ਲਿਖਤੀ ਸਮਝੌਤਾ ਕੀਤਾ ਗਿਆ ਸੀ ਕਿ ਪਰਿਵਾਰ ਦੇ ਜੀਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ, ਭਾਵੇਂ ਕਿਸੇ ਦਾ ਇੱਕ ਮਰਲਾ ਜ਼ਮੀਨ ਆਈ ਹੈ ਅਤੇ ਮਜ਼ਦੂਰਾਂ ਦੇ ਰਹਿੰਦੇ ਪਰਿਵਾਰਾਂ ਨੂੰ ਤਿੰਨ ਤਿੰਨ ਲੱਖ ਉਜਾੜਾ ਭੱਤਾ ਦਿੱਤਾ ਜਾਵੇਗਾ। ਬੀਕੇਯੂ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਭੈਣੀਬਾਘਾ ਨੇ ਬੋਲਦੇ ਹੋਏ ਕਿਹਾ ਕਿ ਅੱਜ ਸਰਕਾਰ ਆਪਣੇ ਕੀਤੇ ਵਾਅਦੇ ਤੋਂ ਭੱਜ ਰਹੀ ਹੈ। ਸਰਕਾਰ ਨੇ ਇੱਕ ਪੌਲਸੀ ਬਣਾ ਦਿੱਤੀ ਹੈ, ਜਿਸ ਕਿਸਾਨ ਦੀ ਜ਼ਮੀਨ 4 ਕਨਾਲ ਤੋਂ ਘੱਟ ਅਕਵਾਇਰ ਹੋਈ ਹੈ, ਉਸ ਕਿਸਾਨ ਨੂੰ ਇਹ ਨੌਕਰੀ ਨਹੀਂ ਮਿਲੇਗੀ। ਇਸ ਤੋਂ ਪਹਿਲਾਂ 1 ਮਰਲੇ ਵਾਲੇ ਰਾਤੋ ਰਾਤ ਗੋਬਿੰਦਪੁਰਾ ਦੇ ਵਸਨੀਕ ਬਣੇ ਅਕਾਲੀ ਜਥੇਦਾਰਾਂ ਦੇ ਕਾਕੇ ਤੇ ਅਫਸਰਸ਼ਾਹੀ ਦੇ ਰਿਸ਼ਤੇਦਾਰ ਅੱਜ ਸਰਕਾਰੀ ਅਹੁਦਿਆਂ 'ਤੇ ਨੌਕਰੀ ਕਰ ਰਹੇ ਹਨ ਅਤੇ ਗੋਬਿੰਦਪੁਰਾ ਦੇ ਜੱਦੀ ਪੁਸ਼ਤੀ ਜਾਇਦਾਦ ਦੇ ਮਾਲਕ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਗੋਬਿੰਦਪੁਰੇ ਦੇ ਰਹਿੰਦੇ ਬੱਚਿਆਂ ਨੂੰ ਨੌਕਰੀ ਦਿੱਤੀ ਜਾਵੇ ਤੇ ਰਹਿੰਦੇ ਮਜ਼ਦੂਰ ਪਰਿਵਾਰਾਂ ਦਾ ਉਜਾੜਾ ਭੱਤਾ ਦਿੱਤਾ ਜਾਵੇ ਅਤੇ ਸਾਰੀਆਂ ਮੰਨੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ ਅਤੇ ਕੋਲਾ ਥਰਮਲ ਪਲਾਂਟ ਲਈ ਅਕਵਾਇਰ ਕੀਤੀ ਜ਼ਮੀਨ 'ਤੇ ਸੋਲਰ ਪਲਾਂਟ ਨਹੀਂ ਲੱਗਣ ਦਿੱਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ 'ਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।



ਇਸ ਮੌਕੇ ਹਾਜ਼ਰ ਕਿਸਾਨ ਆਗੂ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਤਰਸੇਮ ਸਿੰਘ ਗੋਬਿੰਦਪੁਰਾ, ਬਲਾਕ ਬੁਢਲਾਡਾ ਦੇ ਆਗੂ ਗੁਰਜੀਤ ਸਿੰਘ ਟਾਲੀਆ, ਸੋਹਨ ਲਾਲ ਬਲਾਕ ਭੀਖੀ ਦੇ ਪ੍ਰਧਾਨ ਜੁਗਰਾਜ ਸਿੰਘ ਹੀਰੋ, ਦਲਵੀਰ ਸਿੰਘ, ਗੁਰਮੇਲ ਸਿੰਘ, ਮੋਨੀ, ਜਗਜੀਤ ਸਿੰਘ, ਰਣਜੀਤ ਸਿੰਘ, ਕੁਲਦੀਪ ਸਿੰਘ, ਸੁਖਪਾਲ ਸਿੰਘ, ਜਸਵਿੰਦਰ ਸਿੰਘ, ਬਿੱਟੂ ਤੇ ਸਮੂਹ ਪਿੰਡ ਨਿਵਾਸੀ ਹਾਜ਼ਰ ਸਨ।

## ਹੜ੍ਹ ਪੀੜਤਾਂ ਦੀ ਮਦਦ ਲਈ ਸਹਾਇਤਾ ਰਾਸ਼ੀ ਭੇਟ



**ਧੂਰੀ (ਸੁਖਦੇਵ ਧੂਰੀ)**-ਡੀ.ਏ.ਵੀ. ਪਬਲਿਕ ਸਕੂਲ ਕੱਕੜਵਾਲ ਵੱਲੋਂ ਪੰਜਾਬ ਸਰਕਾਰ ਨੂੰ (ਚੀਫ਼ ਮਨਿਸਟਰ ਰਿਲੀਫ਼ ਫੰਡ) ਤਹਿਤ ਹੜ੍ਹ ਪੀੜਤਾਂ ਦੀ ਮਦਦ ਲਈ ਸਹਾਇਤਾ ਰਾਸ਼ੀ ਭੇਟ ਕੀਤੀ ਗਈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਪ੍ਰੋ. ਓਂਕਾਰ ਸਿੰਘ ਸਿੱਧੂ ਓ.ਐਸ.ਡੀ.(ਮੁੱਖ ਮੰਤਰੀ ਭਗਵੰਤ ਮਾਨ) ਨੇ ਮੁੱਖ ਮਹਿਮਾਨ ਵਜੋਂ ਸਕੂਲ ਵਿੱਚ ਸ਼ਿਰਕਤ ਕੀਤੀ ਤੇ ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ, ਰਾਜਵੰਤ ਸਿੰਘ ਘੁੱਲੀ (ਚੈਅਰਮੈਨ ਮਾਰਕੀਟ ਕਮੇਟੀ), ਅਮੀਰ ਸਿੰਘ ਤੇ ਗੁਰਤੇਜ ਸਿੰਘ ਤੇਜੀ ਕੱਕੜਵਾਲ ਆਗੂ ਆਮ ਆਦਮੀ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਦਾ ਸਵਾਗਤ ਪ੍ਰਿੰਸੀਪਲ ਸੰਤ ਸਿੰਘ ਨੇ ਨਿੱਘੇ ਸ਼ਬਦਾਂ ਵਿੱਚ ਕੀਤਾ। ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਆਪਣੇ ਮਾਤਾ-ਪਿਤਾ ਦੇ ਸਹਿਯੋਗ ਨਾਲ ਵਧ ਚੜ੍ਹ ਕੇ ਹੜ ਪੀੜਤਾਂ ਦੀ ਸਹਾਇਤਾ ਲਈ 21000/- ਰੁਪਏ ਦੀ ਸਹਾਇਤਾ ਰਾਸ਼ੀ ਇਕੱਠੀ ਕਰਕੇ ਪੰਜਾਬ ਸਰਕਾਰ ਨੂੰ ਭੇਟ ਕੀਤੀ।

# ਗੁਰੂ ਨਾਨਕ ਕਾਲਜ ਵਿਖੇ ਸਟੂਡੈਂਟ ਕੌਂਸਲ ਦਾ ਗਠਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਸਥਾ ਦੇ ਅਨੁਸ਼ਾਸਨੀ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਅਕਾਦਮਿਕ ਵਰ੍ਹੇ ਅਨੁਸਾਰ ਸੈਸ਼ਨ 2023-24 ਲਈ ਸਟੂਡੈਂਟ ਕੌਂਸਲ ਦਾ ਗਠਨ ਕੀਤਾ ਗਿਆ। ਸਟੂਡੈਂਟ ਕੌਂਸਲ ਦੇ ਇੰਚਾਰਜ ਡਾ. ਮਨਦੀਪ ਕੌਰ ਤੇ ਡਾ. ਅਮਨਦੀਪ ਕੌਰ ਵੱਲੋਂ ਕਾਲਜ ਦੇ ਸਾਰੇ ਵਿਭਾਗਾਂ ਵਿੱਚੋਂ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਨ੍ਹਾਂ ਚੁਣੇ ਹੋਏ ਵਿਦਿਆਰਥੀਆਂ ਨੇ ਸਰਬਸੰਮਤੀ ਨਾਲ ਇੱਕ ਕਮੇਟੀ ਦਾ ਗਠਨ ਕੀਤਾ, ਜਿਸ ਅਨੁਸਾਰ ਸ਼ਿਵਜੀਤ ਸਿੰਘ, ਐੱਮ. ਐੱਸ. ਸੀ. ਆਈ. ਟੀ. ਭਾਗ ਪਹਿਲਾ ਨੂੰ ਹੈੱਡ ਬੁਆਏ ਤੇ ਜਸ਼ਨਪ੍ਰੀਤ ਕੌਰ, ਬੀ ਏ ਭਾਗ ਤੀਸਰਾ ਨੂੰ ਹੈੱਡ ਗਰਲ ਚੁਣਿਆ ਗਿਆ। ਇਸ ਤੋਂ ਇਲਾਵਾ ਅਮਿਤੋਜ ਸਿੰਘ, ਬੀ ਐੱਸ ਸੀ, ਨਾਨ-ਮੈਡੀਕਲ, ਜੀਨਤ ਬਰਾੜ ਬੀ ਐੱਸ ਸੀ ਮੈਡੀਕਲ ਨੂੰ ਵਾਈਸ ਹੈੱਡ ਬੁਆਏ ਤੇ ਗਰਲ ਚੁਣਿਆ ਗਿਆ। ਰਹਿਮਤ ਬੀ ਸੀ ਏ, ਮਨਰੂਪ ਕੌਰ ਬੀ ਕਾਮ ਨੂੰ ਕ੍ਰਮਵਾਰ ਸੈਕ੍ਰੇਟਰੀ ਤੇ ਅਮਰਵੀਰ ਸਿੰਘ ਬੀ ਏ ਭਾਗ ਤੀਜਾ, ਲਵਪ੍ਰੀਤ ਬੀ ਐੱਸ ਸੀ ਨਾਨ-ਮੈਡੀਕਲ ਨੂੰ ਵਾਈਸ ਸੈਕ੍ਰੇਟਰੀ ਚੁਣਿਆ ਗਿਆ। ਸਾਰੇ ਵਿਦਿਆਰਥੀਆਂ ਵੱਲੋਂ ਕਾਲਜ 'ਚ ਅਨੁਸ਼ਾਸਨ ਬਣਾਈ ਰੱਖਣ ਦਾ ਅਹਿਦ ਲਿਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਕਿਹਾ ਕਿ ਅਨੁਸ਼ਾਸਤ ਇਨਸਾਨ ਜ਼ਿੰਦਗੀ ਦੇ ਸਫਰ ਵਿੱਚ ਹਮੇਸ਼ਾ ਅਰੋਕ ਵਧਦਾ ਜਾਂਦਾ ਹੈ। ਉਨ੍ਹਾ ਵਿਦਿਆਰਥੀਆਂ ਨੂੰ ਅਜਿਹੇ ਅਸੂਲਾਂ ਦੇ ਧਾਰਨੀ ਬਣਨ ਲਈ ਕਿਹਾ ਤਾਂ ਜੋ ਸੰਸਥਾ ਦੇ ਨਾਲ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਗਰਿਮਾ ਵੀ ਬਣੀ ਰਹੇ।



## ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਮੀਟਿੰਗ ਹੋਈ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਸੁਨਾਮ ਦੀ ਮੀਟਿੰਗ ਕਿਲ੍ਹਾ ਭਰੀਆਂ ਵਿਖੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਲੱਖਾ ਵਾਲੀਆ, ਖ਼ਜ਼ਾਨਚੀ ਸਤਨਾਮ ਸਿੰਘ ਕਿਲ੍ਹਾ ਭਰੀਆਂ ਦੀ ਨਿਗਰਾਨੀ ਹੇਠ ਹੋਈ। ਯੂਨੀਅਨ ਦੇ ਪ੍ਰੈੱਸ ਸਕੱਤਰ ਪ੍ਰਗਟ ਸਿੰਘ ਛਾਜਲੀ ਨੇ ਦੱਸਿਆ ਕਿ ਬਲਾਕ ਸੁਨਾਮ ਦੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਬਿੰਦਰਪਾਲ ਸਿੰਘ ਛਾਜਲੀ ਨੂੰ ਬਲਾਕ ਪ੍ਰਧਾਨ ਚੁਣਿਆ ਗਿਆ। ਮੀਤ ਪ੍ਰਧਾਨ ਮਹਿੰਦਰ ਸਿੰਘ ਲੌਂਗੋਵਾਲ, ਸੀਨੀਅਰ ਮੀਤ ਪ੍ਰਧਾਨ ਗਗਨਦੀਪ ਸਿੰਘ ਚੱਠਾ, ਜਨਰਲ ਸਕੱਤਰ ਨੱਥਾ ਸਿੰਘ ਮੰਡੇਰ, ਖ਼ਜ਼ਾਨਚੀ ਹਰਬੰਸ ਸਿੰਘ ਗੋਬਿੰਦਗੜ੍ਹ, ਪ੍ਰੈੱਸ ਸਕੱਤਰ ਪ੍ਰਗਟ ਸਿੰਘ ਛਾਜਲੀ ਨੂੰ ਚੁਣਿਆ ਗਿਆ। ਇਸ ਤੋਂ ਬਿਨਾਂ ਜਰਨੈਲ ਸਿੰਘ ਸੂਚ ਛਾਜਲੀ, ਭੋਲਾ ਸਿੰਘ ਲੌਂਗੋਵਾਲ, ਕਾਲਾ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਲੌਂਗੋਵਾਲ, ਹਰਪਾਲ ਸਿੰਘ ਲੌਂਗੋਵਾਲ, ਦਰਸ਼ਨ ਸਿੰਘ ਗੋਬਿੰਦਗੜ੍ਹ, ਦਰਬਾਰਾ ਸਿੰਘ ਚੱਠਾ ਤੇ ਗੁਰਜੰਟ ਸਿੰਘ ਮੰਡੇਰ ਕਲਾਂ ਨੂੰ ਕਮੇਟੀ ਮੈਂਬਰ ਚੁਣਿਆ ਗਿਆ।

# ਸੁਨਹਿਰੀ ਭਵਿੱਖ ਦੇ ਨਿਰਮਾਣ ਲਈ ਖੇਡਾਂ ਤੇ ਤੰਦਰੁਸਤੀ ਪ੍ਰਤੀ ਜਾਗਰੂਕਤਾ ਜ਼ਰੂਰੀ : ਭਸੌੜ

■ ਐੱਮ ਪੀ ਸਿਮਰਨਜੀਤ ਸਿੰਘ ਮਾਨ ਵੱਲੋਂ ਬਾਕਸਿੰਗ ਕਿੱਟ ਭੇਟ



**ਮੂਨਕ (ਰਾਜਪਾਲ ਸਿੰਗਲਾ)**-ਸੁਨਹਿਰੀ ਭਵਿੱਖ ਦੇ ਨਿਰਮਾਣ ਲਈ ਖੇਡਾਂ ਤੇ ਆਪਣੇ ਸਰੀਰ ਦੀ ਤੰਦਰੁਸਤੀ ਪ੍ਰਤੀ ਰੁਚੀ ਤੇ ਜਾਗਰੂਕਤਾ ਹੋਣਾ ਬੇਹੱਦ ਜ਼ਰੂਰੀ ਹੈ। ਇਸੇ ਕਰਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਆਪਣੇ ਐੱਮ. ਪੀ. ਕੋਟੇ ਵਿੱਚੋਂ ਹਲਕੇ ਦੇ ਪਿੰਡ-ਪਿੰਡ ਜਾ ਕੇ ਨੌਜਵਾਨਾਂ ਨੂੰ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ, ਉੱਥੇ ਹੀ ਚੰਗੀ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਜ਼ਿੰਮ ਲਗਵਾਏ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਪੀਏਸੀ ਮੈਂਬਰ ਤੇ ਹਲਕਾ ਲਹਿਰਾ ਦੇ ਇੰਚਾਰਜ ਬਹਾਦਰ ਸਿੰਘ ਭਸੌੜ ਨੇ ਮੂਨਕ ਵਿਖੇ ਬਾਕਸਿੰਗ ਦੇ ਖਿਡਾਰੀਆਂ ਨੂੰ ਬਾਕਸਿੰਗ ਕਿੱਟ ਭੇਟ ਕਰਨ ਮੌਕੇ ਕੀਤਾ। ਸ. ਭਸੌੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅ) ਦਾ ਟੀਚਾ ਹਲਕੇ ਦੇ ਵੱਧ ਤੋਂ ਵੱਧ ਨੌਜਵਾਨਾਂ ਵਿੱਚ ਖੇਡਾਂ ਤੇ ਚੰਗੀ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ, ਤਾਂ ਜੋ ਨੌਜਵਾਨ ਬੁਰੀ ਸੰਗਤ ਵਿੱਚ ਫਸ ਕੇ ਨਸ਼ਿਆਂ ਰੂਪੀ ਬੀਮਾਰੀ ਦਾ ਸ਼ਿਕਾਰ ਹੋਣ ਤੋਂ ਬਚ ਸਕਣ। ਸਮਾਜ ਭਲਾਈ ਦੇ ਇਸ ਟੀਚੇ ਨੂੰ ਪੂਰਾ ਕਰਨ ਲਈ ਐੱਮ.ਪੀ. ਸ. ਮਾਨ ਵੱਲੋਂ ਲਗਾਤਾਰ ਹਲਕੇ ਦੇ ਨੌਜਵਾਨਾਂ ਨੂੰ ਜ਼ਿੰਮ ਤੇ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ, ਜਿਸ ਦੀ ਬਦੌਲਤ ਬਹੁਤ ਸਾਰੇ ਪਿੰਡਾਂ ਵਿੱਚ ਹੁਣ ਫਿਰ ਤੋਂ ਖੇਡ ਮੈਦਾਨਾਂ ਵਿੱਚ ਨੌਜਵਾਨਾਂ ਦੀ ਚਹਿਲ ਪਹਿਲ ਦੇਖਣ ਨੂੰ ਮਿਲਣ ਲੱਗੀ ਹੈ, ਜੋ ਕਿ ਇੱਕ ਚੰਗਾ ਸੰਦੇਸ਼ ਹੈ।

ਇਸ ਮੌਕੇ ਹਰਵਿੰਦਰ ਸਿੰਘ ਮੰਨਿਆਣਾ ਪ੍ਰਧਾਨ ਯੂਥ ਵਿੰਗ ਹਲਕਾ ਲਹਿਰਾ, ਗੁਰਪ੍ਰੀਤ ਸਿੰਘ ਭੁਟਾਲ ਖੁਰਦ ਹਲਕਾ ਮੀਡੀਆ ਇੰਚਾਰਜ, ਗੁਲਾਬ ਸਿੰਘ ਚੱਠਾ, ਭੁਪਿੰਦਰ ਸਿੰਘ, ਹੈਪੀ ਬਰਾੜ, ਮਨਜੋਤ ਸਿੰਘ, ਅੰਮ੍ਰਿਤਪਾਲ ਸਿੰਘ, ਸ਼ੇਰ ਸਿੰਘ, ਜੋਨੀ, ਕੋਚ ਸੂਬਾ ਸਿੰਘ ਤੋਂ ਇਲਾਵਾ ਬਾਕਸਿੰਗ ਖਿਡਾਰੀ ਤੇ ਖੇਡ ਪ੍ਰੇਮੀ ਹਾਜ਼ਰ ਸਨ।

## ਕੇ ਵੀ ਕੇ ਵੱਲੋਂ ਔਰਤਾਂ ਲਈ ਸਿਖਲਾਈ ਕੋਰਸ ਸੰਪੰਨ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.) ਵੱਲੋਂ ਕੱਪੜਿਆਂ ਦੀ ਰੰਗਾਈ ਦੀਆਂ ਵੱਖ-ਵੱਖ ਰਵਾਇਤੀ ਤੇ ਨਵੀਨ ਤਕਨੀਕਾਂ ਨਾਲ ਸਜਾਵਟ ਕਰਕੇ ਕੀਮਤ 'ਚ ਵਾਧਾ ਕਰਨ ਦੇ ਮੱਦੇਨਜ਼ਰ ਬੀਬੀਆਂ ਲਈ ਸੱਤ ਦਿਨਾਂ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਕੋਰਸ ਵਿੱਚ ਵੱਖ-ਵੱਖ ਪਿੰਡਾਂ ਭਾਗੂ, ਤਿਓਣਾ, ਕਰਮਿਤੀ, ਜੋਗਾ ਨੰਦ, ਚੱਕ ਅਤਰ ਸਿੰਘ ਵਾਲਾ, ਖੂਈਆਂ ਮਲਕਾਨਾ, ਪੂਹਲਾ, ਘੁਮਣ ਕਲਾਂ, ਸੇਮਾ, ਮਹਿਤਾ, ਜੈ ਸਿੰਘ ਵਾਲਾ, ਅਕਲੀਆਂ ਖੁਰਦ, ਜੋਧਪੁਰ ਰੋਮਾਣਾ, ਸੇਮਾ, ਭਲਾਈਆਣਾ, ਕੋਠੇ ਕੌਰ ਸਿੰਘ ਵਾਲਾ, ਜੱਸੀ ਪੌ ਵਾਲੀ ਤੋਂ 29 ਸਿਖਿਆਰਥਣਾਂ ਨੇ ਭਾਗ ਲਿਆ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡਾ. ਗੁਰਦੀਪ ਸਿੰਘ ਸਿੱਧੂ ਨੇ ਸਾਂਝੀ ਕੀਤੀ। ਇਸ ਮੌਕੇ ਡਾ. ਗੁਰਮੀਤ ਸਿੰਘ ਢਿੱਲੋਂ (ਪ੍ਰੋ. ਪਸਾਰ ਸਿੱਖਿਆ) ਨੇ ਬੀਬੀਆਂ ਨਾਲ ਕੇ.ਵੀ.ਕੇ. ਦੀਆਂ ਗਤੀਵਿਧੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕੋਰਸ ਦੇ ਕੋਆਰਡੀਨੇਟਰ ਪ੍ਰੋ. ਜਸਵਿੰਦਰ ਕੌਰ ਬਰਾੜ ਨੇ ਕੱਪੜਿਆਂ ਦੀ ਟਾਈਡਾਈ ਤੇ ਰੰਗਾਈ ਦੀਆਂ ਵੱਖ-ਵੱਖ ਤਕਨੀਕਾਂ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਕਿੱਤੇ ਨੂੰ ਸ਼ੁਰੂ ਕਰਨ ਲਈ ਬਹੁਤੇ ਅਗਾਊ ਖ਼ਰਚੇ ਦੀ ਲੋੜ ਨਾ ਹੋਣ ਕਾਰਨ ਬੜੇ ਘੱਟ ਪੈਸੇ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ। ਕੋਰਸ ਦੇ ਅਖੀਰ ਵਿੱਚ ਸਿਖਿਆਰਥਣਾਂ ਵੱਲੋਂ ਬਣਾਏ ਗਏ ਸਾਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

# ਐੱਸ ਡੀ ਕਾਲਜ ਵਿਖੇ ਮਨਾਇਆ ਭਾਈ ਘਨੱਈਆ ਜੀ ਸੇਵਾ ਦਿਵਸ

**ਮੋਗਾ (ਅਮਰਜੀਤ ਬੱਬਰੀ)**-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਵਿਖੇ ਇੰਟਰਨਲ ਕੰਪਲੇਂਟ ਕਮੇਟੀ ਤੇ ਬੀ. ਵਾਕ ਦੇ ਵਿਭਾਗ ਹੌਸਪੀਟਲ ਐਡਮਿਨਿਸਟ੍ਰੇਸ਼ਨ ਐਂਡ ਮੈਨੇਜਮੈਂਟ ਨੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਈ ਘਨੱਈਆ ਜੀ ਦੀ ਬਰਸੀ ਨੂੰ ਸਮਰਪਤ ਮਾਨਵ ਸੇਵਾ ਸੰਕਲਪ ਦਿਵਸ 'ਤੇ ਮਲਟੀਮੀਡੀਆ ਸ਼ੋਅ, ਵਿਸਥਾਰ ਭਾਸ਼ਣ, ਮੁੱਢਲੀ ਮੈਡੀਕਲ ਸਹਾਇਤਾ ਕੈਂਪ ਲਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਭਾਈ ਘਨੱਈਆ ਜੀ ਦੀ ਸੇਵਾ ਬਾਰੇ ਭਾਵ ਸਾਂਝੇ ਕਰਦਿਆਂ ਕਿਹਾ ਕਿ ਭਾਈ ਘਨੱਈਆ ਜੀ ਨੇ ਆਪਣੇ ਦਇਆਵਾਨ ਤੇ ਪਰਉਪਕਾਰੀ ਸੁਭਾਅ ਕਰਕੇ ਬਿਨ੍ਹਾਂ ਕਿਸੇ ਭੇਦਭਾਵ ਦੇ ਜੰਗ ਦੇ ਮੈਦਾਨ ਵਿੱਚ ਮਲ੍ਹਮ ਪੱਟੀ ਕੀਤੀ ਤੇ ਪਾਣੀ ਪਿਆਇਆ।



ਮਿਸਿਜ਼ ਰਮਨਪ੍ਰੀਤ ਕੌਰ ਨੇ ਭਾਈ ਘਨੱਈਆ ਜੀ ਦੇ ਜੀਵਨ ਤੇ ਉਨ੍ਹਾਂ ਦੀ ਨਿਸ਼ਕਾਮ ਸੇਵਾ 'ਤੇ ਵਿਸਥਾਰ 'ਚ ਚਰਚਾ ਕੀਤੀ ਅਤੇ ਭਾਈ ਘਨੱਈਆ ਜੀ ਦੇ ਜੀਵਨ 'ਤੇ ਆਧਾਰਤ ਦਸਤਾਵੇਜ਼ੀ ਫਿਲਮ ਦਿਖਾਈ ਗਈ। ਮੁੱਢਲੀ ਮੈਡੀਕਲ ਸਹਾਇਤਾ ਕੈਂਪ ਦੌਰਾਨ ਮੈਡਮ ਹਰਪ੍ਰੀਤ ਕੌਰ ਨੇ ਭਾਈਚਾਰਕ ਸਾਂਝ ਤੇ ਸਰਬੱਤ ਦੇ ਭਲੇ ਦੀ ਸਿੱਖਿਆ ਦਿੰਦਿਆਂ ਕਾਲਜ ਦੀਆਂ ਵਿਦਿਆਰਥਣਾਂ ਦੀ ਸਿਹਤ ਦੀ ਮੁੱਢਲੀ ਜਾਂਚ ਕੀਤੀ ਅਤੇ ਵਿਦਿਆਰਥਣਾਂ ਨੂੰ ਮੁੱਢਲੀ ਮੈਡੀਕਲ ਜਾਂਚ ਦੇ ਗੁਰ ਜਿਵੇਂ ਜ਼ਖਮਾਂ ਦੀ ਡਰੈਸਿੰਗ ਕਰਨੀ, ਬੀ. ਪੀ. ਚੈੱਕ ਕਰਨਾ, ਨਬਜ਼ ਚੈੱਕ ਕਰਨ ਆਦਿ ਬਾਰੇ ਦੱਸਿਆ। ਇਸ ਮੌਕੇ ਮਿਸ ਰਜਨੀ, ਬੀ.ਵਾਕ. ਵਿਭਾਗ ਦੇ ਨੋਡਲ ਅਫਸਰ ਮਿਸਿਜ਼ ਗਗਨਦੀਪ ਕੌਰ ਤੇ ਮਿਸਿਜ਼ ਨਮਿਤਾ ਬਰਮਨ ਨੇ ਗਤੀਵਿਧੀਆਂ ਦੇ ਆਯੋਜਨ ਵਿੱਚ ਅਹਿਮ ਯੋਗਦਾਨ ਦਿੱਤਾ।

# ਝਿੰਜਰ ਦੀ ਆਮਦ 'ਤੇ ਰੈਲੀ 'ਚ ਨੌਜਵਾਨਾਂ ਦੇ ਇਕੱਠ ਤੋਂ ਗਦ-ਗਦ ਹੋਏ ਬਰਜਿੰਦਰ ਬਰਾੜ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਸ਼੍ਰੋਮਣੀ ਅਕਾਲੀ ਦਲ ਦੇ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਹਲਕਾ ਧਰਮਕੋਟ ਦੇ ਨੌਜਵਾਨਾਂ ਦੀ ਯੂਥ ਮਿਲਣੀ ਵਿੱਚ ਨੌਜਵਾਨਾਂ ਦਾ ਵੱਡਾ ਹਜੂਮ ਵੇਖਣ ਨੂੰ ਮਿਲਿਆ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਬਰਾੜ ਵੱਲੋਂ ਹਲਕਾ ਇੰਚਾਰਜ ਲੱਗਣ ਉਪਰੰਤ ਇਹ ਪਹਿਲੀ ਮਿਲਣੀ ਸੀ, ਜਿਸ ਦੇ ਜ਼ਰੀਏ ਉਹ ਨੌਜਵਾਨ ਵਰਗ ਦੇ ਰੂਬਰੂ ਹੋਏ, ਜਿੱਥੇ ਨੌਜਵਾਨਾਂ ਨੇ ਵੱਡਾ ਉਤਸ਼ਾਹ ਵੀ ਦਿਖਾਉਂਦਿਆਂ ਉਨ੍ਹਾਂ ਦੇ ਸਿਆਸੀ ਕੱਦ ਨੂੰ ਹੋਰ ਉੱਚਾ ਕੀਤਾ ਹੈ। ਇਹ ਇਕੱਠ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਵੱਲੋਂ ਧਰਮਕੋਟ ਦੇ ਕੀਤੇ ਗਏ ਵਿਕਾਸ ਕਾਰਜਾਂ 'ਤੇ ਵੀ ਇਕ ਮੋਹਰ ਸੀ। ਬਰਜਿੰਦਰ ਸਿੰਘ ਬਰਾੜ ਨੇ ਇਸ ਮੌਕੇ ਨੌਜਵਾਨਾਂ ਤੇ ਅਕਾਲੀ ਦਲ ਦੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਥੇਦਾਰ ਤੋਤਾ ਸਿੰਘ ਧਰਮਕੋਟ ਹਲਕੇ ਪ੍ਰਤੀ ਆਪਣੇ ਫਰਜ਼ ਨਿਭਾਉਂਦਿਆਂ, ਜੋ ਵਿਕਾਸ ਕਾਰਜ ਕੀਤੇ ਹਨ, ਉਹ ਹੋਰ ਕੋਈ ਨਹੀਂ ਕਰ ਸਕੇਗਾ।



ਨੌਜਵਾਨਾਂ ਦੇ ਵੱਡੇ ਇਕੱਠ ਤੋਂ ਗਦ-ਗਦ ਹੋਏ ਬਰਜਿੰਦਰ ਬਰਾੜ ਨੇ ਸਮੁੱਚੇ ਹਲਕਾ ਧਰਮਕੋਟ ਦੀ ਲੀਡਰਸ਼ਿਪ ਨੂੰ ਵਧਾਈ ਦਿੱਤੀ। ਨੌਜਵਾਨਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਉੱਪਰ ਝੂਠ ਦੇ ਸਹਾਰੇ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਉਖਾੜ ਸੁੱਟਣ, ਇਹ ਸਰਕਾਰ ਦਿੱਲੀ ਦੇ ਇਸ਼ਾਰਿਆਂ ਉਪਰ ਚੱਲ ਰਹੀ ਹੈ, ਭਗਵੰਤ ਮਾਨ ਬਿਲਕੁੱਲ ਡੰਮੀ ਮੁੱਖ ਮੰਤਰੀ ਹੈ। ਉਨ੍ਹਾ ਕਿਹਾ ਕਿ ਆਪਾਂ ਪੰਜਾਬ ਦੇ ਉੱਤੇ ਦਿੱਲੀ ਦਾ ਏਜੰਡਾ ਨਹੀਂ ਲਾਗੂ ਹੋਣ ਦੇਣਾ, ਆਪਾਂ ਪੰਜਾਬੀਆਂ 'ਤੇ ਪੰਜਾਬ ਦਾ ਏਜੰਡਾ ਹੀ ਲਾਗੂ ਕਰਨਾ ਹੈ। ਝਿੰਜਰ ਨੇ ਕਿਹਾ ਕਿ ਕਾਂਗਰਸ, ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਇਕੋ ਥੈਲੀ ਦੇ ਚੱਟੇ-ਵੱਟੇ ਹਨ, ਇਹ ਪਾਰਟੀਆਂ ਪੰਜਾਬ ਨੂੰ ਤਬਾਹ ਕਰਨਾ ਚਾਹੁੰਦੀਆਂ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ, ਅਕਾਲੀ ਦਲ ਦੇ ਕੀਤੇ ਹੋਏ ਕੰਮਾਂ ਨੂੰ ਆਪਣੇ ਕੰਮ ਦੱਸ ਰਹੀ ਹੈ, ਸਕੂਲਾਂ ਨੂੰ ਰੰਗਣ ਰੋਗਣ ਕਰ ਕੇ ਸਕੂਲ ਆਫ ਐਮੀਨੈਂਸ ਬਣਾਉਣ ਦਾ ਡਰਾਮਾ ਕੀਤਾ ਜਾ ਰਿਹਾ ਹੈ।

ਝਿੰਜਰ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦਿਨੋਂ ਦਿਨ ਮਜ਼ਬੂਤ ਹੋ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਨੌਜਵਾਨ ਤੱਕੜੀ ਦੇ ਝੰਡੇ ਹੇਠ ਇਕੱਠੇ ਹੋ ਰਹੇ ਹਨ। ਇਸ ਲਈ ਅਕਾਲੀ ਦਲ ਨੂੰ ਭਾਜਪਾ ਦੇ ਸਹਾਰੇ ਦੀ ਲੋੜ ਨਹੀਂ, ਇਹ ਉਹ ਭਾਜਪਾ ਨਹੀਂ ਜਿਸ ਨਾਲ ਪ੍ਰਕਾਸ ਸਿੰਘ ਬਾਦਲ ਨੇ ਭਾਈਵਾਲੀ ਕਾਇਮ ਕੀਤੀ ਸੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਆਪਣੇ ਬਲਬੂਤੇ ਉਤੇ ਲੋਕ ਸਭਾ ਚੋਣਾਂ ਲੜੇਗਾ। ਇਸ ਮੌਕੇ ਅਮਰਜੀਤ ਸਿੰਘ ਗਿੱਲ ਲੰਡੇਕੇ ਜ਼ਿਲ੍ਹਾ ਪ੍ਰਧਾਨ, ਗੁਰਮੇਲ ਸਿੰਘ ਸਿੱਧੂ ਸਰਕਲ ਪ੍ਰਧਾਨ, ਨੰਬਰਦਾਰ ਬਲਜੀਤ ਸਿੰਘ ਕੰਗ ਸੀਨੀਅਰ ਮੀਤ ਪ੍ਰਧਾਨ, ਜੋਗਿੰਦਰ ਸਿੰਘ ਪੱਪੂ ਕਾਹਨੇਵਾਲਾ, ਜੋਗਿੰਦਰ ਸਿੰਘ ਸੰਧੂ ਮੁੰਡੀ ਜਮਾਲ, ਗੁਰਦੇਵ ਸਿੰਘ ਭੋਲਾ ਸਰਕਲ ਪ੍ਰਧਾਨ ਆਦਿ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ ਭਾਜਪਾ ਦੀਆਂ ਗੈਰ-ਵਿਗਿਆਨਕ ਕਾਰਵਾਈਆਂ ਦੀ ਨਿੰਦਾ

**ਮਾਨਸਾ (ਆਤਮਾ ਸਿੰਘ ਪਮਾਰ)**

ਤਰਕਸ਼ੀਲ ਸੁਸਾਇਟੀ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਨੇ ਭਾਰਤੀ ਫੁੱਟਬਾਲ ਦੀ ਕੌਮੀ ਟੀਮ ਦੇ ਵਿਦੇਸ਼ੀ ਕੋਚ ਵੱਲੋਂ ਭਾਰਤੀ ਫੁੱਟਬਾਲ ਫੈਡਰੇਸ਼ਨ ਦੇ ਸਕੱਤਰ ਦੇ ਕਹਿਣ 'ਤੇ ਪਿਛਲੇ ਸਾਲ ਏਸ਼ੀਆ ਫੁੱਟਬਾਲ ਕੱਪ ਦੇ ਪ੍ਰੀ ਕੁਆਲੀਫਾਈ ਮੈਚਾਂ ਲਈ ਕੌਮੀ ਟੀਮ ਦੀ ਚੋਣ ਕਰਨ ਮੌਕੇ ਦਿੱਲੀ ਦੇ ਇਕ ਜੋਤਸ਼ੀ ਦੀਆਂ ਸੇਵਾਵਾਂ ਲੈਣ ਤੇ ਇਸ ਦੇ ਬਦਲੇ ਉਸ ਨੂੰ 15 ਲੱਖ ਰੁਪਏ ਦਾ ਭੁਗਤਾਨ ਕਰਨ ਦੀ ਲੋਕ ਵਿਰੋਧੀ ਤੇ ਗੈਰ-ਵਿਗਿਆਨਕ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਤੋਂ ਇਸ ਸਮੁੱਚੇ ਘਟਨਾਕ੍ਰਮ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਇਸ ਸਚਾਈ ਨੂੰ ਮੀਡੀਏ ਰਾਹੀਂ ਜੱਗ ਜ਼ਾਹਰ ਕਰਨ ਵਾਲੇ ਭਾਰਤੀ ਫੁੱਟਬਾਲ ਕੋਚ ਇਗੋਰ ਸਟੀਮਕ ਨੂੰ ਭੇਜਿਆ ਕਾਰਨ ਦੱਸੋ ਨੋਟਿਸ ਰੱਦ ਕਰਨ ਦੀ ਵੀ ਮੰਗ ਕੀਤੀ ਹੈ।

ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂਆਂ ਤੇ ਇਕਾਈ ਮਾਨਸਾ ਦੇ ਆਗੂ ਲੱਖਾ ਸਿੰਘ ਸਹਾਰਨਾ, ਜਥੇਬੰਦਕ ਮੁਖੀ ਕ੍ਰਿਸ਼ਨ ਮਾਨਬੀਬੜੀਆਂ ਤੇ ਮੀਡੀਆ ਵਿਭਾਗ ਦੇ ਮੁਖੀ ਨਰਿੰਦਰ ਕੌਰ ਬੁਰਜ ਹਮੀਰਾ ਨੇ ਇਕਾਈ ਵੱਲੋਂ ਸਾਂਝਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਗਰੇਜ਼ੀ ਦੀ ਇਕ ਪ੍ਰਮੁੱਖ ਅਖਬਾਰ ਇੰਡੀਅਨ ਐਕਸਪ੍ਰੈੱਸ ਨੂੰ ਇੰਟਰਵਿਊ ਦਿੰਦਿਆਂ ਭਾਰਤੀ ਫੁੱਟਬਾਲ ਟੀਮ ਦੇ ਵਿਦੇਸ਼ੀ ਕੋਚ ਇਗੋਰ ਸਟੀਮਕ ਨੇ ਇਹ ਦਾਅਵਾ ਕੀਤਾ ਹੈ ਕਿ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਦੇ ਤਤਕਾਲੀ ਸਕੱਤਰ ਜਨਰਲ ਕੁਸ਼ਲ ਦਾਸ ਨੇ ਹੀ ਉਸ ਨੂੰ ਦਿੱਲੀ ਦੇ ਜੋਤਸ਼ੀ ਭੂਪੇਸ਼ ਸ਼ਰਮਾ ਦੀਆਂ ਸੇਵਾਵਾਂ ਲੈਣ ਲਈ ਮਜਬੂਰ ਕੀਤਾ ਸੀ, ਜਿਸ ਕਰਕੇ ਮਈ 2022 ਵਿੱਚ ਭਾਰਤੀ ਫੁੱਟਬਾਲ ਟੀਮ ਵੱਲੋਂ ਖੇਡੇ ਗਏ ਹਰ ਮੈਚ ਤੋਂ ਪਹਿਲਾਂ ਜੋਤਸ਼ੀ ਭੂਪੇਸ਼ ਸ਼ਰਮਾ ਨੂੰ ਸਾਰੇ 11 ਖਿਡਾਰੀਆਂ ਦਾ ਬਿਊਰਾ ਦਿੱਤਾ ਗਿਆ, ਜਿਸ ਵੱਲੋਂ ਇਕੱਲੇ ਇਕੱਲੇ ਖਿਡਾਰੀ ਦੇ ਟੇਵਿਆਂ ਅਨੁਸਾਰ ਤੀਰ ਤੁੱਕੇ ਵਾਂਗ ਭਵਿੱਖਬਾਣੀ ਕਰਕੇ ਭਾਰਤੀ ਕੌਮੀ ਟੀਮ ਦੀ ਚੋਣ ਕਰਨ ਦੀ ਸਲਾਹ ਦਿੱਤੀ ਗਈ ਅਤੇ ਇਸ ਬਦਲੇ ਉਸ ਨੂੰ 15 ਲੱਖ ਰੁਪਏ ਦਾ ਕਥਿਤ ਭੁਗਤਾਨ ਵੀ ਕੀਤਾ ਗਿਆ।



ਤਰਕਸ਼ੀਲ ਆਗੂਆਂ ਨੇ ਮੋਦੀ ਸਰਕਾਰ ਵੱਲੋਂ ਹਰ ਖੇਤਰ 'ਚ ਲਾਗੂ ਕੀਤੇ ਜਾ ਰਹੇ ਫਿਰਕੂ ਹਿੰਦੂਤਵੀ ਅਜੰਡੇ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਖੇਡਾਂ ਵਿੱਚ ਖਿਡਾਰੀਆਂ ਦੀ ਸਖਤ ਮਿਹਨਤ, ਬਿਹਤਰ ਖੇਡ ਸਹੂਲਤਾਂ, ਸਟੈਮਨਾ, ਖੇਡ ਭਾਵਨਾ ਤੇ ਵਧੀਆ ਪ੍ਰਦਰਸ਼ਨ ਦੇ ਸਿਰ 'ਤੇ ਹੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ, ਪਰ ਮੋਦੀ ਸਰਕਾਰ ਵੱਲੋਂ ਖਿਡਾਰੀਆਂ ਨੂੰ ਆਧੁਨਿਕ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਦੀ ਸਮਰੱਥਾ ਨੂੰ ਰੱਦ ਕਰਕੇ ਗੈਰ-ਵਿਗਿਆਨਕ ਜੋਤਿਸ਼, ਰਾਸ਼ੀ ਫਲ ਤੇ ਜੰਤਰਾਂ ਮੰਤਰਾਂ ਦੇ ਤੀਰ ਤੁੱਕਿਆਂ ਰਾਹੀਂ ਨਾ ਸਿਰਫ ਖਿਡਾਰੀਆਂ, ਕੋਚਾਂ ਤੇ ਦੇਸ਼ ਦਾ ਅਪਮਾਨ ਕੀਤਾ ਗਿਆ ਹੈ, ਬਲਕਿ ਸਿੱਖਿਆ, ਸਿਹਤ, ਖੇਡ, ਕਲਾ ਤੇ ਇਨ੍ਹਾਂ ਨਾਲ ਸੰਬੰਧਤ ਸੰਸਥਾਵਾਂ ਦਾ ਭਗਵਾਂਕਰਨ ਤੇ ਵਪਾਰੀਕਰਨ ਕਰਕੇ ਦੇਸ਼ ਵਿੱਚ ਫਿਰਕਾਪ੍ਰਸਤੀ ਅਤੇ ਅੰਧ-ਵਿਸ਼ਵਾਸ ਫੈਲਾਉਣ ਦੇ ਇਲਾਵਾ ਸਾਮਰਾਜ ਪੱਖੀ ਨੀਤੀਆਂ ਹੇਠ ਆਮ ਲੋਕਾਂ ਨੂੰ ਸਰੇਆਮ ਲੁੱਟਿਆ ਵੀ ਜਾ ਰਿਹਾ ਹੈ, ਜੋ ਬਰਦਾਸ਼ਤ ਯੋਗ ਨਹੀਂ ਹੈ। ਇਸ ਸਮੇਂ ਇਕਾਈ ਆਗੂ ਮਾ. ਮਹਿੰਦਰਪਾਲ ਅਤਲਾ, ਅਜੈਬ ਸਿੰਘ, ਹਰਬੰਸ ਸਿੰਘ ਢਿੱਲੋਂ, ਦਲਵਿੰਦਰ ਸਿੰਘ ਮਾਨਸਾ, ਡਾ. ਸੁਰਿੰਦਰ ਸਿੰਘ, ਗੁਰਦੀਪ ਸਿੰਘ ਸਿੱਧੂ ਤੇ ਰਾਮ ਸਿੰਘ ਨੇ ਸਮੂਹ ਲੋਕ ਪੱਖੀ, ਅਗਾਂਹਵਧੂ ਤੇ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ, ਸੰਘ ਵੱਲੋਂ ਦੇਸ਼ ਵਿੱਚ ਇੱਕ ਯੋਜਨਾਬੱਧ ਸਾਜ਼ਿਸ਼ ਹੇਠ ਫਿਰਕੂ ਫਾਸ਼ੀਵਾਦੀ, ਅੰਧ-ਵਿਸ਼ਵਾਸੀ ਤੇ ਗੈਰ-ਸੰਵਿਧਾਕਿ ਗਤੀਵਿਧੀਆਂ ਰਾਹੀਂ ਜਨਤਕ ਸਰਮਾਏ ਨੂੰ ਸ਼ਰੇਆਮ ਲੁਟਾਏ ਜਾਣ ਦਾ ਡੱਟਵਾਂ ਵਿਰੋਧ ਕਰਦੇ ਹੋਏ ਆਮ ਲੋਕਾਂ ਨੂੰ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਤੇ ਜਥੇਬੰਦਕ ਸੰਘਰਸ਼ ਦੀ ਭਾਵਨਾ ਵਿਕਸਤ ਕਰਨ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ।

# 24 ਦੀ ਰੋਸ ਰੈਲੀ ਤੇ ਸਥਾਨਕ ਸਰਕਾਰਾਂ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦੀਆਂ ਤਿਆਰੀਆਂ ਮੁਕੰਮਲ : ਬਾਸੀ, ਵਿਰਦੀ, ਹੀਰਾ



**ਜਲੰਧਰ ( ਰਾਜੇਸ਼ ਥਾਪਾ, ਸ਼ੈਲੀ ਐਲਬਰਟ )**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫ਼ਰੰਟ ਵੱਲੋਂ 24 ਸਤੰਬਰ ਨੂੰ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਬਲਕਾਰ ਸਿੰਘ ਦੇ ਘਰ ਅੱਗੇ ਜਲੰਧਰ ਵਿਖੇ ਕੀਤੀ ਜਾ ਰਹੀ ਰੋਹ ਭਰਪੂਰ ਰੈਲੀ ਅਤੇ ਮਾਰਚ ਕਰਕੇ ਰਿਹਾਇਸ਼ ਦਾ ਘਿਰਾਓ ਕਰਨ ਦੇ ਐਕਸ਼ਨ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਨੂੰ ਯਕੀਨੀ ਬਣਾਉਣ ਲਈ ਪ.ਸ.ਸ.ਫ.ਜਲੰਧਰ ਦੀ ਹੰਗਾਮੀ ਮੀਟਿੰਗ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਅਗਵਾਈ ਵਿੱਚ ਹੋਈ। ਇਸ ਸਮੇਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ,ਕੱਚੇ ਕਾਮਿਆਂ ਨੂੰ ਪੱਕੇ ਕਰਵਾਉਣ, 1-1-2015 ਅਤੇ 2017 ਦੇ ਪੱਤਰ ਰੱਦ ਕਰਵਾਉਣ, ਕੱਟੇ ਗਏ 37 ਭੱਤੇ ਬਹਾਲ ਕਰਵਾਉਣ, ਪੈਨਸਨਰਜ ਦੇ ਬਣਦੇ 2.59 ਦੇ ਗੁਣਾਂਕ, ਨੋਸ਼ਨਲ ਅਧਾਰ 'ਤੇ ਪੈਨਸ਼ਨਾਂ ਦੀ ਸੋਧਾਈ, ਪੇ ਕਮਿਸ਼ਨ ਦੇ ਸਾਢੇ ਪੰਜ ਸਾਲ ਦਾ ਬਕਾਇਆ ਯੱਕ-ਮੁਸ਼ਤ ਡੀ. ਏ 34% ਤੋਂ ਵਧਾ ਕੇ ਕੇਂਦਰੀ ਤਰਜ 'ਤੇ 42% ਕਰਨ,ਮਾਣ ਭੱਤਾ ਮੁਲਾਜਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆਉਣ,ਕੈਸ਼ਲੈਸ ਹੈਲਥ ਯੋਜਨਾ ਵਰਗੇ ਹੱਕ ਅਤੇ ਜਾਇਜ ਮੰਗਾਂ ਦੀ ਪੂਰਤੀ ਕਰਨ ਅਤੇ ਜਮੂਹਰੀ ਹੱਕਾਂ ਦੀ ਰਾਖੀ ਲਈ ਕਾਲੇ ਕਾਨੂੰਨ (ਐਸਮਾ ਵਰਗੇ ) ਰੱਦ ਕਰਵਾਉਣ ਲਈ ਸੰਘਰਸ਼ ਦਾ ਪਿੜ ਮੱਲਦੇ ਹੋਏ 24 ਸਤੰਬਰ ਨੂੰ ਪੰਜਾਬ ਸਰਕਾਰ ਦੀ ਸਾਜਸ਼ੀ ਚੁੱਪੀ ਨੂੰ ਤੋੜਨ ਲਈ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਵਿਰੁੱਧ ਜਲੰਧਰ ਵਿਖੇ ਰੋਹ ਭਰਪੂਰ ਜੋਨ ਪੱਧਰੀ ਰੈਲੀ ਅੰਬੇਦਕਰ ਪਾਰਕ, ਬੂਟਾ ਮੰਡੀ (ਨਕੋਦਰ ਰੋਡ ਜਲੰਧਰ) ਵਿਖੇ ਕੀਤੀ ਜਾ ਰਹੀ ਹੈ। ਪ.ਸ.ਸ.ਫ.ਦੇ ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਰੈਲੀ ਵਿੱਚ ਮੁਲਾਜਮਾਂ ਦੀ ਸਮੂਲੀਅਤ ਨੂੰ ਵੱਡੀ ਗਿਣਤੀ ਵਿੱਚ ਯਕੀਨੀ ਬਣਾਉਣ ਲਈ ਦੱਸਦਿਆਂ ਕਿਹਾ ਕਿ ਮੀਟਿੰਗ ਵਿੱਚ ਪ.ਸ.ਸ.ਫ. ਦੇ ਬਲਾਕ ਪੱਧਰੀ ਆਗੂਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਅਤੇ ਵੱਧ ਤੋਂ ਵੱਧ ਤਿਆਰੀ ਨਾਲ ਮੁਲਾਜਮਾਂ ਦੀ ਸ਼ਮੂਲੀਅਤ ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਮੀਟਿੰਗ ਵਿੱਚ ਰੈਲੀ ਦੀ ਤਿਆਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਅੰਬੇਦਕਰ ਪਾਰਕ ਵਿਚ ਰੈਲੀ ਕਰਨ ਤੋਂ ਬਾਅਦ ਮੰਤਰੀ ਬਲਕਾਰ ਸਿੰਘ ਦੀ ਰਿਹਾਇਸ਼ ਵੱਲ ਮਾਰਚ ਕਰਦਿਆਂ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅਕਲ ਚੰਦ ਸਿੰਘ, ਕੁਲਦੀਪ ਵਾਲੀਆ, ਕਰਨੈਲ ਫਿਲੌਰ, ਸੁਖਵਿੰਦਰ ਸਿੰਘ ਮੱਕੜ, ਬਲਜੀਤ ਸਿੰਘ ਕੁਲਾਰ, ਮਨੋਜ ਕੁਮਾਰ ਸਰੋਏ, ਅੰਗਰੇਜ ਸਿੰਘ, ਸਤਵਿੰਦਰ ਸਿੰਘ, ਬਲਵੀਰ ਸਿੰਘ ਗੁਰਾਇਆ, ਬਲਜੀਤ ਸਿੰਘ ਨਕੋਦਰ, ਸੁਖਵਿੰਦਰ ਰਾਮ, ਕੁਲਵੰਤ ਰਾਮ ਰੁੜਕਾ, ਪਰੇਮ ਖਲਵਾੜਾ, ਪਿਆਰਾ ਸਿੰਘ, ਰਾਜਿੰਦਰ ਸਿੰਘ ਭੋਗਪੁਰ, ਰਾਜਿੰਦਰ ਸਿੰਘ ਸ਼ਾਹਕੋਟ, ਸੰਦੀਪ ਰਾਜੋਵਾਲ, ਨਰੇਸ਼ ਕੁਮਾਰ, ਸੰਪੂਰਨ ਸਿੰਘ, ਹਰਮਨਜੋਤ ਸਿੰਘ ਆਹਲੂਵਾਲੀਆ, ਮੁਲਖ ਰਾਜ, ਮੰਗਤ ਰਾਮ ਸਮਰਾ, ਜਗੀਰ ਸਿੰਘ ਸਹੋਤਾ, ਗੋਬਿੰਦ,ਪਰਦੀਪ ਚੰਦ,ਰਤਨ ਸਿੰਘ,ਕੁਲਦੀਪ ਸਿੰਘ ਕੌੜਾ ਆਦਿ ਆਗੂ ਸ਼ਾਮਲ ਹੋਏ।

## ਡਾ.ਅਸ਼ੋਕ ਮਿੱਤਲ ਨੇ ਪ੍ਰਧਾਨ ਮੰਤਰੀ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ



**ਜਲੰਧਰ ( ਸ਼ੈਲੀ ਐਲਬਰਟ)** ਰਾਜ ਸਭਾ ਮੈਂਬਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਨਵੀਂ ਸੰਸਦ ਭਵਨ ਵਿਖੇ ਸੰਸਦ ਦੇ ਉਦਘਾਟਨੀ ਸੈਸ਼ਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਸ਼ੁਭ ਮੌਕੇ ਨੂੰ ਮਨਾਉਣ ਲਈ ਉੱਘੇ ਸੰਸਦ ਮੈਂਬਰ ਇਕੱਠੇ ਹੋਏ ਸਨ। ਪ੍ਰਧਾਨ ਮੰਤਰੀ ਆਪਣਾ 73ਵਾਂ ਜਨਮਦਿਨ ਮਨਾ ਰਹੇ ਹਨ, ਜਿਸ ਲਈ ਵਿਸ਼ਵਵਿਆਪੀ ਨੇਤਾਵਾਂ ਅਤੇ ਬਾਲੀਵੁੱਡ ਦੀ ਮਸ਼ਹੂਰ ਹਸਤੀਆਂ ਸਮੇਤ ਦੁਨੀਆ ਭਰ ਦੀਆਂ ਪ੍ਰਮੁੱਖ ਹਸਤੀਆਂ ਵੱਲੋਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਹਨ। ਕੁਝ ਦਿਨ ਪਹਿਲਾਂ, ਇਸੇ ਮਹੀਨੇ, ਨਰੇਂਦਰ ਮੋਦੀ ਨੇ ਡਾ. ਅਸ਼ੋਕ ਕੁਮਾਰ ਮਿੱਤਲ ਨੂੰ ਜਨਮ ਦਿਨ ਦੀਆਂ ਸ਼ੁਭਿਕਾਮਨਾਵਾਂ ਦਿੱਤੀਆਂ ਸਨ। 15 ਲਾਈਨਾਂ ਦੇ ਇੱਕ ਨਿੱਜੀ ਪੱਤਰ ਵਿੱਚ, ਪ੍ਰਧਾਨ ਮੰਤਰੀ ਨੇ ਭਾਰਤ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ ਤੱਕ ਲਿਜਾਣ ਵਿੱਚ ਡਾ. ਮਿੱਤਲ ਦੇ ਨਿਰੰਤਰ ਯੋਗਦਾਨ ਦੀ ਆਸ ਪ੍ਰਗਟਾਈ। ਪ੍ਰਧਾਨ ਮੰਤਰੀ ਮੋਦੀ ਨੇ ਡਾ. ਮਿੱਤਲ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਸਨ।

## ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਬਾਲੀ ਦੀ ਕੀਤੀ ਹਮਾਇਤ



**ਨੂਰਮਹਿਲ** -ਭਾਰਤੀ ਕਿਸਾਨ ਯੂਨੀਅਨ ਪੰਜਾਬ ਪ੍ਰਮਾਣ ਸਿੰਘ ਸੰਧੂ ਦੇ ਜਥੇ ਵਿੱਚੋਂ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ, ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ, ਲਖਵੀਰ ਸਿੰਘ ਮੁੱਖ ਸਲਾਹਕਾਰ, ਤੇਜਿੰਦਰਪਾਲ ਸਿੰਘ ਮੀਡੀਆ ਸਲਾਹਕਾਰ,ਸਰਵਣ ਸਿੰਘ ਜੱਜ, ਮੁੱਖ ਬੁਲਾਰਾ, ਇਕਬਾਲ ਸਿੰਘ ਲੋਹਗੜ੍ਹ, ਪੂਰਨ ਸਿੰਘ ਬੁਰਜ ਹਸਨ, ਮੱਖਣ ਸਿੰਘ, ਹਰਜਿੰਦਰ ਸਿੰਘ, ਸੁੱਚਾ ਸਿੰਘ ਆਦਿ ਨੇ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅੱਧੀ ਅਧੂਰੀ ਇਮਾਰਤ ਨੂੰ ਪੂਰੀ ਇਮਾਰਤ ਬਣਾਉਣ ਦੇ ਸਬੰਧ ਵਿੱਚ ਲਗਾਏ ਧਰਨੇ ਦੀ ਹਮਾਇਤ ਕਰਦਿਆਂ ਕਿਹਾ ਕਿ ਸਰਕਾਰ ਦੀ ਕਹਿਣੀ ਤੇ ਕਰਨੀ 'ਚ ਬਹੁਤ ਫਰਕ ਹੈ। ਸਰਕਾਰ ਤਾਂ ਇਹ ਕਹਿ ਰਹੀ ਹੈ ਕਿ ਸਿਹਤ ਤੇ ਸਿੱਖਿਆ ਪਹਿਲ ਦੇ ਆਧਾਰ 'ਤੇ ਹੈ ਪਰ ਇੱਥੇ ਹਾਲਤ ਤੁਸੀਂ ਦੇਖ ਹੀ ਰਹੇ ਹੋ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਸਕੂਲ ਦੀ ਇਮਾਰਤ ਨੂੰ ਪੂਰਾ ਕੀਤਾ ਜਾਵੇ।

## ਜੰਡਿਆਲੀ ਕੋ-ਆਪਰੇਟਿਵ ਸਹਿਕਾਰੀ ਸਭਾ ਦੇ ਨੰਬਰਦਾਰ ਬਲਜਿੰਦਰ ਸਿੰਘ ਖੋਥੜਾਂ ਪ੍ਰਧਾਨ ਨਿਯੁਕਤ



**ਮੇਹਲੀ (ਗੁਰਨਾਮ)** ਦੀ ਜੰਡਿਆਲੀ ਕੋ-ਆਪਰੇਟਿਵ ਮਲਟੀਪਰਪਜ਼ ਸੁਸਾਇਟੀ ਲਿਮਟਿਡ ਜੰਡਿਆਲੀ ਦੇ ਨਵੇਂ ਪ੍ਰਧਾਨ ਅਤੇ ਮੈਂਬਰਾਂ ਦੀ ਚੋਣ ਸਮੂਹ ਮੈਂਬਰਾਂ ਦੀ ਸਰਬ-ਸਹਿਮਤੀ ਨਾਲ ਕੀਤੀ ਗਈ। ਜਿਸ ਵਿੱਚ ਲਗਾਤਾਰ ਦੂਸਰੀ ਵਾਰ ਨੰਬਰਦਾਰ ਬਲਜਿੰਦਰ ਸਿੰਘ ਖੋਥੜਾਂ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਸਭਾ ਦੀ ਕਾਰਵਾਈ ਸਭਾ ਦੇ ਸਕੱਤਰ ਰੁਪਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਸ਼ੁਰੂ ਹੋਈ, ਜਿਸ ਵਿੱਚ ਸਭਾ ਦੇ ਪ੍ਰਧਾਨ ਬਲਜਿੰਦਰ ਸਿੰਘ ਨੰਬਰਦਾਰ ਖੋਥੜਾਂ, ਉਪ ਪ੍ਰਧਾਨ ਬਲਜਿੰਦਰ ਸਿੰਘ ਨੰਬਰਦਾਰ ਜੰਡਿਆਲੀ, ਮੈਂਬਰਾਂ ਵਿੱਚ ਜਸਪਾਲ ਸਿੰਘ, ਜੁਗਿੰਦਰ ਸਿੰਘ, ਕਸ਼ਮੀਰ ਚੰਦ, ਮਨਜੀਤ ਸਿੰਘ, ਜੋਤੀ ਕੁਮਾਰ, ਟਾਰਜਨ ਸਿੰਘ ਬਿਨਿੰਗ, ਹਰਭਜਨ ਸਿੰਘ, ਬਲਜੀਤ ਕੌਰ, ਰਾਜਵੀਰ ਕੌਰ ਨੂੰ ਚੁਣਿਆ ਗਿਆ। ਨਵ-ਨਿਯੁਕਤ ਪ੍ਰਧਾਨ ਬਲਜਿੰਦਰ ਸਿੰਘ ਨੇ ਜਿੱਥੇ ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਉੱਥੇ ਉਨ੍ਹਾਂ ਕਿਹਾ ਕਿ ਮੈਂ ਸਭਾ ਦੀ ਹੋਰ ਤਰੱਕੀ ਲਈ ਹਮੇਸ਼ਾ ਯਤਨਸ਼ੀਲ ਰਹਾਂਗਾ, ਜੋ ਸਭਾ ਦੇ ਕਾਰਜ ਅਧੂਰੇ ਹਨ ਉਹ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਪੂਰੇ ਕੀਤੇ ਜਾਣਗੇ। ਉਪਰੰਤ ਜੰਡਿਆਲੀ ਅਤੇ ਖੋਥੜਾਂ ਦੇ ਨਗਰ ਨਿਵਾਸੀਆਂ ਵਲੋਂ ਨਵ-ਨਿਯੁਕਤ ਕਮੇਟੀ ਮੈਂਬਰਾਂ ਦੇ ਗਲੇ ਵਿੱਚ ਹਾਰ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਅਮਰੀਕ ਸਿੰਘ ਔਜਲਾ, ਅਮਨਦੀਪ ਸਿੰਘ ਅਮਨਾ, ਸ਼ਮਿੰਦਰ ਸਿੰਘ, ਸਰਪੰਚ ਹਰਪਾਲ ਸਿੰਘ ਜੰਡਿਆਲੀ, ਹਰਬੰਸ ਲਾਲ, ਬਲਬੀਰ ਸਿੰਘ ਨੰਬਰਦਾਰ, ਅਵਤਾਰ ਸਿੰਘ ਬੋਇਲ, ਮੇਵਾ ਸਿੰਘ ਪੰਚ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਤ ਨਗਰ ਕੀਰਤਨ ਰਵਾਨਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 536ਵੇਂ ਵਿਆਹ ਪੁਰਬ ਦੇ ਸਬੰਧ ਵਿਚ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਜਰਨੈਲ ਸਿੰਘ ਬੁੱਲ੍ਹੇ ਦੀ ਪ੍ਰਧਾਨਗੀ ਹੇਠ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸੁਲਤਾਨਪੁਰ ਲੋਧੀ ਤੋਂ ਚਲਕੇ ਬਟਾਲਾ ਦੇ ਗੁਰਦੁਆਰਾ ਸਤਿਕਰਤਾਰੀਆ ਸਾਹਿਬ ਵਿਖੇ ਸੰਪੂਰਨ ਹੋਵੇਗਾ। ਨਗਰ ਕੀਰਤਨ ਦੀ ਅਰੰਭਤਾ ਮੌਕੇ ਸਵੇਰੇ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੰਦਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸੁਲਤਾਨਪੁਰ ਲੋਧੀ ਤੋਂ ਆਰੰਭ ਹੋ ਕੇ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਨਗਰ ਕੀਰਤਨ ਤਲਵੰਡੀ ਚੌਧਰੀਆਂ, ਮੁੰਡੀ ਮੋੜ, ਫੱਤੂਢੀਂਗਾ, ਉਚਾ, ਸੈਫਲਾਬਾਦ, ਘਣੀਕੇ, ਖੇੜਾ ਬੇਟ, ਸੁਰਖਪੁਰ, ਸੰਗੋਜਲਾ, ਜਾਤੀਕੇ, ਭੰਡਾਲ ਬੇਟ, ਧਾਲੀਵਾਲ ਬੇਟ, ਅੱਡਾ ਮੀਆਂ ਬਾਕਰਪੁਰ (ਢਿਲਵਾਂ), ਬਿਆਸ, ਬਾਬਾ ਸਾਹਿਬਕਾ, ਬਿਆਸ, ਬਟਾਲਾ ਸ਼ਹਿਰ, ਲੱਕੜ ਮੰਡੀ, ਹੰਸਾਲੀਪੁਲ, ਬਾਬਾ ਬਕਾਲਾ ਸਤਿਕਰਤਾਰੀਆ ਸਾਹਿਬ ਪਹੁੰਚਣਗੇ ਅਤੇ ਉੱਥੇ ਸੰਪੂਰਨਤਾ ਹੋਵੇਗੀ। ਨਗਰ ਕੀਰਤਨ ਵਿੱਚ ਵੱਖ-ਵੱਖ ਕੀਰਤਨੀ ਜਥਿਆਂ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਬੱਸਾਂ, ਕਾਰਾਂ, ਟਰੈਕਟਰ ਟਰਾਲੀਆਂ ਅਤੇ ਮੋਟਰ ਸਾਈਕਲਾਂ ਵਿੱਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਵਿੱਚ ਸੰਤ ਹਰਖੋਵਾਲ ਵਾਲੇ, ਸੰਤ ਸੀਚੇਵਾਲ ਅਤੇ ਵੱਖ ਵੱਖ ਰਾਜਨੀਤਕ ਧਾਰਮਿਕ ਸ਼ਖਸੀਅਤਾਂ ਹਾਜਰ ਸਨ।

## ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੀ ਮੀਟਿੰਗ 'ਚ ਅਹਿਮ ਵਿਚਾਰਾਂ



**ਹੁਸ਼ਿਆਰਪੁਰ (ਓ ਪੀ ਰਾਣਾ )**-ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਅਗਵਾਈ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ,ਜਿਸ ਵਿਚ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ, ਸ੍ਰੀ ਗੁਰੂ ਰਵਿਦਾਸ ਸਦਨ ਨਜਦੀਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ, ਨਿਰਮਲਾ ਛਾਉਣੀ ਬੇਗਮਪੁਰਾ ਆਸ਼ਰਮ ਹਰਿਦੁਆਰ ਦੇ ਚੱਲ ਰਹੇ ਕਾਰਜਾਂ ਦੀ ਸਮੀਖਿਆ ਕੀਤੀ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਨੇ ਦੱਸਿਆ ਕਿ ਸੁਸਾਇਟੀ ਵਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਵਿਚ ਬੱਚਿਆਂ ਦੀ ਸਹੂਲਤ ਲਈ ਹੋਰ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਸ੍ਰੀ ਖੁਰਾਲਗੜ ਸਾਹਿਬ ਵਿਖੇ ਲਗਾਏ ਮੈਡੀਕਲ ਅਤੇ ਦੇਸੀ ਦਵਾਈਆਂ ਦੇ ਕੈਂਪ ਦਾ ਸੈਂਕੜੇ ਸੰਗਤਾਂ ਨੇ ਲਾਭ ਪ੍ਰਾਪਤ ਕੀਤਾ ਹੈ। ਇਲਾਕੇ ਦੀਆਂ ਸੰਗਤਾਂ ਦੀ ਭਾਰੀ ਮੰਗ ਨੂੰ ਦੇਖਦਿਆਂ ਉਥੇ ਇਕ ਮਿੰਨੀ ਹੈਲਥ ਸੈਂਟਰ ਅਤੇ ਪ੍ਰਾਇਮਰੀ ਸਕੂਲ ਖੋਹਲਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨਾਂ ਕਿਹਾ ਕਿ ਜੇਕਰ ਸਰਕਾਰ ਇਜਾਦਤ ਦੇਵੇ ਤਾਂ ਸਾਧੂ ਸੰਪਰਦਾਇ ਸੁਸਾਇਟੀ ਜਲਦ ਹੀ ਚੂਹੜਵਾਲੀ ਸਕੂਲ ਵਰਗਾ ਪ੍ਰੋਜੈਕਟ ਸਮਾਜ ਨੂੰ ਦੇਣ ਲਈ ਤਿਆਰ ਹੈ। ਉਨਾਂ ਦੱਸਿਆ ਕਿ ਹਰਿਦੁਆਰ ਵਿਖੇ ਸੰਗਤਾਂ ਵਾਸਤੇ ਹੋਰ ਲੋੜੀਂਦੀਆਂ ਸੁੱਖ ਸਹੂਲਤਾਂ ਪੂਰੀਆਂ ਕਰਨ ਦੇ ਯਤਨ ਤੇਜ ਕੀਤੇ ਗਏ ਹਨ । ਉਨ੍ਹਾਂ ਨੇ ਸੁਸਾਇਟੀ ਦੇ ਮੈਂਬਰਾਂ ਨੂੰ ਏਕਤਾ, ਇਤਫਾਕ ਨਾਲ ਮਿਲ ਕੇ ਕਾਰਜ ਕਰਨ ਅਤੇ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਕੰਮ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਸੰਤ ਸਰਵਣ ਦਾਸ ਬੋਹਣ ਨੇ ਕਿਹਾ ਗਰੀਬ ਸਮਾਜ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਬਣਾਉਣਾ ਹੀ ਸੁਸਾਇਟੀ ਦਾ ਮੁੱਖ ਮਨੋਰਥ ਹੈ। ਇਸ ਮੌਕੇ ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ, ਸੰਤ ਬਲਵੰਤ ਦਾਸ ਡੀਗਰੀਆਂ ਮੀਤ ਪ੍ਰਧਾਨ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਸਹਾਇਕ ਕੈਸ਼ੀਅਰ,ਸੰਤ ਧਰਮਪਾਲ ਸ਼ੇਰਗੜ ਸਟੇਜ ਸਕੱਤਰ,ਸੰਤ ਰਮੇਸ਼ ਦਾਸ ਸ਼ੇਰਪੁਰ ਢਕੋਂ, ਸੰਤ ਸੰਤੋਖ ਦਾਸ ਭਾਰਟਾ ਗਨੇਸ਼ਪੁਰ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਸੰਤ ਬੀਬੀ ਕਮਲੇਸ਼ ਕੌਰ, ਸੰਤ ਨਰੇਸ਼ ਦਾਸ ਪਿਆਲਾਂ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਸਤਵਿੰਦਰ ਕੁਮਾਰ ਸ਼ੇਰਗੜ੍ਹ, ਸੰਤ ਪ੍ਰੇਮ ਦਾਸ ਭਗਾਣਾ, ਸ਼ਿਵ ਨਰਾਇਣ ਮਰਨਾਈਆਂ ਵੀ ਹਾਜਰ ਸਨ।

## ਟਰੈਕਟਰ-ਟ੍ਰਾਲੀ ਹੇਠਾਂ ਆਉਣ 'ਤੇ ਨੌਜਵਾਨ ਦੀ ਮੌਤ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਪਿੰਡ ਮੁੰਨੇ ਲਾਗੇ ਇਕ ਟ੍ਰੈਕਟਰ ਤੋਂ ਡਿੱਗੇ 15 ਸਾਲਾ ਨੌਜਵਾਨ ਦੀ ਉਸੀ ਟ੍ਰੈਕਟਰ ਅਤੇ ਟ੍ਰਾਲੀ ਦੇ ਟਾਇਰਾਂ ਹੇਠ ਕੁਚਲੇ ਜਾਣ 'ਤੇ ਮੌਤ ਹੋ ਗਈ। ਹਾਦਸੇ ਮੌਕੇ ਮ੍ਰਿਤਕ ਨੌਜਵਾਨ ਦਾ ਪਿਤਾ ਵੀ ਟ੍ਰੈਕਟਰ-ਟ੍ਰਾਲੀ 'ਤੇ ਸਵਾਰ ਸੀ ਜੋ ਰਿਸ਼ਤੇਦਾਰਾਂ ਨੂੰ ਪਸ਼ੂਆਂ ਲਈ ਚਾਰਾ ਅਤੇ ਤੂੜੀ ਦੇਣ ਜਾ ਰਹੇ ਸਨ। ਪਿੰਡ ਆਜਮਪੁਰ ਨਾਲ ਸਬੰਧਿਤ ਨੌਜਵਾਨ ਭੂਰੀਵਾਲੇ ਸਕੂਲ ਟਿੱਬਾ ਨੰਗਲ ਦਾ 10ਵੀਂ ਦਾ ਵਿਦਿਆਰਥੀ ਸੀ। ਏ.ਐੱਸ.ਆਈ. ਦਲਜੀਤ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ 9 ਕੁ ਵਜੇ ਪਿੰਡ ਆਜਮਪੁਰ ਦਾ ਕੁਲਵਿੰਦਰ ਸਿੰਘ ਉਰਫ ਬਿੱਲੂ ਆਪਣੇ ਟ੍ਰੈਕਟਰ-ਟ੍ਰਾਲੀ ਰਾਹੀਂ ਪਿੰਡ ਬੈਂਸ ਵਿਖੇ ਰਿਸ਼ਤੇਦਾਰਾਂ ਨੂੰ ਚਾਰਾ ਅਤੇ ਤੂੜੀ ਦੇਣ ਲਈ ਜਾ ਰਿਹਾ ਸੀ। ਇਸ ਦੌਰਾਨ ਉਸਦਾ ਲੜਕਾ ਨਵਪ੍ਰੀਤ ਸਿੰਘ ਵੀ ਉਸ ਨਾਲ ਟ੍ਰੈਕਟਰ 'ਤੇ ਸਵਾਰ ਸੀ। ਜਦਕਿ ਕਿਰਾਏ 'ਤੇ ਰੱਖਿਆ ਚਾਲਕ ਟ੍ਰੈਕਟਰ ਨੂੰ ਚਲਾ ਰਿਹਾ ਸੀ। ਭਾਵੇਂ ਚਾਲਕ ਨੂੰ ਉਨ੍ਹਾਂ ਨੇ ਰਫਤਾਰ ਘੱਟ ਕਰਨ ਲਈ ਆਖਿਆ ਮਗਰ ਬਾਅਦ 'ਚ ਉਸ ਵਲੋਂ ਲਾਪਰਵਾਹੀ ਨਾਲ ਕੱਟ ਮਾਰਨ 'ਤੇ ਟ੍ਰੈਕਟਰ 'ਤੇ ਸਵਾਰ ਉਸਦਾ ਲੜਕਾ ਨਵਪ੍ਰੀਤ ਸਿੰਘ ਅਚਾਨਕ ਟ੍ਰੈਕਟਰ ਤੋਂ ਹੇਠਾਂ ਡਿੱਗ ਗਿਆ। ਇਸ ਦੌਰਾਨ ਉਸਦੇ ਲੜਕੇ ਦੇ ਸਰੀਰ ਤੋਂ ਟ੍ਰੈਕਟਰ ਦਾ ਵੱਡਾ ਟਾਇਰ ਅਤੇ ਫਿਰ ਟ੍ਰਾਲੀ ਦਾ ਟਾਇਰ ਲੰਘ ਜਾਣ ਕਾਰਨ ਉਹ ਗੰਭੀਰ ਰੂਪ 'ਚ ਜਖਮੀਂ ਹੋ ਗਿਆ। ਮਗਰ ਹਸਪਤਾਲ ਲੈ ਕੇ ਜਾਂਦੇ ਸਮੇਂ ਉਸਨੇ ਰਸਤੇ 'ਚ ਹੀ ਦਮ ਤੋੜ ਦਿੱਤਾ।

## ਸਚਿਨ ਬਾਹਰੀ ਦੀ ਯਾਦ 'ਚ ਤੀਸਰਾ ਖ਼ੂਨਦਾਨ ਕੈਂਪ




**ਆਦਮਪੁਰ (ਪਰਮਜੀਤ ਸਿੰਘ)**— ਭਗਵਾਨ ਵਾਲਮੀਕਿ ਧਰਮਸਾਲਾ, ਮੁਹੱਲਾ ਸੱਗਰਾਂ ਆਦਮਪੁਰ ਵਿਖੇ ਸਚਿਨ ਬਾਹਰੀ ਦੀ ਯਾਦ ਵਿੱਚ ਤੀਸਰਾ ਖ਼ੂਨਦਾਨ ਕੈਂਪ ਦੋਆਬਾ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਲੱਖਣ ਬਾਹਰੀ ਸੀਨੀਅਰ ਮੀਤ ਪ੍ਰਧਾਨ ਯੂਥ ਕਾਂਗਰਸ ਹਲਕਾ ਆਦਮਪੁਰ ਵਲੋਂ ਲਗਾਇਆ ਗਿਆ। ਜਿਸ ਵਿੱਚ ਲਖਵੀਰ ਸਿੰਘ ਕੋਟਲੀ,ਅਸ਼ਵਨ ਭੱਲਾ ਸੀਨੀਅਰ ਵਾਈਸ ਪ੍ਰਧਾਨ ਦਿਹਾਤੀ ਜਲੰਧਰ ਕਾਂਗਰਸ, ਹਨੀ ਜੋਸ਼ੀ ਸਕਤੱਰ ਪੰਜਾਬ ਯੂਥ ਕਾਂਗਰਸ, ਰਮੇਸ਼ ਚੋਹਕਾ ਸਾਬਕਾ ਸਰਪੰਚ ਤੇ ਉੱਘੇ ਸਮਾਜ ਸੇਵਕ, ਅਰੁਣ ਸੰਦਲ ਪੰਜਾਬ ਪ੍ਰਧਾਨ ਸਤਿਗੁਰੂ ਕਬੀਰ ਟਾਇਗਰ ਫੋਰਸ, ਲ ਿ ਲ ਤ ਅੰ ਬੇ ਡ ਕ ਰੀ , ਐਡਵੋਕੇਟ ਮਧੂ ਰਚਨਾ ਬੋਪਾਰਾਏ ਤੇ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ। ਖ਼ੂਨਦਾਨ ਕੈਂਪ ਦਾ ਆਰੰਭ ਲੱਖਣ ਬਾਹਰੀ ਨੇ ਖ਼ੂਨਦਾਨ ਕਰ ਕੇ ਕੀਤਾ। ਕੈਂਪ ਦੌਰਾਨ 33 ਯੂਨਿਟ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਇਕਬਾਲ ਸਿੰਘ,ਦੀਪੂ ਹੰਸ,ਮੋਨੂ ਚਾਹਲ,ਰਮਨ ਬੈਂਸ,ਅਸ਼ਵਨੀ ਸਹੋਤਾ,ਹਨੀ, ਵਿਜੇ ਨੰਗਲ,ਗੁਰਪ੍ਰੀਤ ਸਿੰਘ, ਵਿਜੇ ਨੰਗਲ, ਮੋਹਿਤ ਸਹੋਤਾ, ਮਨੀਸ਼ ਸਹੋਤਾ,ਦਮਨ ਸਿੰਘ,ਕਰਨ,ਬਿੰਦਰ ਮੌਜੂਦ ਸਨ।

## ਤਰਕਸ਼ੀਲ ਸੁਸਾਇਟੀ ਵੱਲੋਂ ਸਕੂਲੀ ਸਿੱਖਿਆ 'ਚ ਅੰਧਵਿਸ਼ਵਾਸੀ ਤੇ ਰੂੜ੍ਹੀਵਾਦੀ ਪਾਠਕ੍ਰਮਾਂ ਦਾ ਵਿਰੋਧ

**ਜਲੰਧਰ**-ਬੀਤੇ ਦਿਨੀਂ ਤਰਕਸ਼ੀਲ ਸੁਸਾਇਟੀ ( ਪੰਜਾਬ ) ਜੋਨ ਜਲੰਧਰ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਸੁਰਜੀਤ ਟਿੱਬਾ ਪ੍ਰਧਾਨ ਨੋਰਥ ਜੋਨ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿਚ ਸਟੇਟ ਮੀਡੀਆ ਆਗੂ ਸੁਮੀਤ ਸਿੰਘ ਅਤੇ ਸਟੇਟ ਕਾਨੂੰਨ ਮੁਖੀ ਜਸਵਿੰਦਰ ਫਗਵਾੜਾ ਸ਼ਾਮਿਲ ਹੋਏ। ਵਿਜੈ ਰਾਹੀਂ ਮੀਡੀਆ ਮੁਖੀ ਜੋਨ ਜਲੰਧਰ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਅੱਜਕੱਲ੍ਹ ਸਰਕਾਰਾਂ ਸੋਚੀ ਸਮਝੀ ਸਾਜਿਸ਼ ਤਹਿਤ ਅੰਧਵਿਸ਼ਵਾਸ ਨੂੰ ਪ੍ਰਚਾਰਨ ਲਈ ਅਤੇ ਪਿਛਾਂਹ ਖਿੱਚੂ ਗੈਰ-ਵਿਗਿਆਨਿਕ ਦ੍ਰਿਸ਼ਟੀਕੋਣ ਅਪਣਾ ਰਹੀਆਂ ਹਨ।

ਕੌਮੀ ਪੱਧਰ ਉੱਤੇ ਪਾਠਕ੍ਰਮ ਨਿਰਧਾਰਿਤ ਕਰਨ ਲਈ ਐਸ ਈ ਆਰ ਟੀ ਵੱਲੋਂ ਵਿਦਿਆਰਥੀਆਂ ਉੱਤੇ ਬੋਝ ਘਟਾਉਣ ਦੇ ਨਾਂਅ 'ਤੇ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿੱਚੋਂ ਜੀਵ ਵਿਕਾਸ, ਤੱਤਾਂ ਦੀ ਆਵਰਤੀ ਸਾਰਣੀ, ਊਰਜਾ ਦੇ ਸੋਮੇ, ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਅਤੇ ਹੋਰ ਕਈ ਮਹੱਤਵਪੂਰਨ ਪਾਠਕ੍ਰਮ ਬਦਲ ਕੇ ਵਿਦਿਆਰਥੀਆਂ ਨੂੰ ਵਿਗਿਆਨਿਕ ਜਾਣਕਾਰੀ ਤੋਂ ਵਾਂਝਿਆਂ ਕਰ ਰਹੀਆਂ ਹਨ । ਵਿਗਿਆਨਿਕ ਚੇਤਨਾ ਪੈਦਾ ਕਰਨਾ ਸੰਵਿਧਾਨ ਦੀ ਧਾਰਾ 51 ਤਹਿਤ ਹਕੂਮਤਾਂ ਦਾ ਫਰਜ ਹੈ। ਤਰਕਸ਼ੀਲ ਆਗੂਆਂ ਨੇ ਦਸਿਆ ਕਿ ਸਾਡੇ ਇੱਕ ਵਫਦ ਵੱਲੋਂ ਦੇ ਡਾਇਰੈਕਟਰ ਨੂੰ ਇਸ ਸਬੰਧੀ ਮੰਗ ਪੱਤਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਬੁਲਾਰਿਆਂ ਨੇ ਦੱਸਿਆ ਕਿ ਸਰਕਾਰਾਂ ਹਰ ਖੇਤਰ ਵਿਚ ਗੈਰ ਵਿਗਿਆਨਿਕ ਸੋਚ ਅਪਣਾ ਰਹੀਆਂ ਹਨ। ਪਿਛਲੇ ਦਿਨਾਂ ਵਿਚ ਏਸ਼ੀਆ ਫੁੱਟਬਾਲ ਕੱਪ ਲਈ ਪ੍ਰੀਕਵਾਲੀਫਾਈ ਮੈਚਾਂ ਲਈ ਟੀਮ ਦੀ ਸਿਲੈਕਸ਼ਨ ਲਈ ਜੋਤਸ਼ੀਆਂ ਦੀਆਂ ਸੇਵਾਵਾਂ ਲਈਆਂ ਗਈਆਂ ਅਤੇ ਇਸ: ਬਦਲੇ ਪੰਦਰਾਂ ਲੱਖ ਰੁਪਏ ਦਾ ਭੁਗਤਾਨ ਕਰਨਾ ਵੀ ਇੱਕ ਗਲਤ ਗਤੀਵਿਧੀ ਹੈ ਅਤੇ ਮੈਰਿਟ ਵਿਚ ਆਉਣ ਵਾਲੇ ਖਿਲਾੜੀਆਂ ਨਾਲ ਧੱਕਾ ਹੈ। ਹਿਮਾਚਲ ਪ੍ਰਦੇਸ਼ ( ਮੰਡੀ ) ਆਈ ਆਈ ਟੀ ਦੇ ਡਾਇਰੈਕਟਰ ਵੱਲੋਂ ਇੱਕ ਗੈਰ-ਵਿਗਿਆਨਕ ਬਿਆਨ ਜਾਰੀ ਕੀਤਾ ਗਿਆ ਕਿ ਹਿਮਾਚਲ ਵਿੱਚ ਬੱਦਲਾਂ ਦੇ ਫੱਟਣ ਅਤੇ ਪਹਾੜਾਂ ਦੀਆਂ ਢਿੱਗਾਂ ਦੇ ਡਿਗਣ ਦਾ ਕਾਰਨ ਹਿਮਾਚਲ ਪ੍ਰਦੇਸ਼ ਵਾਸੀਆਂ ਵੱਲੋਂ ਪਸ਼ੂਆਂ ਦਾ ਮਾਸ ਖਾਣਾ ਹੈ। ਤਰਕਸ਼ੀਲ ਸੁਸਾਇਟੀ ਇਸ ਨੂੰ ਅੰਧਵਿਸ਼ਵਾਸ ਮੰਨਦੀ ਹੈ ਅਤੇ ਇਹ ਬਿਆਨ ਦੇਣ ਵਾਲੇ ਆਈ ਆਈ ਟੀ ਨਿਰਦੇਸ਼ਕ ਵਿਰੁੱਧ ਕਾਰਵਾਈ ਦੀ ਮੰਗ ਕਰਦੀ ਹੈ।

## 'ਪੰਜਾਬ ਦੇ ਟਰਾਂਸਪੋਰਟ ਕਾਰੋਬਾਰ ਨੂੰ ਤਬਾਹ ਕਰਨ 'ਤੇ ਤੁਲੀਆਂ ਸਰਕਾਰਾਂ'

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਪੰਜਾਬ ਦੇ ਕਈ ਟੈਕਸੀ ਚਾਲਕਾਂ ਦੀਆਂ ਘਰੇ ਖੜੀਆਂ ਗੱਡੀਆਂ ਦੇ ਦਿੱਲੀ ਦੀ ਐਮ ਸੀ ਡੀ ਵੱਲੋਂ ਟੋਲ ਟੈਕਸ ਕੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਕਾਰਨ ਰੋਸ ਵਜੋਂ ਆਏ ਟੈਕਸੀ ਚਾਲਕਾਂ ਵੱਲੋਂ ਨੂਰਪੁਰ ਬੇਦੀ ਵਿਖੇ ਦਿੱਲੀ ਦੀ ਐਮ ਸੀ ਡੀ ਤੇ ਦਿੱਲੀ ਦੀ ਆਪ ਸਰਕਾਰ ਦੇ ਵਿਰੁੱਧ ਰੋਸ ਮੁਜਾਹਰਾ ਕੀਤਾ। ਅਜਾਦ ਟੈਕਸੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਸਿੰਘ ਸੇਖੁਪੁਰੀਆ ਤੇ ਗੁਰਮੀਤ ਸਿੰਘ ਖਜਾਨਚੀ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਸਮੇਤ ਕਈ ਰਾਜ ਦੇ ਟੈਕਸੀ ਚਾਲਕਾਂ ਨਾਲ ਬੀਤੇ ਕਈ ਦਿਨਾਂ ਤੋਂ ਇਹ ਸਮੱਸਿਆ ਪੇਸ਼ ਆ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਰਦੀਪ ਸਿੰਘ ਦੀ ਟੈਕਸੀ 012422 ਨੰਬਰ ਕਈ ਦਿਨਾਂ ਤੋਂ ਉਸਦੇ ਘਰ ਦੇ ਵਿੱਚ ਖੜੀ ਹੈ। ਪਰ ਉਸ ਦਾ ਦਿੱਲੀ ਐਮ ਸੀ ਡੀ ਨੇ ਘਰ ਬੈਠਿਆਂ ਹੀ ਐਂਟਰੀ ਟੈਕਸ ਕੱਟ ਦਿੱਤਾ। ਪਰਦੀਪ ਸਿੰਘ ਵੱਲੋਂ ਟੈਕਸ ਕੱਟੇ ਜਾਣ ਵੇਲੇ ਉਸ ਦੀ ਘਰ ਵਿਚ ਖੜੀ ਗੱਡੀ 'ਤੇ ਟਾਈਮ ਸਮੇਤ ਸਾਰੇ ਪ੍ਰੂਫ ਮੀਡਿਆ ਅੱਗੇ ਪੇਸ਼ ਕੀਤੇ। ਇਸੇ ਪ੍ਰਕਾਰ ਦੇ ਨਾਲ ਗੁਰਮੀਤ ਸਿੰਘ ਨੇ ਦੱਸਿਆ ਕਿ ਉਸ ਦੀ ਗੱਡੀ ਦਾ ਵੀ ਬੀਤੀ 19 ਸਤੰਬਰ ਨੂੰ 200 ਐਮ ਸੀ ਡੀ ਵਲੋਂ ਐਂਟਰੀ ਟੋਲ ਕੱਟਿਆ ਗਿਆ। ਜਿਸ ਵੱਲੋਂ ਵੀ ਉਸ ਵੇਲੇ ਦੇ ਗੱਡੀ ਆਪਣੇ ਘਰ ਲਾਗੇ ਹੋਣ ਦੇ ਪਰੂਫ ਪੇਸ਼ ਕੀਤੇ। ਉਹਨਾਂ ਨੇ ਖੁਲਾਸਾ ਕਰਦਿਆਂ ਕਿਹਾ ਕਿ ਇਸੇ ਪ੍ਰਕਾਰ ਦੇ ਨਜਾਇਜ ਟੈਕਸ ਵਸੂਲੀ ਦੇ ਸੈਂਕੜੇ ਮਾਮਲੇ ਯੂਨੀਅਨ ਅਤੇ ਵੱਖ-ਵੱਖ ਟੈਕਸੀ ਚਾਲਕਾਂ ਦੇ ਸਾਹਮਣੇ ਆਏ ਹਨ। ਉਨ੍ਹਾਂ ਨੇ ਦਿੱਲੀ ਦੀ ਐਮਸੀਡੀ ਤੇ ਕੇਜਰੀਵਾਲ ਸਰਕਾਰ ਤੇ ਵਰਦਿਆਂ ਕਿਹਾ ਕਿ ਸਾਨੂੰ ਚਾਰੇ ਪਾਸੇ ਤੋਂ ਲੁੱਟਿਆ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਪੰਜਾਬ ਦੇ ਪੈਸੇ ਦੇ ਨਾਲ ਦੇਸ਼ ਭਰ ਦੇ ਵਿੱਚ ਪੋਸਟਰਬਾਜੀ ਕਰਕੇ ਪੰਜਾਬ ਦਾ ਮਾਲੀ ਉਜਾੜਾ ਕੀਤਾ ਜਾ ਰਿਹਾ ਹੈ । ਉੱਥੇ ਹੀ ਘਰੇ ਬੈਠੇ ਗੱਡੀਆਂ ਦੇ ਟੈਕਸ ਕੱਟ ਕੇ ਸਾਡੇ ਨਾਲ ਠੱਗੀ ਮਾਰੀ ਜਾ ਰਹੀ ਹੈ। ਇੱਥੇ ਪੀੜਤ ਟੈਕਸੀ ਚਾਲਕਾਂ ਦੇ ਹੱਕ ਵਿਚ ਆਵਾਜ ਬੁਲੰਦ ਕਰਦਿਆਂ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਵੀਰ ਸਿੰਘ ਬੜਵਾ ਨੇ ਕਿਹਾ ਕਿ ਪੰਜਾਬ ਦੀ ਚੌਤਰਫਾ ਲੁੱਟ ਹੋ ਰਹੀ ਹੈ। ਉਹਨਾਂ ਨੇ ਕਿਹਾ ਇਹ ਇੱਕ ਡਿਜੀਟਲ ਘੁਟਾਲੇ ਤੋਂ ਘੱਟ ਨਹੀਂ ਹੈ। ਇਸ ਮਾਮਲੇ ਦੀ ਵੱਡੇ ਪੱਧਰ 'ਤੇ ਜਾਂਚ ਹੋਣੀ ਚਾਹੀਦੀ ਹੈ। ਕਿਉਂਕਿ ਜੇਕਰ ਅਜਿਹਾ ਕੰਮ ਸੈਂਕੜੇ ਜਾਂ ਹਜਾਰਾਂ ਟੈਕਸੀ ਚਾਲਕਾਂ ਵੱਲੋ ਸਾਹਮਣੇ ਲਿਆਂਦਾ ਜਾ ਰਿਹਾ ਹੈ ਤਾਂ ਇਹ ਪੀੜਤ ਟੈਕਸੀ ਚਾਲਕਾਂ ਨਾਲ ਲੱਖਾਂ ਕਰੋੜਾਂ ਦੀ ਠੱਗੀ ਸਾਹਮਣੇ ਆ ਸਕਦੀ ਹੈ। ਉਹਨਾਂ ਨੇ ਕਿਹਾ ਕਿ ਦਿੱਲੀ ਦੀ ਆਪ ਸਰਕਾਰ ਤੇ ਐਮਸੀਡੀ ਵਲੋਂ ਟੈਕਸੀ ਚਾਲਕਾਂ ਤੋਂ ਨਾਜਾਇਜ ਵਸੂਲੇ ਗਏ ਪੈਸੇ ਵਾਪਸ ਕੀਤੇ ਜਾਣ ਨਹੀਂ ਤਾਂ ਉਹਨਾਂ ਨੂੰ ਆਉਂਦੇ ਦਿਨਾਂ ਦੇ ਵਿੱਚ ਵੱਡੇ-ਪੱਧਰ 'ਤੇ ਰੋਸ ਪ੍ਰਦਰਸ਼ਨ ਦੇਖਣ ਨੂੰ ਮਿਲੇਗਾ। ਇਸ ਮੌਕੇ ਉੱਥੇ ਪ੍ਰਦੀਪ ਸਿੰਘ ਸੇਖੂਪੁਰ, ਪਰਮਜੀਤ ਸਿੰਘ ਮੋਠਾਪੁਰ, ਸੋਨੀ ਸੈਣੀ, ਜਸਵੀਰ ਸਿੰਘ ਨਲਹੋਟੀ, ਜਸਵੰਤ ਸਿੰਘ ਬਿੰਦਰ ਨੂਰਪੁਰ ਬੇਦੀ ,ਚਰਨ ਸਿੰਘ, ਬਲਜਿੰਦਰ ਸਿੰਘ ਢਾਹਾਂ, ਕਮਲਜੀਤ ਸਿੰਘ ਸੇਖਪੁਰ, ਸਮੇਤ ਕਈ ਚਾਲਕ ਮੌਜੂਦ ਸਨ।



## ਵਪਾਰੀ ਪੰਕਜ ਦੁੱਗਲ ਦੇ ਕਤਲ ਕਾਂਡ 'ਚ ਸ਼ਾਮਲ ਦੋ ਮੁਲਜ਼ਮ ਗ੍ਰਿਫਤਾਰ

**ਫਗਵਾੜਾ ( ਇੰਦਰਜੀਤ ਸਿੰਘ ਮਠਾੜੂ )** ਇਥੋਂ ਦੇ ਮੁਹੱਲਾ ਨਿਊ ਮਨਸਾ ਦੇਵੀ ਨਗਰ ਵਿਖੇ ਹੋਏ ਵਪਾਰੀ ਦੇ ਕਤਲ ਦੇ ਮਾਮਲੇ ਦੀ ਗੁਥਲੀ ਪੁਲਸ ਨੇ ਸੁਲਝਾਉਂਦਿਆਂ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ ਦੋ ਗੱਡੀਆਂ, ਰਿਵਾਲਵਰ, ਜਿੰਦਾ ਰੌਂਦ ਤੇ ਖੋਲ ਬ੍ਰਾਮਦ ਕੀਤੇ ਹਨ।

ਐਸ.ਐਸ.ਪੀ. ਰਾਜਪਾਲ ਸਿੰਘ ਨੇ ਦੱਸਿਆ ਕਿ 18 ਸਤੰਬਰ ਦੀ ਰਾਤ ਨੂੰ ਪੰਕਜ ਦੁੱਗਲ ਪੁੱਤਰ ਲੇਟ ਸੁਰਿੰਦਰ ਕੁਮਾਰ ਦੁੱਗਲ ਵਾਸੀ ਨਿਊ ਮਨਸਾ ਦੇਵੀ ਨਗਰ ਦੇ ਘਰ ਇੱਕ ਵਿਅਕਤੀ ਆਇਆ ਸੀ ਜਿਸ ਨੇ ਪੰਕਜ ਦੇ ਬਾਹਰ ਆਉਂਦਿਆ ਹੀ ਗੋਲੀਆਂ ਮਾਰ ਕੇ ਉਸਨੂੰ ਮਾਰ ਦਿੱਤਾ ਸੀ। ਜਿਸ ਸਬੰਧ 'ਚ ਪੁਲਸ ਵਲੋਂ ਧਾਰਾ 302 ਤੇ ਆਮਰਜ ਐਕਟ ਤਹਿਤ ਕੇਸ ਦਰਜ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਪੁਲਸ ਵਲੋਂ ਐਸ.ਐਚ.ਓ ਸਤਨਾਮਪੁਰਾ ਸੁਰਜੀਤ ਸਿੰਘ ਤੇ ਹੋਰ ਪੁਲਸ ਅਧਿਕਾਰੀਆਂ ਦੀ ਅਗਵਾਈ 'ਚ ਟੀਮ ਬਣਾਈ ਸੀ ਜਿਨ੍ਹਾਂ ਵਲੋਂ ਵੱਖ ਵੱਖ ਪਹਿਲੂਆਂ ਤੋਂ ਕੀਤੀ ਜਾਂਚ ਦੌਰਾਨ ਸੀ.ਸੀ.ਟੀ.ਵੀ ਕੈਮਰੇ 'ਚ ਇੱਕ ਵਿਅਕਤੀ ਜੋ ਬਲੈਨੋ ਗੱਡੀ 'ਚ ਇੱਕ ਸਾਥੀ ਸਮੇਤ ਜਾਂਦਾ ਹੋਇਆ ਦਿਖਾਈ ਦਿੱਤਾ ਜਿਸ ਤੋਂ ਬਾਅਦ ਪੁਲਸ ਨੇ ਹਰਮਨਪ੍ਰੀਤ ਸਿੰਘ ਨੂੰ ਕਾਰ ਸਮੇਤ ਕਾਬੂ ਕੀਤਾ ਤੇ ਉਸ ਪਾਸੋਂ ਪੁੱਛਗਿੱਛ ਕੀਤੀ। ਜਿਸ ਨੇ ਮੰਨਿਆ ਕਿ ਇਸ ਘਟਨਾ ਨੂੰ ਅੰਜਾਮ ਨਰੇਸ਼ ਹਾਂਡਾ ਪੁੱਤਰ ਵਿਨੋਦ ਹਾਂਡਾ ਵਾਸੀ ਸੂਰਾ ਇੰਨਕਲੇਵ ਨਾਲ ਮਿਲ ਕੇ ਕੀਤਾ ਹੈ। ਉਸਨੇ ਦੱਸਿਆ ਕਿ ਉਸਦੀ ਪੰਕਜ ਨਾਲ ਪੁਰਾਣੀ ਰੰਜਿਸ਼ ਹੋਣ ਕਰਕੇ ਉਨ੍ਹਾਂ ਸਲਾਹ ਕੀਤੀ ਤੇ ਇਸ ਨੂੰ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ। ਜਿਸ ਤੋਂ ਬਾਅਦ ਪੁਲਸ ਨੇ ਨਰੇਸ਼ ਹਾਂਡਾ ਨੂੰ ਵੀ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਪੁਲਸ ਨੇ ਇਨ੍ਹਾਂ ਪਾਸੋਂ ਇੱਕ ਗੱਡੀ ਬਲੈਨੋ ਪੀ.ਬੀ.32.ਏ.ਸੀ.9000, ਇੱਕ ਗੱਡੀ ਮਾਰੂਤੀ ਸਜ਼ੂਕੀ ਇੰਗਨਸ ਨੰਬਰ ਪੀ.ਬੀ.08.ਈ.ਵਾਈ.4828, ਰਿਲਾਵਰ 32 ਬੋਰ ਤੇ ਉਸ 'ਚੋਂ ਚੱਲੇ ਹੋਏ ਤਿੰਨ ਖਾਲੀ ਖੋਲ, ਤਿੰਨ ਜ਼ਿੰਦਾ ਰੌਂਦ ਬ੍ਰਾਮਦ ਹੋਏ, ਇਸਦੇ ਨਾਲ 14 ਰੌਂਦ ਜਿੰਦਾ ਤੇ 28 ਖੋਲ ਰਿਵਾਲਵਰ 32 ਬੋਰ, ਇੱਕ ਗੰਨ ਡਬਲ ਬੈਰਲ ਸਮੇਤ 9 ਖੋਲ ਤੇ 10 ਰੌਂਦ ਜ਼ਿੰਦਾ ਬ੍ਰਾਮਦ ਹੋਏ।

ਦੋਸ਼ੀਆਂ ਦੀ ਪਹਿਚਾਣ ਹਰਮਨਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਮਨਸਾ ਦੇਵੀ ਨਗਰ, ਨਰੇਸ਼ ਹਾਂਡਾ ਪੁੱਤਰ ਵਿਨੋਦ ਗਾਂਡਾ ਵਾਸੀ ਸੂਰੀਆ ਇੰਨਕਲੇਵ ਜ਼ਿਲ੍ਹਾ ਜਲੰਧਰ ਵਜੋਂ ਹੋਈ ਹੈ।

## ਰੋਟਰੀ ਕਲੱਬ ਵਲੋਂ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਦੀ ਵੰਡ




**ਆਦਮਪੁਰ, (ਪਰਮਜੀਤ ਸਿੰਘ)**- ਰੋਟਰੀ ਕਲੱਬ ਆਦਮਪੁਰ ਵਲੋਂ ਕਲੱਬ ਦੇ ਚੇਅਰਮੈਨ ਗਗਨ ਪਸਰੀਚਾ ਦੇ ਆਦੇਸ਼ਾਂ 'ਤੇ ਸ੍ਰੀ ਹਨੂੰਮਾਨ ਮੰਦਿਰ ਮੇਨ ਬਾਜ਼ਾਰ ਆਦਮਪੁਰ ਵਿਖੇ ਕਲੱਬ ਪ੍ਰਧਾਨ ਡਾ: ਸੁਮਿਤ ਵਰਮਾ ਦੀ ਦੇਖ-ਰੇਖ ਹੇਠ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਣ ਸੰਬੰਧੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਦਿ ਇੰਪੀਰੀਅਲ ਸਕੂਲ ਆਦਮਪੁਰ ਦੇ ਚੇਅਰਮੈਨ ਜਗਦੀਸ਼ ਪਸਰੀਚਾ ਅਤੇ ਡਾਇਰੈਕਟਰ ਜਗਮੋਹਨ ਅਰੋੜਾ ਨੇ ਸ਼ਿਰਕਤ ਕੀਤੀ। ਡਾ: ਵਰਮਾ ਨੇ ਦੱਸਿਆ ਕਿ ਸਵ. ਗੀਤਾ ਦੇਵੀ ਡੋਗਰਾ ਦੀ ਯਾਦ ਵਿੱਚ ਲੋੜਵੰਦ ਪਰਵਾਰਾਂ ਦੀ ਮਦਦ ਲਈ ਸ਼ੁਰੂ ਕੀਤੇ ਗਏ ਸਹਾਰਾ ਪ੍ਰੋਜੈਕਟ ਤਹਿਤ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ ਗਿਆ। ਪਸਰੀਚਾ ਤੇ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਅੱਜ ਉਨ੍ਹਾਂ ਨੂੰ ਇੱਕ ਅਜਿਹੇ ਕਲੱਬ ਦੇ ਸਮਾਗਮ ਵਿੱਚ ਆਉਣ ਅਤੇ ਇਸ ਦੇ ਮੈਂਬਰਾਂ ਨੂੰ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਕੇ ਪਿਛਲੇ ਕੁਝ ਸਾਲਾਂ ਵਿੱਚ ਸਮਾਜ ਸੇਵਾ ਦੇ ਕੰਮ ਕਰ ਆਦਮਪੁਰ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਈ ਹੈ ਅਤੇ ਉਹ ਇਨ੍ਹਾਂ ਦੇ ਹਰ ਸਮਾਜ ਭਲਾਈ ਦੇ ਪ੍ਰੋਜੈਕਟ ਵਿੱਚ ਸਾਥ ਦੇਣਗੇ। ਇਸ ਮੌਕੇ ਕੇ. ਸੀ. ਡੋਗਰਾ ਪ੍ਰੋਜੈਕਟ ਫਾਊਂਡਰ, ਮਨਮੋਹਨ ਸਿੰਘ ਬਾਬਾ, ਸੰਦੀਪ ਛਾਬੜਾ, ਮਨੋਜ ਡੋਗਰਾ, ਸਕੱਤਰ ਵਰੁਣ ਚੋਡਾ, ਖਜਾਨਚੀ ਹਰਦੀਪ ਧਾਮੀ, ਸੰਯੁਕਤ ਸਕੱਤਰ ਸੰਜੀਵ ਗਿਰੀ, ਅਸੀਸ ਗੁਪਤਾ, ਭੁਪਿੰਦਰ ਮਿਨਹਾਸ ਅਤੇ ਹੋਰ ਮੈਂਬਰ ਹਾਜਰ ਸਨ।

## ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਕਲਾਸ ਜੀ ਐੱਨ ਐੱਮ ਨਰਸਿੰਗ ਦਾ ਨਤੀਜਾ 100 ਫੀਸਦੀ



**ਬਹਿਰਾਮ (ਅਵਤਾਰ ਕਲੇਰ)** ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ. ਐਨ. ਐਮ. ਨਰਸਿੰਗ ਪਹਿਲੇ ਸਾਲ ਦਾ ਨਤੀਜਾ ਸ਼ਾਨਦਾਰ 100% ਆਇਆ ਹੈ। ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੇ ਦੱਸਿਆ ਕਿ ਜੀ.ਐਨ.ਐਮ. ਨਰਸਿੰਗ (ਪਹਿਲਾ ਸਾਲ) ਕਲਾਸ ਦੀ ਵਿਦਿਆਰਥਣ ਸਿਮਰਨਜੀਤ ਕੌਰ ਪੁੱਤਰੀ ਜਸਵਿੰਦਰ ਸਿੰਘ- ਬੀਬੀ ਹਰਜਿੰਦਰ ਕੌਰ ਪਿੰਡ ਜਾਫਰਪੁਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜਦ ਕਿ ਕੋਮਲ ਵਿਰਦੀ ਪੁੱਤਰੀ ਕੁਲਵੀਰ ਸਿੰਘ- ਬੀਬੀ ਲੱਛਮੀ ਪਿੰਡ ਤਲਵੰਡੀ ਫੱਤੂ ਨੇ ਦੂਜਾ ਸਥਾਨ ਅਤੇ ਪਲਕ ਬੰਗੜ ਪੁੱਤਰੀ ਕੁਲਦੀਪ ਕੁਮਾਰ- ਬੀਬੀ ਮਨਜੀਤ ਕੌਰ ਪਿੰਡ ਚੱਕ ਹਕੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਹਨਾਂ ਖੁਸ਼ੀ ਦੇ ਪਲਾਂ ਵਿਚ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਟਰੱਸਟੀਆਂ ਵੱਲੋਂ ਜੀ.ਐਨ.ਐਮ. ਨਰਸਿੰਗ (ਪਹਿਲਾ ਸਾਲ) ਦੇ ਸਮੂਹ ਵਿਦਿਆਰਥੀਆਂ ਨੂੰ, ਉਹਨਾਂ ਦੇ ਮਾਪਿਆਂ ਨੂੰ ਤੇ ਸਮੂਹ ਅਧਿਆਪਕਾਂ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ ਹਨ । ਇਸ ਮੌਕੇ ਮਲਕੀਅਤ ਸਿੰਘ ਬਾਹੜੋਵਾਲ , ਜਥੇਦਾਰ ਕੁਲਵਿੰਦਰ ਸਿੰਘ ਢਾਹਾਂ, ਅਮਰਜੀਤ ਸਿੰਘ ਕਲੇਰਾਂ, ਜਗਜੀਤ ਸਿੰਘ ਸੋਢੀ , ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ , ਮੈਡਮ ਰਮਨਦੀਪ ਕੌਰ , ਮੈਡਮ ਰਾਬੀਆ ਹਾਟਾ, ਮੈਡਮ ਰੀਤੂ, ਮੈਡਮ ਸੰਦੀਪ ਕੌਰ ਸੂਦਨ, ਮੈਡਮ ਕੁਲਜੀਤ ਕੌਰ ਸੈਣੀ, ਮੈਡਮਾ ਨੇਹਾ ਰਾਣੀ, ਮੈਡਮ ਜਸਵੀਰ ਕੌਰ, ਮੈਡਮ ਸੁਨੀਤਾ ਲਖਵਾੜਾ ਅਤੇ ਮੈਡਮ ਨਵਜੋਤ ਕੌਰ ਵੀ ਹਾਜ਼ਰ ਸਨ।

## ਭੁੰਗਰਨੀ ਦੇ ਸੀਵਰੇਜ ਤੇ ਗਾਰ ਨਾਲ ਭਰੇ ਸੈਪਟਿਕ ਟੈਂਕ ਸਾਫ ਕਰਵਾਏ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਭੁੰਗਰਨੀ ਪਿੰਡ ਦਾ ਸੀਵਰੇਜ ਅਤੇ ਗਾਰ ਨਾਲ ਭਰੇ ਸੈਪਟਿਕ ਟੈਂਕ ਸਾਫ ਕਰਵਾਏ ਗਏ । ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਨੇ ਦੱਸਿਆ ਕਿ ਭੁੰਗਰਨੀ ਪਿੰਡ ਇਕ ਇਤਿਹਾਸਿਕ ਨਗਰ ਹੈ। ਇਸ ਨਗਰ ਵਿੱਚ ਨਾਨਕ ਰੂਰਲ ਡੀਵੈੱਲਪਮੈਂਟ ਐਂਡ ਐਕੂਲੇਸਨ ਸੁਸਾਇਟੀ ਭੁੰਗਰਨੀ ਅਤੇ ਐਨ ਆਰ ਆਈ ਵਲੋਂ ਸਰਕਾਰੀ ਸਹਿਯੋਗ ਨਾਲ ਲਗਭਗ 10-12 ਸਾਲ ਪਹਿਲਾਂ ਸੀਵਰੇਜ ਪਾਇਆ ਗਿਆ ਸੀ। ਜਿਸਦੇ ਹੁਣ ਕੁਝ ਚਿਰ ਪਹਿਲਾਂ ਸੀਵਰੇਜ ਟੈਂਕ ਗਾਰ ਨਾਲ ਭਰ ਗਏ ਸਨ ਅਤੇ ਪਿੰਡ ਵਿੱਚ ਸੀਵਰੇਜ ਦੇ ਮੇਨ ਹੋਲ ਉਛਲ ਗਏ ਤੇ ਪਾਈਪਾਂ ਬੰਦ ਹੋ ਗਈਆਂ ਸਨ। ਜਿਸ ਕਾਰਨ ਸੀਵਰੇਜ ਦਾ ਗੰਦਾ ਪਾਣੀ ਗਲੀਆਂ ਉੱਪਰ ਵੱਗਣ ਲੱਗ ਪਿਆ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਚਰਨ ਛੋਹ ਪ੍ਰਾਪਤ ਨਗਰ ਹੋਣ ਕਾਰਨ ਬਾਹਰੋਂ ਗੁਰੂਦਵਾਰਾ ਸਾਹਿਬ ਆਉਣ ਵਾਲੀ ਸੰਗਤ ਨੂੰ ਮੁਸਕਲ ਆਉਣ ਲੱਗੀ ਅਤੇ ਪਿੰਡ ਵਿੱਚ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਪੈਦਾ ਹੋ ਗਿਆ। ਪਿੰਡ ਦੀ ਪੰਚਾਇਤ ਕੋਲ ਅਧਿਕਾਰ ਨਾ ਹੋਣ ਕਾਰਨ ਅਤੇ ਪਿੰਡਾਂ ਦਾ ਪ੍ਰਬੰਧਕ ਲੱਗਾ ਹੋਣ ਕਾਰਨ ਪਿੰਡ ਦੀ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਵੱਲੋਂ ਪਹਿਲ ਕਦਮੀ ਕਰਦਿਆਂ ਆਮ ਆਦਮੀ ਪਾਰਟੀ ਚੱਬੇਵਾਲ ਦੇ ਹਲਕਾ ਇੰਚਾਰਜ ਹਰਮਿੰਦਰ ਸਿੰਘ ਸੰਧੂ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ । ਉਨ੍ਹਾਂ ਪਬਲਿਕ ਦੀ ਮੁਸ਼ਕਲ ਨੂੰ ਦੇਖਦਿਆਂ ਤੁਰੰਤ ਹੁਸ਼ਿਆਰਪੁਰ ਬੀ ਡੀ ਪੀ ਓ ਬਲਾਕ-2 ਅਫਸਰ ਸੁਖਜਿੰਦਰ ਸਿੰਘ ਨੂੰ ਨਾਲ ਲੈ ਕੇ ਮੌਕਾ ਦੇਖਿਆ ਅਤੇ ਇਸਦੀ ਸਫਾਈ ਲਈ ਕਰਮਚਾਰੀਆਂ ਦੀ ਟੀਮ ਭੇਜ ਗਈ। ਲਗਭਗ 20 ਦਿਨਾਂ ਵਿੱਚ ਸੀਵਰ ਟੈਂਕ ਦੀ ਸਫਾਈ ਅਤੇ ਪਾਈਪਾਂ ਦੀ ਬਲਾਕਿਜ ਨੂੰ ਖੋਲ੍ਹ ਦਿੱਤਾ ਗਿਆ। ਇਸ ਮੌਕੇ ਸੁਖਜਿੰਦਰ ਸਿੰਘ ਬੀ ਡੀ ਪੀ ਓ ਹੁਸ਼ਿਆਰਪੁਰ, ਤਰੁਣ ਅਰੋੜਾ, ਜਥੇਦਾਰ ਜਸਵੀਰ ਸਿੰਘ ਜੱਲੋਵਾਲ, ਜਸਵੀਰ ਸਿੰਘ ਮਿਨਹਾਸ, ਬਾਬਾ ਸੁਖਚੈਨ ਸਿੰਘ ਹੈੱਡ ਗ੍ਰੰਥੀ, ਪੰਚਾਇਤ ਸਕੱਤਰ ਬਲਵਿੰਦਰ ਸਿੰਘ ਗਰੇਵਾਲ ਤਰੁਣ ਅਰੋੜਾ, ਜਥੇਦਾਰ ਜਸਵੀਰ ਸਿੰਘ ਜੱਲੋਵਾਲ, ਮਨਦੀਪ ਕੌਰ ਪੰਚ, ਪਰਮਿੰਦਰ ਸਿੰਘ ਪੰਚ, ਰਿਸਸ਼ ਬਾਲੀ ਚੱਕ ਕਟਾਰੇ, ਨੰਬਰਦਾਰ ਰਣਵੀਰ ਸਿੰਘ ਬੋਹਣ, ਹਰਦੀਪ ਲੌਂਗੀਆ, ਧਨਵੰਤ ਸਿੰਘ ਭੁੰਗਰਨੀ ਆਦਿ ਹਾਜਰ ਸਨ।

## ਮਹਿੰਦਰਾ ਪਬਲਿਕ ਸਕੂਲ ਵਿਖੇ ਨਸ਼ੇ ਵਿਰੁੱਧ ਨਾਟਕ ਪੇਸ਼



**ਕਰਤਾਰਪੁਰ (ਹਰਮੇਸ ਦੱਤ)** ਮਹਿੰਦਰਾ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਦਿਆਲਪੁਰ ਵਿਖੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਿੱਢੀ ਮੁਹਿੰਮ ਦੇ ਤਹਿਤ ਬੋਡੀ ਗਰੁੱਪ ਦਸਵੀਂ ਕਲਾਸ ਦੇ ਵਿਦਿਆਰਥੀਆਂ ਵੱਲੋ ਨਸਸ਼ ਦੀ ਵਿਰੋਧਤਾ ਨੂੰ ਦਰਸਾਉਂਦਾ ਹੋਇਆ ਨਾਟਕ ਨਸ਼ਿਆਂ ਵਿੱਚ ਰੁਲਦੀ ਜਵਾਨੀ ਪੇਸ਼ ਕੀਤਾ ਗਿਆ ਜਿਸ ਦਾ ਮਕਸਦ ਅਜੋਕੀ ਨੌਜਵਾਨੀ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨਾ ਸੀ। ਵਿਦਿਆਰਥੀਆਂ ਨੇ ਬਹੁਤ ਵਧੀਆ ਢੰਗ ਨਾਲ ਪਾਤਰਾਂ ਦੀ ਭੂਮਿਕਾ ਨਿਭਾਈ ਅਤੇ ਸਾਰਿਆਂ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰਹਿਣ ਦਾ ਸਦੇਸ਼ ਦਿੱਤਾ।

ਮੈਡਮ ਪਰਮਜੀਤ ਕੌਰ ਢਾਅ,ਰਾਣੀ ਭਾਟੀਆ,ਰਮਨਦੀਪ ਨੇ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰਾਂ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਤੇ ਇੱਕ ਸਿਹਤਯਾਬ ਜਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਸਾਰੇ ਵਿਦਿਆਰਥੀਆ ਨੇ ਪ੍ਰਣ ਲਿਆ ਕਿ ਉਹ ਕਦੇ ਵੀ ਜਿੰਦਗੀ ਵਿੱਚ ਨਸ਼ਾ ਨਹੀਂ ਕਰਨਗੇ ਤੇ ਇਸ ਦੀ ਗ੍ਰਿਫਤ ਵਿੱਚ ਆ ਚੁੱਕੇ ਲੋਕਾਂ ਦੀ ਮਦਦ ਕਰਨਗੇ।

## ਖਟਕੜ ਕਲਾਂ ਵਿਖੇ 28 ਨੂੰ ਰੋਸ ਰੈਲੀ ਕਰਨਗੇ ਕੰਪਿਊਟਰ ਅਧਿਆਪਕ



**ਜਲੰਧਰ (ਰਾਜੇਸ਼ ਥਾਪਾ)**—ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ 20 ਸਤੰਬਰ ਨੂੰ ਮੀਟਿੰਗ ਸਕੱਤਰੇਤ, ਚੰਡੀਗੜ੍ਹ ਵਿਖੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨਾਲ ਹੋਈ ਜਿਸ ਦੀ ਜਾਣਕਾਰੀ ਜ਼ਿਲ੍ਹਾ ਜਲੰਧਰ ਰਮਨ ਕੁਮਾਰ ਪ੍ਰਧਾਨ ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਪ੍ਰੈਸ ਨੂੰ ਦਿੱਤੀ ਗਈ। ਮੀਟਿੰਗ ਦੌਰਾਨ ਸਿੱਖਿਆ ਮੰਤਰੀ ਨੇ ਟਾਲ- ਮਟੋਲ ਦੀ ਨੀਤੀ ਪਹਿਲੀਆਂ ਹੋਈਆਂ ਮੀਟਿੰਗਾਂ ਦੀ ਤਰ੍ਹਾਂ ਹੀ ਦਿਖਾਈ ਜਿਸ ਕਾਰਨ ਜੱਥੇਬੰਦੀ ਵਲੋਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਖਟਕੜ ਕਲਾਂ ਵਿਖੇ ਰੋਸ ਰੈਲੀ ਕਰਨ ਦਾ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਜੁਲਾਈ 2011 ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਸੇਵਾਵਾਂ ਤਹਿਤ ਰੈਗੂਲਰ ਕੀਤਾ ਗਿਆ ਪਰ ਅੱਜ ਤੱਕ ਇਹ ਨੋਟੀਫਿਕੇਸ਼ਨ ਪੂਰਨ ਤੌਰ 'ਤੇ ਲਾਗੂ ਨਹੀਂ ਕੀਤਾ ਗਿਆ । ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ , ਏ.ਸੀ.ਪੀ. ਅਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਹਨ ਜਿਨ੍ਹਾਂ ਨੂੰ ਤਰੁੰਤ ਲਾਗੂ ਕੀਤਾ ਜਾਵੇ ,90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਵਾਰ ਜੋ ਸੜਕਾਂ 'ਤੇ ਰੁੱਲ ਰਹੇ ਹਨ, ਪੰਜਾਬ ਸਰਕਾਰ ਨੇ ਉਹਨਾਂ ਨੂੰ ਨਾ ਹੀ ਨੌਕਰੀ ਦਿੱਤੀ, ਨਾ ਹੀ ਇੱਕ ਧੇਲੇ ਦੀ ਸਹਾਇਤਾ ਕੀਤੀ ਗਈ ਜਿਸ ਕਾਰਨ ਮਿਤੀ 13,14,15 ਅਕਤੂਬਰ ਨੂੰ ਸੰਗਰੂਰ ਵਿਖੇ ਚੇਤਾਵਨੀ ਤਹਿਤ ਤਿੰਨ ਦਿਨਾਂ ਦਾ ਸੰਕੇਤਕ ਧਰਨਾ ਲਗਾਇਆ ਜਾਵੇਗਾ ਜਿਸ ਰਾਹੀਂ ਸੰਗਰੂਰ ਦੇ ਬਜਾਰਾਂ ਵਿੱਚ ਪੈਂਫਲਿਟ ਰਾਹੀਂ ਆਮ ਜਨਤਾ ਨੂੰ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਉਜਾਗਰ ਕੀਤਾ ਜਾਵੇਗਾ। ਜੇਕਰ ਫਿਰ ਵੀ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ 22 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਦੁਸਹਿਰੇ ਦੇ ਨਜਦੀਕ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ । ਜੇਕਰ ਪੰਜਾਬ ਸਰਕਾਰ ਇਸ ਸਮੇਂ ਦੌਰਾਨ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਲੈ ਆਉਂਦੀ ਤਾਂ 29 ਅਕਤੂਬਰ ਨੂੰ ਸੰਗਰੂਰ ਵਿਖੇ ਹੱਲਾ-ਬੋਲ ਰੈਲੀ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਅਨਿਲ ਐਰੀ ਮੀਤ ਪ੍ਰਧਾਨ, ਏਕਮਓਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ, ਪਰਮਵੀਰ ਸਿੰਘ ਪੰਮੀ, ਪਰਮਿੰਦਰ ਸਿੰਘ ਘੁਮਾਣ ਅਤੇ ਹਰਪ੍ਰੀਤ ਸਿੰਘ ਜਨਰਲ ਸਕੱਤਰ, ਅਮਰਦੀਪ ਸਿੰਘ ਤੇ ਪ੍ਰਦੀਪ ਮਲੂਕਾ ਕਾਨੂੰਨੀ ਸਲਾਹਕਾਰ, ਗੁਰਦੀਪ ਸਿੰਘ ਬੈਂਸ ਜੁਇੰਟ ਸਕੱਤਰ , ਗੁਰਪ੍ਰੀਤ ਸਿੰਘ ਟੋਹੜਾ ਪ੍ਰਮੁੱਖ ਸਲਾਹਕਾਰ, ਹਰਜੀਤ ਸਿੰਘ ਵਿੱਤ ਸਕੱਤਰ,ਪਰਮਜੀਤ ਸਿੰਘ ਵਿੱਤ ਸਕੱਤਰ ,ਹਰਮਿੰਦਰ ਸਿੰਘ ਸੰਧੂ ਪ੍ਰੈਸ ਸਕੱਤਰ, ਹਰਜਿੰਦਰ ਮਹਿਸਮਪੁਰ ਪ੍ਰੈਸ ਸਕੱਤਰ, ਹਰਭਗਵਾਨ ਸਿੰਘ ਸਟੇਜ ਸਕੱਤਰ , ਗਗਨਦੀਪ ਸਿੰਘ ਅੰਮ੍ਰਿਤਸਰ, ਰਵਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਕਪੂਰਥਲਾ, ਰੋਬਿਨ ਮਲੇਰਕੋਟਲਾ,ਪ੍ਰਦੀਪ ਕੁਮਾਰ ਬਰਨਾਲਾ, ਰਮਨ ਕੁਮਾਰ ਕਪੂਰਥਲਾ ,ਹਰਜਿੰਦਰ ਸਿੰਘ ਨਵਾਂਸ਼ਹਿਰ, ਈਸ਼ਰ ਸਿੰਘ ਬਠਿੰਡਾ ਆਗੂ ਸ਼ਾਮਿਲ ਸਨ।

22-Sep-PAGE-9.qxd 9/21/2023 10:03 PM Page 1



# ਪੈਨਸ਼ਨਰ ਸਾਂਝੇ ਫ਼ਰੰਟ ਵੱਲੋਂ ਮੰਤਰੀ ਦੇ ਘਰ ਅੱਗੇ ਰੈਲੀ 24 ਨੂੰ



**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫ਼ਰੰਟ ਜਲੰਧਰ ਵੱਲੋਂ 24 ਸਤੰਬਰ ਦਿਨ ਐਤਵਾਰ ਨੂੰ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਬਲਕਾਰ ਸਿੰਘ ਦੇ ਘਰ ਅੱਗੇ ਜਲੰਧਰ ਵਿਖੇ ਰੋਹ ਭਰਪੂਰ ਰੈਲੀ ਅਤੇ ਮਾਰਚ ਸੰਬੰਧੀ ਤਿਆਰੀ ਮੀਟਿੰਗ ਕੀਤੀ ਗਈ। ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਕੱਚੇ ਕਾਮਿਆਂ ਨੂੰ ਪੱਕੇ ਕਰਵਾਉਣ, 1-1-2015 ਅਤੇ 2017 ਦੇ ਪੱਤਰ ਰੱਦ ਕਰਵਾਉਣ, ਕੱਟੇ ਗਏ 37 ਭੱਤੇ ਬਹਾਲ ਕਰਵਾਉਣ, ਪੈਨਸਨਰਜ ਦੇ ਬਣਦੇ 2.59 ਦੇ ਗੁਣਾਂਕ, ਨੋਸ਼ਨਲ ਅਧਾਰ ਤੇ ਪੈਨਸਨਾਂ ਦੀ ਸੋਧਾਈ, ਸਾਢੇ ਪੰਜ ਸਾਲ ਦਾ ਬਕਾਇਆ ਯੱਕ-ਮੁਸਤ ਡੀ. ਏ 34% ਤੋਂ ਵਧਾਕੇ ਕੇਂਦਰੀ ਤਰਜ ਤੇ 42% ਕਰਨ , ਕੈਸਲੈਸ ਹੈਲਥ ਯੋਜਨਾ ਵਰਗੇ ਹੱਕ ਅਤੇ ਜਾਇਜ ਮੰਗਾਂ ਦੀ ਪੂਰਤੀ ਕਰਨ ਅਤੇ ਜਮੂਹਰੀ ਹੱਕਾਂ ਦੀ ਰਾਖੀ ਲਈ ਕਾਲੇ ਕਾਨੂੰਨ (ਐਸਮਾ ਵਰਗੇ ) ਰੱਦ ਕਰਵਾਉਣ ਲਈ ਸੰਘਰਸ ਦਾ ਪਿੜ ਮੱਲਦੇ ਹੋਏ 24 ਸਤੰਬਰ ਨੂੰ "ਪੰਜਾਬ ਸਰਕਾਰ ਦੀ ਸਾਜਸੀ ਚੁੱਪ ਤੋੜਨ ਲਈ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਵਿਰੁੱਧ ਜਲੰਧਰ ਵਿਖੇ ਰੋਹ ਭਰਪੂਰ ਜੋਨ ਪੱਧਰੀ ਰੈਲੀ ਅੰਬੇਦਕਰ ਪਾਰਕ, ਬੂਟਾ ਮੰਡੀ (ਨਕੋਦਰ ਰੋਡ ਜਲੰਧਰ) ਵਿਖੇ ਕੀਤੀ ਜਾ ਰਹੀ ਹੈ। ਰੈਲੀ ਦੀ ਤਿਆਰੀ ਸਬੰਧੀ ਜਲੰਧਰ ਜਿਲ੍ਹੇ ਦੇ ਮੁਲਾਜਮ ਫਰੰਟ ਦੇ ਆਗੂਆਂ ਦੀ ਮੀਟਿੰਗ ਅੰਬੇਦਕਰ ਪਾਰਕ ਬੂਟਾ ਮੰਡੀ, ਜਲੰਧਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਰੈਲੀ ਦੀ ਤਿਆਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਅੰਬੇਦਕਰ ਪਾਰਕ ਵਿਚ ਰੈਲੀ ਕਰਨ ਤੋਂ ਬਾਅਦ ਮੰਤਰੀ ਬਲਕਾਰ ਸਿੰਘ ਦੀ ਰਹਾਇਸ ਵੱਲ ਮਾਰਚ ਕਰਦਿਆਂ ਮੰਤਰੀ ਦੀ ਰਹਾਇਸ ਦਾ ਘਿਰਾਓ ਕੀਤਾ ਜਾਵੇਗਾ। ਮੀਟਿੰਗ ਵਿੱਚ ਸੁਰਿੰਦਰ ਪੁਆਰੀ, ਨਵਪ੍ਰੀਤ ਬੱਲੀ, ਕੁਲਵਿੰਦਰ ਸਿੰਘ ਜੋਸਨ, ਸੁਖਵਿੰਦਰ ਸਿੰਘ ਮੱਕੜ, ਨਿਰਮੋਲਕ ਸਿੰਘ ਹੀਰਾ, ਕੁਲਦੀਪ ਸਿੰਘ ਰਾਣਾ, ਜਸਪਾਲ ਸੰਧੂ ਅਤੇ ਬਾਬੂ ਰਾਮ ਆਦਿ ਮੁਲਾਜਮ ਆਗੂ ਸ਼ਾਮਲ ਹੋਏ।

## ਸਰਕਾਰੀ ਹਾਈ ਸਕੂਲ ਰੁੜਕੀ ਪੁਖਤਾ ਦੇ ਅਧਿਆਪਕ ਛੇ ਮਹੀਨਿਆਂ ਤੋਂ ਤਨਖਾਹ ਤੋਂ ਵਾਂਝੇ

**ਮੋਹਾਲੀ, (ਗੁਰਜੀਤ ਬਿੱਲਾ)** ਸਰਕਾਰੀ ਹਾਈ ਸਕੂਲ ਰੁੜਕੀ ਪੁਖਤਾ ਦੇ ਅਧਿਆਪਕ ਪਿਛਲੇ ਛੇ ਮਹੀਨਿਆਂ ਤੋਂ ਵਿਭਾਗੀ ਅਣਗਹਿਲੀ ਕਾਰਨ ਤਨਖਾਹ ਤੋਂ ਵਾਂਝੇ ਹਨ। ਸਿੱਖਿਆ ਵਿਭਾਗ, ਵਿੱਤ ਵਿਭਾਗ ਪੰਜਾਬ ਦੇ ਸਮੂਹ ਵਿਭਾਗਾਂ ਨੂੰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਦੀ ਅਦਾਇਗੀ ਯਕੀਨੀ ਬਣਾਉਣ ਦੇ ਲਿਖਤੀ ਹੁਕਮਾਂ ਨੂੰ ਵੀ ਟਿੱਚ ਜਾਣਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਜਾਰੀ ਲਿਖਤੀ ਪ੍ਰੈਸ ਬਿਆਨ ਰਾਹੀਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸਾਬਕਾ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਕੀਤਾ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਾਬਕਾ ਮੁਲਾਜਮ ਆਗੂ ਨੇ ਕਿਹਾ ਕਿ ਭਾਵੇਂ ਵਿੱਤ ਵਿਭਾਗ ਵੱਲੋਂ ਬਕਾਇਦਾ ਪੱਤਰ ਨੂੰ 13/18/2023-ਵਿ.ਬ2/706 ਮਿਤੀ 20 ਜੁਲਾਈ 2023 ਰਾਹੀਂ ਸਮੂਹ ਵਿਭਾਗਾਂ ਦੇ ਸਕੱਤਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਆਪਣੇ ਆਪਣੇ ਵਿਭਾਗ ਅਧੀਨ ਆਉਂਦੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਦੀ ਅਦਾਇਗੀ ਯਕੀਨੀ ਬਣਾਈ ਜਾਵੇ। ਵਿੱਤ ਵਿਭਾਗ ਦੇ ਅਜਿਹੇ ਹੁਕਮਾਂ ਦੇ ਬਾਵਜੂਦ ਸਰਕਾਰੀ ਹਾਈ ਸਕੂਲ ਰੁੜਕੀ ਪੁਖਤਾ ਦੇ ਅਧਿਆਪਕਾਂ ਨੂੰ ਪਿਛਲੇ ਛੇ ਮਹੀਨਿਆਂ ਤੋਂ ਤਨਖਾਹ ਨਾ ਮਿਲਣਾ ਅਤਿ ਹੈਰਾਨੀਜਨਕ ਹੈ। ਹਰਨੇਕ ਸਿੰਘ ਮਾਵੀ ਨੇ ਕਿਹਾ ਕਿ ਇਸ ਤੋਂ ਇਹੀ ਸਾਰ ਤੱਤ ਨਿਕਲਦਾ ਹੈ ਕਿ ਸਿੱਖਿਆ ਵਿਭਾਗ ਵਿੱਤ ਵਿਭਾਗ ਦੇ ਹੁਕਮਾਂ ਨੂੰ ਟਿੱਚ ਜਾਣਦਾ ਹੈ। ਅੰਤ ਵਿਚ ਸਾਬਕਾ ਮੁਲਾਜਮ ਆਗੂ ਨੇ ਵਿੱਤ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਤੋਂ ਸਾਂਝੇ ਤੌਰ ਤੇ ਮੰਗ ਕੀਤੀ ਹੈ ਕਿ ਇਸ ਅਣਗਹਿਲੀ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਸਨਾਖਤ ਕਰਦੇ ਹੋਏ ਉਹਨਾਂ ਨੂੰ ਮਿਸਾਲੀ ਸਜਾ ਦਿੱਤੀ ਜਾਵੇ ਤੇ ਨਾਲ ਦੀ ਨਾਲ ਸਬੰਧਤ ਸਕੂਲ ਅਧਿਆਪਕਾਂ ਦੀ ਛੇ ਮਹੀਨਿਆਂ ਤੋਂ ਰੁਕੀ ਤਨਖਾਹ ਤੁਰੰਤ ਜਾਰੀ ਕਰਵਾਉਂਦੇ ਹੋਏ ਉਹਨਾਂ ਨੂੰ ਮਾਨਸਿਕ ਤੇ ਆਰਥਿਕ ਸੋਸਣ ਤੋਂ ਫੌਰੀ ਰਾਹਤ ਦਿੱਤੀ ਜਾਵੇ।

## ਮੁਰੰਮਤ ਤੇ ਦਰੱਖਤਾਂ ਦੀ ਕਟਾਈ ਦੇ ਨਾਂਅ 'ਤੇ ਲਗਾਏ ਜਾ ਰਹੇ ਬਿਜਲੀ ਕੱਟ ਕੇਵਲ ਖਾਨਾਪੂਰਤੀ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਨੂਰਪੁਰਬੇਦੀ ਖੇਤਰ 'ਚ ਨਿਰਵਿਘਨ ਬਿਜਲੀ ਸਪਲਾਈ ਚਾਲੂ ਰੱਖਣ ਲਈ ਲਾਈਨਾਂ ਦੀ ਮੁਰੰਮਤ ਅਤੇ ਦਰੱਖਤਾਂ ਦੀ ਕਟਾਈ ਲਈ ਹਰ ਦਿਨ ਵੱਖ-ਵੱਖ ਪਿੰਡਾਂ 'ਚ ਬਿਜਲੀ ਕੱਟ ਲਗਾਏ ਜਾ ਰਹੇ ਹਨ। ਮਗਰ ਅਲੱਗ-ਅਲੱਗ ਪਿੰਡਾਂ 'ਚ ਦਰੱਖਤਾਂ ਨਾਲ ਲਿਪਟੇ ਬਿਜਲੀ ਪੋਲਾਂ ਦੀ ਦਸ਼ਾ ਦੇਖਣ 'ਤੇ ਪਤਾ ਚੱਲਦਾ ਹੈ ਕਿ ਪਾਵਰਕਾਮ ਵੱਲੋਂ ਲਗਾਏ ਜਾ ਰਹੇ ਉਕਤ ਬਿਜਲੀ ਕੱਟ ਬੇਮਾਈਨੇ ਅਤੇ ਕੇਵਲ ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਹੈ। ਜਿਸ ਕਾਰਨ ਰੋਜ਼ਾਨਾ ਖਪਤਕਾਰ ਪ੍ਰੇਸ਼ਾਨ ਹੋ ਰਹੇ ਹਨ। ਇਸ ਸਬੰਧ 'ਚ ਕੁਝ ਖਪਤਕਾਰਾਂ ਨੇ ਮੀਡੀਆ ਨੂੰ ਤਸਵੀਰਾਂ ਭੇਜ ਕੇ ਇਨ੍ਹਾਂ ਕੱਟਾਂ ਦੀ ਅਸਲੀਅਤ ਉਜਾਗਰ ਕਰਨ ਲਈ ਕਿਹਾ। ਲੋਕਾਂ ਦਾ ਕਹਿਣਾ ਹੈ ਕਿ ਭਾਵੇਂ ਉਨ੍ਹਾਂ ਦੀ ਸੁਵਿਧਾ ਨੂੰ ਧਿਆਨ 'ਚ ਰੱਖਦਿਆਂ ਵਿਭਾਗ ਵੱਲੋਂ ਕੱਟ ਲਗਾਏ ਜਾ ਰਹੇ ਹਨ। ਜਦਕਿ ਸਹੀ ਮਾਇਨੇ 'ਚ ਇਨ੍ਹਾਂ ਕੱਟਾਂ ਦਾ ਮਨੋਰਥ ਪੂਰਾ ਨਹੀਂ ਹੋ ਰਿਹਾ ਹੈ। ਪਿੰਡਾਂ 'ਚ ਆਮ ਦੇਖਣ ਨੂੰ ਆਇਆ ਹੈ ਕਿ ਜ਼ਿਆਦਾਤਰ ਬਿਜਲੀ ਖੰਭਿਆਂ 'ਤੇ ਹੇਠਾਂ ਤੋਂ ਲੈ ਕੇ ਪੋਲ ਦੇ ਆਖਰੀ ਹਿੱਸੇ ਤੱਕ ਘਾਹ-ਫੂਸ ਦੀਆਂ ਬੇਲਾਂ ਚੜ੍ਹੀਆਂ ਹੋਈਆਂ ਹਨ। ਅਜਿਹੀ ਹਾਲਤ 'ਚ ਵਰਖਾ ਪੈਣ ਜਾਂ ਹਨੇਰੀ ਆਦਿ ਦੇ ਚੱਲਣ 'ਤੇ ਕਿਸੀ ਵੀ ਸਮੇਂ ਬਿਜਲੀ ਸਪਲਾਈ 'ਚ ਰੁਕਾਵਟ ਪੈ ਸਕਦੀ ਹੈ। ਪਿੰਡ ਜੇਤੇਵਾਲ ਦੇ ਮਾ. ਗੁਰਨੈਬ ਸਿੰਘ, ਕੁਲਦੀਪ ਸਿੰਘ ਅਤੇ ਰਣਜੀਤ ਸਿੰਘ ਆਦਿ ਨਿਵਾਸੀਆਂ ਨੇ ਦੱਸਿਆ ਕਿ 2 ਦਿਨ ਪਹਿਲਾਂ ਹੀ 18 ਸਤੰਬਰ ਨੂੰ ਵਿਭਾਗ ਵੱਲੋਂ ਲਾਈਨਾਂ ਦੀ ਮੁਰੰਮਤ ਕਰਨ ਅਤੇ ਦਰੱਖਤਾਂ ਦੀ ਕਟਾਈ ਲਈ ਨੂਰਪੁਰਬੇਦੀ ਫੀਡਰ ਨਾਲ ਜੁੜੇ ਨੂਰਪੁਰਬੇਦੀ, ਸਿੰਬਲਮਾਜਰਾ ਅਤੇ ਸੈਣੀਮਾਜਰਾ ਪਿੰਡਾਂ 'ਚ ਸਵੇਰੇ 10 ਵਜੇ ਤੋਂ ਸ਼ਾਮੀਂ 5 ਵਜੇ ਤੱਕ 7 ਘੰਟਿਆਂ ਦਾ ਬਿਜਲੀ ਕੱਟ ਲਗਾਇਆ ਗਿਆ ਸੀ। ਮਗਰ ਉਸਤੋਂ ਅਗਲੇ ਹੀ ਦਿਨ ਉਨਾਂ ਨੂੰ ਉਦੋਂ ਭਾਰੀ ਹੈਰਾਨੀ ਹੋਈ ਜਦੋਂ ਪਿੰਡ ਵਾਸੀਆਂ ਨੇ ਦੇਖਿਆ ਕਿ ਜ਼ਿਆਦਾਤਰ ਬਿਜਲੀ ਖੰਭਿਆਂ ਤੋਂ ਘਾਹ-ਫੂਸ ਦੀਆਂ ਲੰਬੀਆਂ-ਲੰਬੀਆਂ ਬੇਲਾਂ ਲਟਕ ਰਹੀਆਂ ਸਨ। ਜਿਸ ਤੋਂ ਵਿਭਾਗ ਦੀ ਕਾਰਗੁਜ਼ਾਰੀ ਦੀ ਪੋਲ ਖੁੱਲਦੀ ਹੈ। ਉਨਾਂ ਆਖਿਆ ਕਿ ਖਾਨਾਪੂਰਤੀ ਦੇ ਨਾਂਅ 'ਤੇ ਪਾਵਰਕਾਮ ਅਧਿਕਾਰੀ ਬੇਵਜਾ ਬਿਜਲੀ ਕੱਟ ਲਗਾ ਕੇ ਲੋਕਾਂ ਨੂੰ ਗਰਮੀ ਦੇ ਮੌਸਮ 'ਚ ਪ੍ਰੇਸ਼ਾਨ ਨਾ ਕਰਨ। ਇਸੀ ਪ੍ਰਕਾਰ ਕਈ ਹੋਰਨਾਂ ਪਿੰਡਾਂ 'ਚ ਵੀ ਅਜਿਹੀ ਹੀ ਸਥਿਤੀ ਦੇਖਣ ਨੂੰ ਮਿਲ ਰਹੀ ਹੈ। ਜਿਸ ਪ੍ਰਤੀ ਪਾਵਰਕਾਮ ਕਰਮਚਾਰੀਆਂ ਨੂੰ ਗੰਭੀਰ ਹੋਣ ਦੀ ਜ਼ਰੂਰਤ ਹੈ ਤਾਂ ਜੋ ਲੋਕਾਂ ਨੂੰ ਭਵਿੱਖ 'ਚ ਨਿਰਵਿਘਨ ਬਿਜਲੀ ਸਪਲਾਈ ਹਾਸਿਲ ਕਰਨ 'ਚ ਕਿਸੀ ਪ੍ਰਕਾਰ ਦੀ ਅਸੁਵਿਧਾ ਪੇਸ਼ ਨਾ ਆਏ। ਇਸ ਸਬੰਧ 'ਚ ਪਾਵਰਕਾਮ ਦਫ਼ਤਰ ਨੂਰਪੁਰਬੇਦੀ ਦੇ ਐੱਸ.ਡੀ.ਓ. ਬਿਕਰਮ ਸੈਣੀ ਨੇ ਕਿਹਾ ਕਿ ਜ਼ਿਆਦਾਤਰ ਲਾਈਨਾਂ ਤੇ ਖੰਭਿਆਂ ਤੋਂ ਦਰੱਖਤ ਹਟਾਉਣ ਦਾ ਯਤਨ ਕੀਤਾ ਗਿਆ ਹੈ ਅਤੇ ਰਹਿੰਦੇ ਖੰਭਿਆਂ ਤੋਂ ਪਹਿਲ ਦੇ ਆਧਾਰ 'ਤੇ ਘਾਹ-ਫੂਸ ਹਟਾਉਣ ਲਈ ਕਰਮਚਾਰੀਆਂ ਨੂੰ ਹਦਾਇਤੀ ਕੀਤੀ ਜਾਵੇਗੀ।

## ਹਵਾਬਾਜ਼ੀ ਡਿਫੈਂਸ ਵਿਭਾਗ ਵੱਲੋਂ ਪ੍ਰਵਾਨਤ ਉਡਾਣਾਂ 'ਤੇ ਲਾਗੂ ਨਹੀਂ ਹੋਵੇਗਾ ਹੁਕਮ

**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਫੌਜਦਾਰੀ ਜਾਬਤਾ ਸੰਘਤਾ, 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੁਰੱਖਿਆ ਅਤੇ ਅਮਨ ਕਾਨੂੰਨ ਸਥਿਤੀ ਦੇ ਮੱਦੇਨਜਰ ਪੀ.ਸੀ.ਏ. ਸਟੇਡੀਅਮ ਫੇਜ-9 ਅਤੇ ਇਸ ਦੇ ਨਾਲ ਲੱਗਦੇ 05 ਕਿਲੋਮੀਟਰ ਘੇਰੇ ਦੇ (ਰੇਡੀਅਸ) ਏਰੀਏ ਨੂੰ 20 ਸਤੰਬਰ 2023 ਤੋਂ 23 ਸਤੰਬਰ 2023 ਤੱਕ ਨੋ-ਡਰੋਨ ਅਤੇ ਨੋ-ਫਲਾਇੰਗ ਜੋਨ ਘੋਸ਼ਿਤ ਕਰਦਿਆਂ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਨੂੰ ਉਡਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਹੁਕਮ ਜਾਰੀ ਕਰਦਿਆਂ ਜਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਇਸ ਏਰੀਆ ਵਿੱਚ ਕੋਈ ਵੀ ਕਿਸੇ ਕਿਸਮ ਦੇ ਫਲਾਇੰਗ ਆਬਜੈਕਟ ਦੇ ਉਡਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ ਅਤੇ ਇਹ ਹੁਕਮ ਹਵਾਬਾਜੀ/ ਡਿਫੈਂਸ ਵਿਭਾਗ ਵੱਲੋਂ ਪ੍ਰਵਾਨਿਤ ਉਡਾਣਾਂ 'ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ 20 ਸਤੰਬਰ 2023 ਤੋਂ 23 ਸਤੰਬਰ 2023 ਤੱਕ ਉਕਤ ਏਰੀਏ ਵਿੱਚ ਲਾਗੂ ਹੋਣਗੇ।

## ਡੇਰਾ ਸੰਤ ਸਾਗਰ ਪਿੰਡ ਖੰਨੀ ਵਿਖੇ ਧਾਰਮਿਕ ਸਮਾਗਮ 24 ਨੂੰ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਮਾਹਿਲਪੁਰ - ਜੇਜੋ ਮੁੱਖ ਮਾਰਗ 'ਤੇ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿੱਚ ਵਸਦੇ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਨਾਲ ਲੱਗਦੇ ਪਿੰਡ ਖੰਨੀ ਵਿਖੇ ਸਥਿੱਤ ਡੇਰਾ ਸੰਤ ਸਾਗਰ ਵਿਖੇ ਸੰਤ ਬਾਬਾ ਮਧੂਸੂਦਨ ਦਾਸ, ਸੰਤ ਬਾਬਾ ਦਰਸ਼ਨ ਸਿੰਘ ਅਤੇ ਸੰਤ ਬਾਬਾ ਸਤਨਾਮ ਦਾਸ ਵਲੋਂ ਚਲਾਈ ਪਰੰਪਰਾ ਅਨੁਸਾਰ ਇਸ ਅਸਥਾਨ ਦੇ ਮੌਜੂਦਾ ਮੁਖ ਸੇਵਾਦਾਰ ਸੰਤ ਬਾਬਾ ਬਲਵੀਰ ਦਾਸ ਵੱਲੋਂ 24 ਸਤੰਬਰ ਨੂੰ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਸਮਾਗਮ ਵਿੱਚ ਪਹੁੰਚੇ ਸੰਤ ਮਹਾਂਪੁਰਸ ਧਾਰਮਿਕ ਬਚਨ ਕਰਨਗੇ ਗੁਰੂ ਕੇ ਲੰਗਰ ਅਤੁੱਟ ਚੱਲਣਗੇ।

## ਪੀਰ ਬਾਬਾ ਮੱਦੂਆਣਾ ਦੇ ਅਸਥਾਨ 'ਤੇ ਸਾਲਾਨਾ ਮੇਲਾ 25 ਨਵੰਬਰ ਨੂੰ

**ਮਾਹਿਲਪੁਰ/(ਸਫਰੀ)**— ਪੀਰ ਬਾਬਾ ਮੱਦੂਆਣਾ ਪ੍ਰਬੰਧਕ ਕਮੇਟੀ ਮਾਹਿਲਪੁਰ ਵੱਲੋਂ ਬਾਬਾ ਦੋ ਵਾਲਿਆਂ ਦੀ ਯਾਦ ਨੂੰ ਸਮਰਪਿਤ 41ਵਾਂ 3 ਰੋਜ਼ਾ ਰੋਸ਼ਨੀ ਮੇਲਾ ਕਰਵਾਉਣ ਸਬੰਧੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਪ੍ਰਧਾਨ ਨਰਿੰਦਰ ਮੋਹਨ ਨਿੰਦੀ ਦੀ ਪ੍ਰਧਾਨਗੀ ਹੇਠ ਹੋਈ ਤੇ ਪੀਰ ਬਾਬਾ ਮੱਦੂਆਣਾ ਦੇ ਅਸਥਾਨ 'ਤੇ ਸਾਲਾਨਾ ਮੇਲਾ ਕਰਵਾਉਣ ਸਬੰਧੀ



ਵਿਚਾਰ ਵਟਾਂਦਰਾ ਕੀਤਾ ਗਿਆ । ਨਿੰਦੀ ਪ੍ਰਧਾਨ ਨੇ ਦੱਸਿਆ ਕਿ ਅਮਰਜੀਤ ਸਿੰਘ ਨਿੱਪੀ ਬੈਂਸ ਦੀ ਯੋਗ ਅਗਵਾਈ ਹੇਠ 25 ਨਵੰਬਰ ਨੂੰ ਸਾਲਾਨਾ ਮੇਲਾ ਕਰਵਾਇਆ ਜਾ ਰਿਹਾ ਹੈ। 23 ਨਵੰਬਰ ਨੂੰ ਚਿਰਾਗ ਦੀ ਰਸਮ, 24 ਨਵੰਬਰ ਨੂੰ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ। 25 ਨਵੰਬਰ ਨੂੰ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਸਰਪ੍ਰਸਤ ਤਾਰਾ ਸਿੰਘ ਵੜੈਚ,ਪ੍ਰਬੰਧਕ ਤਰਸੇਮ ਭਾਅ,ਕੇਵਲ ਅਰੋੜਾ, ਰਾਮ ਸਰੂਪ, ਰਾਜੂ ਅਰੋੜਾ, ਨਰਿੰਦਰ ਨਰੂਲਾ, ਬਾਬਾ ਮੱਦੀ ਸ਼ਾਹ, ਚਰਨਜੀਤ ਸਿੰਘ, ਰਾਜੀਵ ਰਾਮਾ, ਬਲਵਿੰਦਰ ਭਰੋਲੀ, ਡਾਕਟਰ ਪਰਮਜੀਤ, ਠਾਕੁਰ ਬਲਵੀਰ, ਜੁਗਿੰਦਰ ਰਾਮ, ਸਾਧੂ ਰਾਮ, ਬਾਬਾ ਤਾਨੀ ਗਿੱਲ, ਹਰਮੇਲ ਸਿੰਘ, ਚਮਨ ਲਾਲ, ਗੁਰਮੀਤ ਸਿੰਘ ਘੋਗਾ, ਰਜਿੰਦਰ ਰਾਣਾ ਆਦਿ ਹਾਜਰ ਸਨ ।

## ਜੇਠੇ ਮੰਗਲਵਾਰ ਨੂੰ ਮਹੀਨਾਵਾਰ ਭੰਡਾਰਾ ਕਰਵਾਇਆ

**ਫਗਵਾੜਾ (ਰਮਨ ਸ਼ਰਮਾ)** ਵਿਸ਼ਵ ਹਿੰਦੂ ਸੰਘ ਦੇ ਵਪਾਰਕ ਵਿੰਗ ਦੇ ਮੁਖੀ ਮੁਨੀਸ਼ ਸਿੰਗਲਾ (ਰੌਕੀ) ਵੱਲੋਂ ਜੇਠੇ ਮੰਗਲਵਾਰ ਨੂੰ ਮਹੀਨਾਵਾਰ ਭੰਡਾਰਾ ਅਤੇ ਠੰਡੇ-ਮਿੱਠੇ ਜਲ ਦੀ ਛਬੀਲ ਦਾ ਆਯੋਜਨ ਮਹਾਰਾਜਾ ਅਗਰਸੇਨ ਭਵਨ ਅਤੇ ਮਾਤਾ ਲਕਸ਼ਮੀ ਦੇਵੀ ਮੰਦਰ, ਜੀ.ਟੀ. ਰੋਡ ਫਗਵਾੜਾ ਵਿਖੇ ਕੀਤਾ ਗਿਆ। ਪੀਐਸਪੀਸੀਐਲ ਦੇ ਐਸਡੀਓ ਅਮਰਪ੍ਰੀਤ ਸਿੰਘ ਨੇ ਭੰਡਾਰੇ ਦਾ ਉਦਘਾਟਨ ਕੀਤਾ ਅਤੇ ਸੇਵਾ ਵੀ ਕੀਤੀ। ਇਸ ਮੌਕੇ ਵਿਸ਼ਵ ਹਿੰਦੂ ਸੰਘ ਦੇ ਕੌਮੀ ਪ੍ਰਧਾਨ ਅਜੈ ਮਹਿਤਾ, ਕੌਮੀ ਜਨਰਲ ਸਕੱਤਰ ਅਨਿਲ ਗੋਇਲ, ਜ਼ਿਲ੍ਹਾ ਪ੍ਰਧਾਨ ਰਮਨ ਨਹਿਰਾ, ਦਿਹਾਤੀ ਪ੍ਰਧਾਨ ਜਤਿੰਦਰ ਕੌਸਲ ਬੱਬੀ ਅਤੇ ਅਗਰਵਾਲ ਸਭਾ ਫਗਵਾੜਾ ਦੇ ਸੀਨੀਅਰ ਮੀਤ ਪ੍ਰਧਾਨ ਸ਼ਿਵ ਕੁਮਾਰ ਅਗਰਵਾਲ ਨੇ ਸ਼ਿਰਕਤ ਕੀਤੀ। ਇਸ ਮੌਕੇ ਬੱਚਿਆਂ ਨੂੰ ਬਿਸਕੁਟ ਅਤੇ ਚਾਕਲੇਟ ਵੀ ਵੰਡੇ ਗਏ ਅਤੇ ਰਾਹਗੀਰਾਂ ਨੂੰ ਬੜੇ ਪਿਆਰ ਨਾਲ ਬੈਠ ਕੇ ਲੰਗਰ ਛਕਾਇਆ ਗਿਆ ਅਤੇ ਠੰਡਾ ਜਲ ਪਿਲਾਇਆ ਗਿਆ। ਭੰਡਾਰੇ ਵਿੱਚ ਹਲਵਾ ਪ੍ਰਸਾਦ ਵੀ ਵੰਡਿਆ ਗਿਆ। ਭੰਡਾਰੇ ਵਿੱਚ ਸੋਨੂੰ ਭਾਰਦਵਾਜ, ਬਬਲੂ, ਤਿਲਕੀ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜਰ ਸਨ।

## ਸਵੱਛਤਾ ਸੇਵਾ ਪੱਖਵਾੜਾ 2 ਤੱਕ ਮਨਾਇਆ ਜਾਵੇਗਾ : ਪੰਚਾਲ

**ਫਗਵਾੜਾ (ਰਮਨ ਸ਼ਰਮਾ , ਜਸਵਿੰਦਰ ਢੱਡਾ)**- ਨਗਰ ਨਿਗਮ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਆਈ.ਏ.ਐੱਸ. ਵੱਲੋਂ ਪਿਛਲੇ ਦਿਨੀਂ ਸ਼ੁਰੂ ਕੀਤੀ ਸਵੱਛਤਾ ਹੀ ਸੇਵਾ ਜਾਗਰੂਕਤਾ ਰੈਲੀ ਦੀ ਲੜੀ ਵਿੱਚ ਨਗਰ ਨਿਗਮ ਫਗਵਾੜਾ ਵੱਲੋਂ 02 ਅਕਤੂਬਰ 2023 ਤੱਕ ਪਖਵਾੜਾ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਰੋਜ਼ਾਨਾ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਸਵੱਛਤਾ ਹੀ ਸੇਵਾ ਪਖਵਾੜਾ ਅਧੀਨ ਪੰਚਾਲ ਨੇ ਦੱਸਿਆ ਕਿ ਸਫ਼ਾਈ ਮਿੱਤਰਾ ਸੁਰੱਖਸ਼ਾ ਸ਼ਿਵਰ ਅਧੀਨ ਉਨ੍ਹਾਂ ਵੱਲੋਂ ਨਗਰ ਨਿਗਮ ਦੇ ਸਫ਼ਾਈ ਕਰਮਚਾਰੀਆਂ ਨੂੰ ਤਕਰੀਬਨ 313 ਰਿਫਲੈਕਟਿੰਗ ਜੈਕੇਟਸ ਵੰਡੀਆਂ ਗਈਆਂ ਤਾਂ ਜੋ ਉਨ੍ਹਾਂ ਦੇ ਕੰਮ ਦੇ ਦੌਰਾਨ ਉਨ੍ਹਾਂ ਦੀ ਸੇਫ਼ਟੀ ਦਾ ਅਹਿਮ ਖਿਆਲ ਰੱਖਿਆ ਜਾ ਸਕੇ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਅਧੀਨ ਨਗਰ ਨਿਗਮ ਦੀ ਟੀਮ ਵੱਲੋਂ ਟਾਊਨ ਹਾਲ ਵਿੱਚ ਸਥਿੱਤ ਗਾਂਧੀ ਪਾਰਕ ਦੇ ਸੁੰਦਰੀਕਰਨ ਲਈ 30 ਬੂਟੇ ਲਗਾਏ ਗਏ ਅਤੇ ਐਸ.ਡੀ. ਪੁੱਤਰੀ ਪਾਠਸ਼ਾਲਾ, ਹਦੀਆਬਾਦ ਸਕੂਲ ਵਿੱਚ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਵੱਛਤਾ ਹੀ ਸੇਵਾ ਸਬੰਧੀ ਜਾਗਰੂਕ ਕੀਤਾ ਗਿਆ।

## 'ਰੱਬ ਹੀ ਰਾਖਾ ਹੈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਜ ਦਾ'



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭਾਵੇਂ ਸਕੂਲਾਂ ਦੀ ਕਾਇਆਕਲਪ ਕਰਨ ਅਤੇ ਸਕੂਲ ਆਫ ਐਮੀਨੈਂਸ ਖੋਲ੍ਹ ਕੇ ਸਿੱਖਿਆ ਖੇਤਰ 'ਚ ਸੁਧਾਰ ਕਰਨ ਦੇ ਲੱਖ ਦਾਅਵੇ ਕੀਤੇ ਜਾ ਰਹੇ ਹਨ, ਮਗਰ ਇਸ ਸਭ ਦੇ ਬਾਵਜੂਦ ਸਕੂਲਾਂ 'ਚ ਸਿੱਖਿਆ ਮਾਹੌਲ ਦੀ ਅਸਲ ਤਸਵੀਰ ਕੁਝ ਹੋਰ ਹੀ ਬਿਆਨ ਕਰਦੀ ਹੈ। ਇਸਦੀ ਅਹਿਮ ਉਦਾਹਰਣ ਖੇਤਰ ਦੇ ਸਭ ਤੋਂ ਪੁਰਾਣੇ ਅਤੇ ਪ੍ਰਮੁੱਖ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਜ ਤੋਂ ਸਹਿਜੇ ਹੀ ਮਿਲ ਜਾਂਦੀ ਹੈ ਜਿੱਥੇ ਸਕੂਲ ਦੇ ਪ੍ਰਿੰਸੀਪਲ ਸਹਿਤ ਮਹੱਤਵਪੂਰਣ ਵਿਸ਼ਿਆਂ ਦੇ ਅਧਿਆਪਕਾਂ ਦੇ ਕਰੀਬ 16 ਪਦ ਬੀਤੇ ਲੰਬੇ ਸਮੇਂ ਤੋਂ ਖਾਲੀ ਪਏ ਹੋਏ ਹਨ, ਜਿਸ ਤਰਫ ਸਿੱਖਿਆ ਤੰਤਰ ਵੱਲੋਂ ਧਿਆਨ ਦੇਣ ਦੀ ਜਹਿਮਤ ਨਾ ਉਠਾਉਣ 'ਤੇ ਕਿਸੀ ਸਮੇਂ 750 ਬੱਚਿਆਂ ਦੀ ਸੰਖਿਆ ਵਾਲੇ ਸਕੂਲ 'ਚ ਇਸ ਸਮੇਂ ਬੱਚਿਆਂ ਦੀ ਗਿਣਤੀ ਘਟ ਕੇ ਕਰੀਬ 400 ਰਹਿ ਗਈ ਹੈ। ਇਸ ਅਣਦੇਖੀ ਦਾ ਸਭ ਤੋਂ ਵੱਧ ਖਾਮਿਆਜਾ ਸਿੱਧੇ ਤੌਰ 'ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਸਮੁੱਚੇ ਵਰਤਾਰੇ ਤੋਂ ਖਫਾ ਗ੍ਰਾਮ ਪੰਚਾਇਤ ਝੱਜ ਅਤੇ ਪਿੰਡ ਦੇ ਮੋਹਤਵਾਰ ਸੱਜਣਾਂ ਸਹਿਤ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਸਕੂਲ ਸਟਾਫ ਨਾਲ ਮੁਲਾਕਾਤ ਕਰਕੇ ਸਮੁੱਚੇ ਅੰਕੜੇ ਹਾਸਿਲ ਕੀਤੇ।. ਸਕੂਲ ਪਹੁੰਚੇ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਜੇ ਕੁਮਾਰ, ਬਲਦੇਵ ਸਿੰਘ, ਸਤਨਾਮ ਸਿੰਘ ਝੱਜ, ਰਘਵੀਰ ਸਿੰਘ ਝੱਜ, ਤਰਲੋਕ ਚੰਦ, ਰਾਮ ਕੁਮਾਰ, ਸੰਤੋਖ ਸਿੰਘ, ਸੁਖਦੇਵ ਕੁਮਾਰ, ਜੋਤ, ਲਖਵਿੰਦਰ ਸਿੰਘ, ਰਾਮ ਰਤਨ, ਪਿਆਰਾ ਸਿੰਘ ਅਤੇ ਸੰਜੀਵ ਕੁਮਾਰ ਨੇ ਦੱਸਿਆ ਕਿ ਸਕੂਲ 'ਚ ਪ੍ਰਿੰਸੀਪਲ ਦਾ ਅਹੁਦਾ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਖਾਲੀ ਹੈ। ਇਸ ਦਰਮਿਆਨ ਇਕ ਮਹੀਨੇ ਲਈ ਅਹੁਦਾ ਸੰਭਾਲਣ ਵਾਲੀ ਮਹਿਲਾ ਪ੍ਰਿੰਸੀਪਲ ਦੇ ਬਦਲੀ ਕਰਵਾ ਕੇ ਜਾਣ ਤੋਂ ਬਾਅਦ ਵੀ ਸਕੂਲ 'ਚ 3 ਮਹੀਨਿਆਂ ਤੋਂ ਕੋਈ ਪ੍ਰਿੰਸੀਪਲ ਤੈਨਾਤ ਨਹੀਂ ਕੀਤਾ ਗਿਆ। ਜਦਕਿ ਸਕੂਲ ਦਾ ਚਾਰਜ ਬਲਾਕ ਨਾਡਲ ਅਫਸਰ ਤੇ ਕਾਹਨਪੁਰ ਖੂਹੀ ਸਕੂਲ ਦੇ ਪ੍ਰਿੰਸੀਪਲ ਅਨਿਲ ਕੁਮਾਰ ਜੋਸ਼ੀ ਨੂੰ ਸੌਂਪਿਆ ਗਿਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਉਕਤ ਤੋਂ ਇਲਾਵਾ ਗਣਿਤ, ਕੈਮਿਸਟਰੀ, ਬਾਇਓਲਾਜੀ ਅਤੇ ਫਿਜਿਕਸ ਵਰਗੇ ਮਹੱਤਵਪੂਰਣ ਵਿਸ਼ਿਆਂ ਦੇ ਲੈਕਚਰਾਰਾਂ ਦੇ ਅਹੁਦੇ ਖਾਲੀ ਹੋਣ ਕਾਰਨ ਸਕੂਲ 'ਚ ਚੱਲ ਰਿਹਾ ਸਾਇੰਸ ਦਾ ਨਾਨ-ਮੈਡੀਕਲ ਅਤੇ ਮੈਡੀਕਲ ਗਰੁੱਪ ਵੀ ਅਧਿਆਪਕਾਂ ਦੀ ਘਾਟ ਕਾਰਨ ਇਸ ਵਾਰ ਕਿਸੀ ਵੀ ਬੱਚੇ ਵੱਲੋਂ ਦਾਖਲਾ ਨਾ ਲੈਣ ਕਾਰਨ ਬੰਦ ਹੋ ਕੇ ਰਹਿ ਗਿਆ ਹੈ, ਜਦਕਿ 6 ਵੋਕੇਸ਼ਨਲ ਅਧਿਆਪਕਾਂ ਦੇ ਪਦ ਖਾਲੀ ਹੋਣ ਕਾਰਨ ਵੋਕੇਸ਼ਨਲ ਗਰੁੱਪ ਕਦੇ ਚੱਲਿਆ ਹੀ ਨਹੀਂ ਹੈ। ਉਕਤ ਅਧਿਆਪਕਾਂ ਤੋਂ ਇਲਾਵਾ ਲੈਕਚਰਾਰ ਪੰਜਾਬੀ, ਲੈਕਚਰਾਰ ਹਿਸਟਰੀ, ਲੈਕਚਰਾਰ ਪੋਲੀਟੀਕਲ ਸਾਇੰਸ, ਸਮਾਜਿਕ ਸਿੱਖਿਆ ਅਤੇ ਆਰਟ ਐਂਡ ਕਰਾਫਟ ਅਧਿਆਪਕ ਸਹਿਤ ਕੁੱਲ੍ਹ 16 ਅਧਿਆਪਕਾਂ ਦੇ ਪਦ ਖਾਲੀ ਹਨ। ਇਸਦੇ ਨਾਲ ਹੀ ਸਕੂਲ 'ਚ ਚੌਕੀਦਾਰ ਦਾ ਵੀ ਪਦ ਖਾਲੀ ਹੈ . ਜਿਸ ਕਾਰਨ ਸਕੂਲ 'ਚ ਚੋਰੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਇਨ੍ਹਾਂ ਸਮੁੱਚੇ ਹਾਲਾਤਾਂ ਸਬੰਧੀ ਪਿੰਡ ਵਾਸੀ ਸਿੱਖਿਆ ਮੰਤਰੀ ਦੇ ਵੀ ਧਿਆਨ 'ਚ ਉਕਤ ਸਕੂਲ ਦਾ ਮਾਮਲਾ ਲਿਆ ਚੁੱਕੇ ਹਨ, ਪਰ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਉਨ੍ਹਾਂ ਆਖਿਆ ਕਿ ਅਗਰ ਜਲਦ ਉਕਤ ਖਾਲੀ ਪਏ ਅਧਿਆਪਕਾਂ ਦੇ ਅਹੁਦਿਆਂ ਨੂੰ ਨਾ ਭਰਿਆ ਗਿਆ ਤਾਂ ਸਕੂਲ ਦੀ ਕੰਪਿਊਟਰ ਅਤੇ ਸਾਇੰਸ ਲੈਬ ਦੇ ਵੀ ਇੱਥੋਂ ਸ਼ਿਫਟ ਹੋਣ ਦਾ ਡਰ ਹੈ।

## ਕੁੱਲ ਹਿੰਦ ਕਿਸਾਨ ਸਭਾ ਪੰਜਾਬ ਵੱਲੋਂ ਖੇਤੀ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਉੱਪਰ ਸੂਬਾਈ ਵਰਕਸ਼ਾਪ



**ਚੰਡੀਗੜ੍ਹ**- ਕੁੱਲ ਹਿੰਦ ਕਿਸਾਨ ਸਭਾ ਪੰਜਾਬ ਵੱਲੋਂ ਖੇਤੀ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਉੱਪਰ ਸੂਬਾਈ ਵਰਕਸ਼ਾਪ ਬੀਤੇ ਦਿਨੀਂ ਜਥੇਬੰਦੀ ਦੇ ਦਫਤਰ ਅਜੈ ਭਵਨ ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿੱਚ ਪੰਜਾਬ ਭਰ ਵਿੱਚੋਂ ਜਥੇਬੰਦੀ ਨਾਲ ਸਬੰਧਤ ਆਗੂਆਂ ਨੇ ਹਿੱਸਾ ਲਿਆ। ਇਸ ਵਰਕਸ਼ਾਪ ਨੂੰ ਖੇਤੀ ਅਤੇ ਪੰਜਾਬ ਨਾਲ ਸਬੰਧਤ ਉੱਘੇ ਮਾਹਰਾਂ ਨੇ ਸੰਬੋਧਿਤ ਕੀਤਾ। ਇਸ ਦਾ ਉਦਘਾਟਨ ਪੰਜਾਬ ਏਟਕ ਦੇ ਪ੍ਰਧਾਨ ਬੰਤ ਬਰਾੜ ਨੇ ਕੀਤਾ। ਪਹਿਲੇ ਦਿਨ ਡਾ. ਰਣਜੀਤ ਸਿੰਘ ਘੁੰਮਣ ਨੇ ਆਪਣੇ ਸੰਬੋਧਨ ਅੰਦਰ 'ਪੰਜਾਬ ਅੰਦਰ ਹਰੀ ਕ੍ਰਾਂਤੀ ਦੌਰਾਨ ਅਤੇ ਬਾਅਦ' ਦੇ ਸਮਿਆਂ ਅੰਦਰ ਸਮਾਜ ਅਤੇ ਖੇਤੀ ਉੱਪਰ ਪਏ ਅਸਰ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਉਹਨਾਂ ਨੇ ਇਸ ਹਰੀ ਕ੍ਰਾਂਤੀ ਦੇ ਮਾਡਲ ਨਾਲ ਪੈਦਾ ਹੋਈਆਂ ਸਮੱਸਿਆਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਦੂਸਰੇ ਦਿਨ ਦੇ ਸੈਸ਼ਨ ਦੇ ਮੁੱਖ ਬੁਲਾਰੇ ਡਾ. ਕੇਸਰ ਸਿੰਘ ਭੰਗੂ ਨੇ ਆਪਣੇ ਵਿਸ਼ੇ 'ਖੇਤੀ ਸੰਕਟ ਕਾਰਨ ਅਤੇ ਹੱਲ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਪੰਜਾਬ ਅੰਦਰ ਹੋ ਰਹੀਆਂ ਖੁਦਕਸ਼ੀਆਂ ਦੇ ਕਾਰਨਾਂ ਦੀ ਵਿਸ਼ੇਸ਼ ਤੌਰ 'ਤੇ ਨਿਸ਼ਾਨਦੇਹੀ ਕਰਦਿਆਂ ਖੇਤੀ ਮਾਡਲ ਉੱਪਰ ਗੰਭੀਰ ਸਵਾਲ ਉਠਾਏ। ਇਸ ਦੇ ਹੱਲ ਸਬੰਧੀ ਉਹਨਾਂ ਨੇ ਕੇਂਦਰੀ ਅਤੇ ਸੂਬਾਈ ਖੇਤੀ ਨੀਤੀ ਦੀ ਅਣਹੋਂਦ ਨੂੰ ਮੁੱਖ ਸਵਾਲ ਦੇ ਤੌਰ 'ਤੇ ਉਭਾਰਿਆ। ਤੀਸਰੇ ਦਿਨ ਦੇ ਸੈਸ਼ਨ ਨੂੰ ਪੰਜਾਬ ਦੇ ਉੱਘੇ ਵਿਦਵਾਨ ਅਤੇ ਪੱਤਰਕਾਰ ਹਮੀਰ ਸਿੰਘ ਨੇ 'ਪੰਜਾਬ ਦੇ ਪਾਣੀਆਂ' ਬਾਰੇ ਤਰਕਸੰਗਤ ਵਿਚਾਰ ਪੇਸ਼ ਕੀਤੇ । ਉਹਨਾਂ ਨੇ ਪਾਣੀਆਂ ਦੇ ਸਵਾਲ ਉੱਪਰ ਦੇਸ਼ ਦੀ ਵੰਡ ਉਪਰੰਤ ਵੱਖ ਵੱਖ ਸਮੇਂ ਰਹੀਆਂ ਸਰਕਾਰਾਂ ਕੇਂਦਰ ਜਾਂ ਸੂਬਿਆਂ ਅੰਦਰ ਦੇ ਰੋਲ ਦਾ ਵਿਸ਼ੇਸ਼ ਜ਼ਿਕਰ ਕੀਤਾ! ਖਾਸ ਕਰਕੇ ਪੰਜਾਬ ਦੇ ਦਰਿਆਈ ਪਾਣੀਆਂ ਵੰਡ ਤੋਂ ਬਾਅਦ ਕੇਂਦਰ ਸਰਕਾਰ ਦੇ ਬੇਲੋੜੇ ਦਖਲ ਤੋਂ ਉਤਪੰਨ ਸਥਿਤੀ ਦੇ ਅੱਜ ਤੱਕ ਦੇ ਰੋਲ ਬਾਰੇ ਦੱਸਿਆ। ਅੱਜ ਦੀ ਸਥਿਤੀ ਵਿੱਚ ਪਾਣੀਆਂ ਦਾ ਮਸਲਾ ਗੰਭੀਰ ਚਰਚਾ ਦੀ ਮੰਗ ਕਰਦਾ ਹੈ। ਇਸ ਸਬੰਧੀ ਉਹਨਾਂ ਵੱਲੋਂ ਕਿਸਾਨ ਆਗੂਆਂ ਵੱਲੋਂ ਕੀਤੀ ਗਈ ਸ਼ੁਰੂਆਤ ਦਾ ਸਵਾਗਤ ਕੀਤਾ ਅਤੇ ਇਸ ਮਸਲੇ 'ਤੇ ਸਮੂਹ ਪੰਜਾਬੀਆਂ ਨੂੰ ਇਕੱਲੇ ਕਿਸਾਨਾਂ ਨੂੰ ਦੋਸ਼ ਦੇਣ ਤੋਂ ਬਚਣ ਦੀ ਅਪੀਲ ਕੀਤੀ। ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਕੇਂਦਰ ਸਰਕਾਰ ਵੱਲੋਂ ਕੌਮਾਂਤਰੀ ਕਨੂੰਨ ਰਿਪੇਰੀਅਨ ਸਿਧਾਂਤ ਨੂੰ ਲਾਗੂ ਨਾ ਕਰਕੇ ਵੱਖ ਵੱਖ ਅਵਾਰਡਾਂ ਰਾਹੀ ਪੰਜਾਬ ਦੇ ਹੱਕਾਂ ਉੱਪਰ ਮਾਰੇ ਜਾ ਰਹੇ ਡਾਕੇ ਬਾਰੇ ਦੱਸਿਆ। ਇਹਨਾਂ ਸੈਸ਼ਨਾਂ ਅੰਦਰ ਹਾਜਰ ਕਿਸਾਨ ਆਗੂਆਂ ਦੇ ਸਵਾਲਾਂ ਦੇ ਜਵਾਬ ਵੀ ਬੁਲਾਰਿਆ ਵੱਲੋਂ ਦਿੱਤੇ ਜਾਂਦੇ ਰਹੇ । ਇਸ ਤੋਂ ਇਲਾਵਾ ਜਥੇਬੰਦੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਅਤੇ ਸੂਬਾਈ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਜਥੇਬੰਦੀ ਦੇ ਇਤਿਹਾਸ ਸਬੰਧੀ ਵਿਸਥਾਰਪੂਰਵਕ ਚਾਨਣਾ ਪਾਇਆ। ਉਹਨਾਂ ਨੇ ਜਥੇਬੰਦੀ ਦੇ ਮੁਢਲੇ ਦੌਰ 1936 ਵਿੱਚ ਜਥੇਬੰਦੀ ਦੀ ਸਥਾਪਨਾ, ਮੁੱਢਲੇ ਆਗੂਆਂ ਅਤੇ ਉਹਨਾਂ ਦੀ ਅਗਵਾਈ ਹੇਠ ਲੜੇ ਗਏ ਸ਼ਾਨਦਾਰ ਅੰਦੋਲਨਾਂ ਦੀ ਜਾਣਕਾਰੀ ਦਿੱਤੀ।

ਖਾਸ ਕਰਕੇ ਪੰਜਾਬ ਅੰਦਰ ਜਥੇਬੰਦੀ ਦੀ ਅਗਵਾਈ ਹੇਠ ਲੜੀ ਗਈ ਮੁਜਾਰਾ ਲਹਿਰ ਅਤੇ ਖੁਸ਼ਹੈਸੀਅਤ ਟੈਕਸ ਦੇ ਮੋਰਚੇ ਦੇ ਦਿਨਾਂ ਨੂੰ ਯਾਦ ਕਰਦਿਆਂ ਜਥੇਬੰਦੀ ਦੇ ਆਗੂਆਂ ਕਾ. ਤੇਜਾ ਸਿੰਘ ਸੁਤੰਤਰ ਅਤੇ ਬਾਬਾ ਸੋਹਣ ਸਿੰਘ ਭਕਨਾ ਦੇ ਸ਼ਾਨਦਾਰ ਰੋਲ ਬਾਰੇ ਦੱਸਿਆ। ਜਥੇਬੰਦੀ ਦੇ ਆਗੂ ਕੁਲਵੰਤ ਸਿੰਘ ਮੌਲਵੀਵਾਲ ਅਤੇ ਲੱਖਬੀਰ ਸਿੰਘ ਨਿਜਾਮਪੁਰ ਨੇ ਜਥੇਬੰਦੀ ਦੇ ਖੇਤੀ ਕਨੂੰਨਾਂ ਵਿਰੁੱਧ ਲੜੀ ਗਈ ਸੰਯੁਕਤ ਕਿਸਾਨ ਮੋਰਚੇ ਦੇ ਨਾਂਅ ਹੇਠ ਸਾਂਝੀ ਲੜਾਈ ਅੰਦਰ ਜਥੇਬੰਦੀ ਦੇ ਰੋਲ ਬਾਰੇ ਚਰਚਾ ਕੀਤੀ। ਪੰਜਾਬ ਭਰ ਵਿੱਚੋਂ ਪਹੁੰਚੇ ਸਮੂੰਹ ਸਾਥੀਆਂ ਦਾ ਧੰਨਵਾਦ ਕਾ. ਹਰਦੇਵ ਅਰਸ਼ੀ ਨੇ ਕੀਤਾ।

## ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਤੇਹਿੰਗ ਵਿਖੇ ਹੋਈ ਮੀਟਿੰਗ



**ਫਿਲੌਰ (ਨਿਰਮਲ)**-ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਮੀਟਿੰਗ ਪਿੰਡ ਤੇਹਿੰਗ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਰਾਮ ਕਿਸਨ,ਮਹਿੰਦਰ ਪਾਲ, ਮਾਸਟਰ ਹਰਕਮਲ ਸਿੰਘ,ਪ੍ਰੇਮ ਬਹਾਦਰ, ਕੁਲਦੀਪ ਸਿੰਘ,ਹਰਦੀਪ ਸਿੰਘ,ਬਲਦੇਵ ਸਿੰਘ,ਤੀਰਥ ਜੌਹਲ ਨੇ ਕੀਤੀ। ਮੀਟਿੰਗ ਵਿਚ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੇ ਆਗੂ ਜਰਨੈਲ ਫਿਲੌਰ,ਵਿਸ਼ਾਲ ਖਹਿਰਾ,ਮਾ: ਹੰਸ ਰਾਜ ਅਤੇ ਪਰਸਸ਼ਤਮ ਫਿਲੌਰ ਸ਼ਾਮਿਲ ਹੋਏ । ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਦੇਸ਼ ਦੀਆਂ ਸਿਹਤ ਸਹੂਲਤਾਂ ਦਾ ਪਾਜ ਨਿਕਲਿਆ ਪਿਆ ਹੈ ਤੇ ਸੂਬੇ ਦੀ ਸਰਕਾਰ ਆਮ ਲੋਕਾਂ ਨੂੰ ਬੇਵਕੂਫ ਬਣਾਉਣ ਦਾ ਲਗਾਤਾਰ ਯਤਨ ਕਰ ਰਹੀ ਹੈ । ਡਿਸਪੈਂਸਰੀਆਂ ਬੰਦ ਕਰਕੇ ਮੁਹੱਲਾ ਕਲੀਨਿਕ ਖੋਲ੍ਹੇ ਜਾ ਰਹੇ ਹਨ ਤੇ ਸਰਕਾਰੀ ਹਸਪਤਾਲਾਂ ਦੇ ਹਾਲਾਤ ਬਹੁਤ ਜਿਆਦਾ ਬੱਦਤਰ ਹਨ। ਆਗੂਆਂ ਨੇ ਲੋਕਾਂ ਨੂੰ ਫਿਲੌਰ ਸਿਵਲ ਹਸਪਤਾਲ ਨੂੰ ਬਚਾਉਣ ਲਈ 2 ਅਕਤੂਬਰ ਨੂੰ ਵੱਡੀ ਗਿਣਤੀ ਵਿੱਚ ਆਉਣ ਦੀ ਅਪੀਲ ਕੀਤੀ।

## ਹਰਿਆਣਾ ਖੇਡਾਂ ਦੇ ਖੇਤਰ 'ਚ ਬਣਿਆ ਸਿਰਮੌਰ : ਦੁਸ਼ਯੰਤ ਚੌਟਾਲਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਖਿਡਾਰੀਆਂ ਦੇ ਹਿਤ 'ਚ ਕਈ ਮਹੱਤਵਪੂਰਨ ਕਦਮ ਚੁੱਕੇ ਹਨ ਜਿਸ ਦੀ ਬਦੌਲਤ ਹਰਿਆਣਾ ਖੇਡ ਦੇ ਖੇਤਰ ਵਿਚ ਸਿਰਮੌਰ ਬਣਿਆ ਹੋਇਆ ਹੈ। ਡਿਪਟੀ ਮੁੱਖ ਮੰਤਰੀ ਨਵੀਂ ਦਿੱਲੀ ਸਥਿਤ ਆਪਣੇ ਆਵਾਸ 'ਤੇ ਕੌਮੀ ਮਹਿਲਾ ਹੈਂਡਬਾਲ ਟੀਮ ਦੇ ਮੈਂਬਰਾਂ ਨਾਲ ਗੱਲ ਕਰ ਰਹੇ ਸਨ। ਇਸ ਮੌਕੇ ਹੈਂਡਬਾਲ ਫੈਡਰੇਸ਼ਨ ਆਫ ਇੰਡਿਆ ਦੇ ਚੇਅਰਮੈਨ ਦਿਗਵਿਜੈ ਸਿੰਘ ਚੌਟਾਲਾ ਨੇ ਡਿਪਟੀ ਮੁੱਖ ਮੰਤਰੀ ਨਾਲ ਸਾਰੇ ਖਿਡਾਰੀਆਂ ਦਾ ਪਰਿਚੈ ਕਰਵਾਇਆ। ਇਹ ਕੌਮੀ ਮਹਿਲਾ ਹੈਂਡਬਾਲ ਟੀਮ ਚੀਨ ਵਿੱਚ ਹੋਣ ਵਾਲੇ ਏਸ਼ਿਆਈ ਗੇਮਸ ਵਿਚ ਸ਼ਿਰਕਤ ਕਰਨ ਜਾ ਰਹੀ ਹੈ। ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਹੈਂਡਬਾਲ ਟੀਮ ਦੇ ਖਿਡਾਰੀਆਂ ਨੂੰ ਏਸ਼ਿਆਈ ਗੇਮਸ ਦੇ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸੂਬਾ ਸਰਕਾਰ ਸੂਬੇ ਵਿਚ ਖੇਡਾਂ ਨੂੰ ਪ੍ਰੋਤਸਾਹਨ ਦੇ ਰਹੀ ਹੈ। ਸਰਕਾਰ ਖਿਡਾਰੀਆਂ ਨੂੰ ਕਈ ਸਹੂਲਤਾਂ ਉਪਲਬਧ ਕਰਵਾ ਕਰੇ ਉਨ੍ਹਾਂ ਦੇ ਖੇਡਾਂ ਨੂੰ ਤਰਾਸ਼ਨ ਦਾ ਕੰਮ ਕਰ ਰਹੀ ਹੈ। ਅੱਜ ਖੇਡ ਜਗਤ ਵਿਚ ਹਰਿਆਣਾ ਦਾ ਵੱਡਾ ਨਾਂਅ ਹੈ। ਸਾਡੇ ਯੁਵਾ ਵੱਡੀ ਉਪਲਬਧੀਆਂ ਪ੍ਰਾਪਤ ਕਰ ਦੇਸ਼-ਸੂਬੇ ਦਾ ਨਾਂਅ ਰੋਸ਼ਨ ਕਰ ਰਹੇ ਹਨ। ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਨੇੜੇ ਪੁਰਸਕਾਰ ਦੇਣ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਅਵਾਰਡ ਪਾਉਣ ਵਾਲੇ ਖਿਡਾਰੀਆਂ ਨੂੰ ਮਹੀਨਾਵਾਰ ਮਾਣਭੱਤਾ ਵੀ ਦਿੱਤਾ ਜਾਂਦਾ ਹੈ।

## ਮਾਨ ਨੇ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਫਗਵਾੜਾ (ਡਾ. ਰਮਨ)** ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਹੁਸ਼ਿਆਰਪੁਰ ਰੋਡ 'ਤੇ ਸਥਿਤ ਫਗਵਾੜਾ ਦੀ ਮੁੱਖ ਅਨਾਜ ਮੰਡੀ ਵਿਖੇ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ਮਾਰਕੀਟ ਕਮੇਟੀ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਰੂਰੀ ਹਦਾਇਤਾਂ ਵੀ ਦਿੱਤੀਆਂ। ਖਰੀਦ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮਾਨ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਕਿਸਾਨਾਂ ਲਈ ਬਹੁਤ ਵਧੀਆ ਖਰੀਦ ਪ੍ਰਬੰਧ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਬਾਰਦਾਨੇ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ ਅਤੇ ਫ਼ਸਲ ਦੀ ਢੇਰੀ ਲਈ ਲੋੜੀਂਦੇ ਸ਼ੈਡ, ਲਿਫਟਿੰਗ ਲਈ ਮਜ਼ਦੂਰ ਅਤੇ ਕਿਸਾਨਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਆਪਣੀ ਫ਼ਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਨਮੀ ਰਹਿਤ ਸਥਿਤੀ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਆਪਣੀ ਫ਼ਸਲ ਦਾ ਪੂਰਾ ਮੁੱਲ ਮਿਲ ਸਕੇ। ਇਸ ਮੌਕੇ ਦਲਬੀਰ ਸਿੰਘ ਸਕੱਤਰ ਮਾਰਕੀਟ ਕਮੇਟੀ, ਆੜ੍ਹਤੀ ਹੁਸਨ ਸਿੰਘ ਘੁੰਮਣ, ਆਪ ਆਗੂ ਦਲਜੀਤ ਸਿੰਘ ਰਾਜੂ, ਨਰੇਸ਼ ਸ਼ਰਮਾ, ਹਰਮੇਸ਼ ਪਾਠਕ, ਵਰੁਣ ਬੰਗੜ ਚੱਕ ਹਕੀਮ, ਗੁਰਦੀਪ ਸਿੰਘ ਤੁਲੀ, ਮਨਪ੍ਰੀਤ ਸਿੰਘ, ਰਣਜੀਤ ਪਾਬਲਾ ਅਤੇ ਪੱਪੀ ਖਾਟੀ ਆਦਿ ਹਾਜ਼ਰ ਸਨ।

## ਬਾਬਾ ਵਿਸ਼ਵਕਰਮਾ ਮੋਟਰ ਮਾਰਕੀਟ ਚੌਕ ਦਾ ਸੂਚਨਾ ਬੋਰਡ ਸਥਾਪਤ




**ਹੁਸ਼ਿਆਰਪੁਰ, (ਓ ਪੀ ਰਾਣਾ )**-ਕਿਰਤੀ ਵਰਗ ਦੇ ਭਗਵਾਨ ਵੱਜੋਂ ਪੂਜੇ ਜਾਂਦੇ ਬਾਬਾ ਵਿਸ਼ਵਕਰਮਾ ਜੀ ਦੀ ਯਾਦ ਵਿੱਚ ਬਾਬਾ ਵਿਸ਼ਵਕਰਮਾ ਮੋਟਰ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਬਿਕਰਮਜੀਤ ਸਿੰਘ ਕਲਸੀ ਸਾਬਕਾ ਕੌਂਸਲਰ ਦੀ ਅਗਵਾਈ ਹੇਠ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਰੋਡ ਟਾਂਡਾ ਬਾਈਪਾਸ ਹੁਸ਼ਿਆਰਪੁਰ ਵਿਖੇ ਬਾਬਾ ਵਿਸ਼ਵਕਰਮਾ ਮੋਟਰ ਮਾਰਕੀਟ ਚੌਕ ਦਾ ਨਾਮਕਰਣ ਕੀਤਾ ਗਿਆ ਅਤੇ ਇਸ ਸੰਬੰਧੀ ਸੂਚਨਾ ਬੋਰਡ ਸਥਾਪਿਤ ਕੀਤਾ ਗਿਆ। ਬਿਕਰਮਜੀਤ ਸਿੰਘ ਕਲਸੀ ਸਾਬਕਾ ਕੌਂਸਲਰ ਨੇ ਦੱਸਿਆ ਕਿ ਕਿਰਤੀਆਂ ਦੇ ਭਗਵਾਨ ਬਾਬਾ ਵਿਸ਼ਵਕਰਮਾ ਜੀ ਦੀ ਯਾਦ ਸਮੂੰਹ ਮੋਟਰ ਵਰਕਸ਼ਾਪ ਦੇ ਮਾਲਕਾਂ ਅਤੇ ਸਟਾਫ ਵੱਲੋਂ ਭਗਵਾਨ ਵਿਸ਼ਵਕਰਮਾ ਜੀ ਯਾਦ ਵਿੱਚ ਇਸ ਚੌਕ ਦੀ ਸਥਾਪਨਾ ਕੀਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਨੀਲਾ, ਤਾਰਾ ਸਿੰਘ, ਗੁਰਦੀਪ ਸਿੰਘ ਫਲੋਰਾ,ਦਲਜੀਤ ਸਿੰਘ ਭਾਰਤ,ਰਣਜੀਤ ਸਿੰਘ, ਮਨੋਹਰ ਲਾਲ,ਅਰੁਣ ਕੁਮਾਰ, ਰਿੱਕੀ, ਜਸਵਿੰਦਰ ਸਿੰਘ,ਭੀਮਾ, ਗੌਰਵ ਆਦਿ ਹਾਜ਼ਰ ਸਨ।

# ਗੱਜਰ ਵਿਖੇ 161ਵਾਂ ਸਾਲਾਨਾ ਛਿੰਝ ਮੇਲਾ ਭਲਕੇ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਪਿੰਡ ਗੱਜਰ ਵਿਖੇ 161ਵਾਂ ਸਾਲਾਨਾ ਛਿੰਝ ਮੇਲਾ ਸਮੂਹ ਪਿੰਡ ਨਿਵਾਸੀਆਂ ਦੇ ਭਰਪੂਰ ਸਹਿਯੋਗ ਸਦਕਾ 23 ਸਤੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਜਨ ਬੀਟਨ ਸਾਬਕਾ ਸਰਪੰਚ ਅਤੇ ਚੰਚਲ ਕੁਮਾਰ ਸਾਬਕਾ ਸਰਪੰਚ ਨੇ ਦੱਸਿਆ ਕਿ ਇੱਕ ਨੰਬਰ ਝੰਡੀ ਦੀ ਕੁਸ਼ਤੀ 16ਵੀਂ ਵਾਰ ਵੀ ਬੀਟਨ ਪਰਵਾਰ ਵੱਲੋਂ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ ਜੱਸਾ ਪੱਟੀ, ਬਾਬਾ ਫਰੀਦ, ਘੋੜਾ ਮਾਮੂਪੁਰ, ਪਲਿੰਦਰ ਜਖੇਵਲ, ਸਿਕੰਦਰ ਮਹਾਂਰਾਸਟਰ ਮੁੱਲਾਪੁਰ, ਮੇਜਰ ਡੇਰਾ ਬਾਬਾ ਨਾਨਕ, ਨਵਜੋਤ ਗੱਜਰ, ਹੋਡੀ ਇਰਾਨੀ ਮੁੱਲਾਪੁਰ, ਰੋਜੀ ਆਰ ਸੀ ਐਫ ਕਪੂਰਥਲਾ, ਰਾਜੂ ਰਈਏਵਾਲ, ਪ੍ਰਦੀਪ ਜੀਰਕਪੁਰ, ਨਰਿੰਦਰ ਝੰਜੇੜੀ, ਰਿੰਕੂ ਹਾਜੀਪੁਰ, ਮਿਰਜਾ ਈਰਾਨ ਮੂਲਾਪੁਰ, ਗੋਪੀ ਲੀਲਾ, ਜੋਂਟੀ ਗੁੱਜਰ ਆਦਿ ਨਾਮਵਰ ਪਹਿਲਵਾਨ ਹਿੱਸਾ ਲੈਣਗੇ ਅਸ਼ਵਨੀ ਮੱਲਦਾ, ਸਰਬਜੀਤ ਲੱਡੂ ਮੱਲਦਾ ਵੱਲੋਂ ਕੋਲਡ ਡਰਿੰਕਸ ਦੀ ਸੇਵਾ ਕੀਤੀ ਜਾਵੇਗੀ। ਗੁਰੂ ਕਾ ਲੰਗਰ ਅਤੇ ਬਦਾਮਾਂ ਵਾਲਾ ਦੁੱਧ ਅਤੁੱਟ ਵਰਤੇਗਾ ਆਕਾਸ ਗੋਰਸੀ, ਸੰਨੀ ਬਜਾੜ, ਮਨਜੀਤ ਗੋਰਸੀ ਅਤੇ ਸਰਬਜੀਤ ਗੋਰਸੀ ਆਰਮੀ ਦੇ ਨੌਜਵਾਨਾਂ ਵੱਲੋਂ 41000 ਦਾ ਯੋਗਦਾਨ ਪਾਇਆ ਗਿਆ ਹੈ। ਸਮਾਗਮ ਦੇ ਮੁੱਖ ਮਹਿਮਾਨ ਜੈ ਕ੍ਰਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਪੰਜਾਬ ਸਰਕਾਰ ਅਤੇ ਵਿਧਾਇਕ ਹਲਕਾ ਗੜ੍ਹਸੰਕਰ ਹੋਣਗੇ ਗੁਰਦੀਪ ਬ੍ਰਾਹਮਣਵਾਲ ਦਾ ਵਿਸੇਸ ਸਨਮਾਨ ਕੀਤਾ ਜਾਵੇਗਾ ਇਸ ਛਿੰਝ ਮੇਲੇ ਵਿਚ ਸਵਰਗੀ ਗੁਰਮੇਲ ਬੀਟਨ ਅਤੇ ਸਵਰਗੀ ਪਹਿਲਵਾਨ ਗੋਲਡੀ ਨੂੰ ਵੀ ਵਿਸੇਸ ਤੌਰ ਤੇ ਯਾਦ ਕੀਤਾ ਜਾ ਰਿਹਾ ਹੈ। ਡਾਕਟਰ ਗੌਰਵ ਕਲੀਨਿਕ ਪਿੰਡ ਗੋਗੋ ਦਾ ਵੀ ਇਸ ਸਮਾਗਮ ਵਿੱਚ ਵਿਸੇਸ ਯੋਗਦਾਨ ਹੈ। ਛਿੰਝ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਪਿੰਡ ਗੱਜਰ ਵੱਲੋਂ ਇਲਾਕਾ ਨਿਵਾਸੀਆਂ ਨੂੰ ਇਸ ਮੇਲੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

## ਨਵੇਂ ਬੂਟੇ ਲਗਾਏ ਗਏ ਤੇ ਦੇਖ-ਭਾਲ ਕੀਤੀ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**—ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸੁਸ਼ੀਲ ਕੁਮਾਰ ਅੱਤਰੀ ਨੇ ਕਿਹਾ ਕਿ ਸੁਸਾਇਟੀ ਵਲੋਂ ਪ੍ਰਿੰਸੀਪਲ ਅਸ਼ੋਕ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਤਿੰਨ ਸਾਲ ਪਹਿਲਾਂ ਆਰ ਕੇ ਆਰੀਆ ਕਾਲਜ ਨੇੜੇ 51 ਬੂਟੇ ਲਗਾ ਕੇ ਉਹਨਾਂ ਦੇ ਆਲੇ-ਦੁਆਲੇ ਗਾਰਡ ਬਣਾ ਕੇ ਰੰਗ ਰੋਗਨ ਕਰਕੇ ਸਜਾਇਆ ਗਿਆ ਸੀ। ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੂਰ ਛੋਕਰਾਂ ਨੇ ਕਿਹਾ ਕਿ ਪ੍ਰਿੰਸੀਪਲ ਅਸ਼ੋਕ ਕੁਮਾਰ ਸ਼ਰਮਾ ਦੇ ਵਿਦੇਸ਼ੀ ਦੌਰਿਆਂ ਦੌਰਾਨ ਸਾਥੀਆਂ ਵਲੋਂ ਜਿਹੜੇ ਬੂਟੇ ਕਿਸੇ ਕਾਰਨ ਚੱਲ ਨਹੀਂ ਸਕੇ ਸਨ ਉਹਨਾਂ ਦੀ ਥਾਂ ਕਈ ਵਾਰ ਨਵੇਂ ਬੂਟੇ ਲਗਾਏ ਗਏ ਅਤੇ ਦੇਖ ਭਾਲ ਕੀਤੀ। ਇਸ ਸਮੇਂ ਅਸ਼ਵਨੀ ਕੁਮਾਰ, ਕੇਵਲ ਕ੍ਰਿਸ਼ਨ ਭਾਰਦਵਾਜ, ਸ਼੍ਰੀਮਤੀ ਸਰਿਤਾ ਸ਼ਰਮਾ, ਬੰਧਨਾਂ, ਰੰਜਨਾ, ਪਲਕ ਸ਼ਰਮਾ ਆਦਿ ਹਾਜ਼ਰ ਸਨ।

## ਮੋਹਾਲੀ ਨੂੰ ਪੰਜਾਬ ਦੇ 'ਸ਼ੋਅਕੇਸ ਵਿੰਡੋ' ਵਜੋਂ ਵਿਕਸਤ ਕੀਤਾ ਜਾ ਰਿਹਾ : ਅਮਨ ਅਰੋੜਾ



**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਦੇ ਨਵੇਂ ਅਤੇ ਨਵਿਆਉਣਯੋਗ, ਰੁਜ਼ਗਾਰ ਸਿਰਜਣ ਅਤੇ ਹੁਨਰ ਸਿਖਲਾਈ ਮੰਤਰੀ, ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਦਯੋਗਾਂ ਅਤੇ ਨਿਵੇਸਕਾਂ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਦੀ ਪਹਿਲਕਦਮੀ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਮੋਹਾਲੀ ਵਿਖੇ ਅਮਰੀਕਨ ਕੰਪਨੀ ਮੈਕਸਵੇਲ ਟੈਕਨਾਲੋਜੀ ਸੈਂਟਰ ਦੇ ਨਵੇਂ ਉੱਦਮ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ ਕੰਪਨੀ ਨੇ ਇੱਥੇ ਆਪਣਾ ਸਭ ਤੋਂ ਸਮਾਰਟ ਗ੍ਰੀਨ ਪ੍ਰੋਜੈਕਟ ਸੁਰੂ ਕਰਕੇ ਹੋਰਨਾਂ ਲਈ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ, ਜਿਸ ਨੇ ਸ਼ੁਰੂਆਤ ਵਿੱਚ 200 ਨੌਜਵਾਨਾਂ ਲਈ ਰੁਜਗਾਰ ਦੇ ਮੌਕੇ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਮੋਹਾਲੀ ਨੂੰ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਸੋਕੇਸ ਵਿੰਡੋ 'ਸੋਅਕੇਸ ਵਿੰਡੋ' ਵਜੋਂ ਵਿਕਸਤ ਕੀਤਾ ਜਾ ਰਿਹਾ ਹੈ, ਇਸ ਲਈ ਬਹੁਤ ਸਾਰੇ ਨਿਵੇਸਕ ਇੱਥੇ ਆਪਣੇ ਪ੍ਰੋਜੈਕਟ ਲਗਾਉਣ ਲਈ ਵੱਡੀ ਦਿਲਚਸਪੀ ਦਿਖਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮੈਕਸਵੇਲ ਰੀਅਲ ਅਸਟੇਟ, ਤਕਨਾਲੋਜੀ ਅਤੇ ਇੰਜੀਨੀਅਰਿੰਗ ਸੇਵਾਵਾਂ ਦੇ ਖੇਤਰ ਵਿੱਚ ਇੱਕ ਮੋਹਰੀ ਕੰਪਨੀ ਹੈ, ਜਿਸ ਦੇ ਬੇਲਾਪੁਰ (ਨਵੀ ਮੁੰਬਈ), ਹੈਦਰਾਬਾਦ ਅਤੇ ਕੋਚੀ ਵਿੱਚ ਪ੍ਰੋਜੈਕਟ ਦਫਤਰ ਹਨ। ਅਮਨ ਅਰੋੜਾ ਨੇ ਕਿਹਾ ਕਿ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਛੇਤੀ ਹੀ ਮੋਹਾਲੀ ਵਿਖੇ ਭਾਰਤ ਦੀ ਪਹਿਲੀ ਐਨਰਜੀ ਕੰਜ਼ਰਵੇਸ਼ਨ ਬਿਲਡਿੰਗ ਕੋਡ (ਈਸੀਬੀਸੀ) ਪਾਲਣਾ ਵਾਲੀ ਬਿਲਡਿੰਗ ਸਥਾਪਤ ਕਰਨ ਜਾ ਰਿਹਾ ਹੈ। ਇਸੇ ਤਰ੍ਹਾਂ ਸਾਰੇ ਸਰਕਾਰੀ ਦਫਤਰਾਂ ਨੂੰ ਵੀ ਊਰਜਾ ਦੀ ਬਚਤ ਲਈ ਸੋਲਰ ਰੂਫ ਪੈਨਲਾਂ ਨਾਲ ਲੈਸ ਕੀਤਾ ਜਾਵੇਗਾ। ਗ੍ਰੀਨ ਹਾਈਡ੍ਰੋਜਨ ਨੀਤੀ ਨੂੰ ਅਗਲੇ ਪੱਧਰ ਦੀ ਵਾਤਾਵਰਣ ਪੱਖੀ ਪਹਿਲਕਦਮੀ ਕਰਾਰ ਦਿੰਦੇ ਹੋਏ, ਨਵੇਂ ਅਤੇ ਨਵਿਆਉਣਯੋਗ ਸਰੋਤ ਮੰਤਰੀ ਨੇ ਕਿਹਾ ਕਿ ਅਸੀਂ ਅਗਲੇ ਦਿਨਾਂ ਵਿੱਚ ਰਾਜ ਦੀ ਗ੍ਰੀਨ ਹਾਈਡ੍ਰੋਜਨ ਨੀਤੀ ਨੂੰ ਅੰਤਿਮ ਰੂਪ ਦੇਣ ਜਾ ਰਹੇ ਹਾਂ, ਜੋ ਕਿ ਪੈਟਰੋਲ, ਡੀਜਲ ਵਰਗੇ ਰਵਾਇਤੀ ਈਂਧਨਾਂ ਦੀ ਖਪਤ ਨੂੰ ਘਟਾਏਗੀ ਤੇ ਪਰਾਲੀ ਸਾੜਨ ਦੀ ਸਮੱਸਿਆ ਦਾ ਬਿਹਤਰ ਬਦਲ ਸਾਬਤ ਹੋਵੇਗੀ।

ਮੈਕਸਵੇਲ ਟੈਕ ਸੈਂਟਰ ਦੇ ਐਮ.ਡੀ. ਬਲਬੀਰ ਸਿੰਘ ਖਹਿਰਾ ਨੇ ਇਸ ਪ੍ਰੋਜੈਕਟ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਹ ਪ੍ਰੋਜੈਕਟ ਉਨ੍ਹਾਂ ਦੇ ਸਵਰਗੀ ਪਿਤਾ ਕਰਨਲ ਦਇਆ ਸਿੰਘ ਖਹਿਰਾ ਦਾ ਵੱਡਾ ਸੁਪਨਾ ਸੀ ਜੋ ਪੀ.ਪੀ.ਐਸ. ਨਾਭਾ ਸਮੇਤ ਕਈ ਵਿਦਿਅਕ ਸੰਸਥਾਵਾਂ ਦੇ ਮੁਖੀ ਰਹੇ ਸਨ ਅਤੇ ਕੁੜੀਆਂ ਨੂੰ ਵਿਦਿਅਕ ਮੌਕੇ ਪ੍ਰਦਾਨ ਕਰਨ ਦੇ ਵੱਡੇ ਹਾਮੀ ਸਨ। ਉਨ੍ਹਾਂ ਕਿਹਾ ਕਿ ਨੀਂਹ ਪੱਥਰ ਰੱਖਣ ਦੀ ਰਸਮ ਉਨ੍ਹਾਂ ਦੇ ਸਵਰਗਵਾਸੀ ਪਿਤਾ ਵੱਲੋਂ ਅਦਾ ਕੀਤੀ ਗਈ ਸੀ, ਇਸ ਲਈ ਉਨ੍ਹਾਂ ਨੇ ਇਹ ਇਮਾਰਤ ਉਨ੍ਹਾਂ ਦੀ ਬਰਸੀ ਮੌਕੇ ਆਪਣੇ ਪਿਤਾ ਅਤੇ ਮਾਤਾ ਸਵਰਗੀ ਸੁਖਦੇਵ ਕੌਰ ਨੂੰ ਸਮਰਪਿਤ ਕੀਤੀ ਹੈ। ਉਹ ਇਸ ਪ੍ਰਾਜੈਕਟ ਦੀ ਮਾਰਫਤ ਆਪਣੇ ਛੋਟੇ ਭਰਾ ਹਰਪਿੰਦਰ ਖਹਿਰਾ ਨਾਲ ਮਿਲ ਕੇ ਬਿਲਡਿੰਗ ਆਟੋਮੇਸਨ ਉਤਪਾਦ ਅਤੇ ਹੱਲ, ਗ੍ਰੀਨ ਬਿਲਡਿੰਗ ਸਰਟੀਫਿਕੇਸਨ ਸੇਵਾਵਾਂ, ਸਿਵਲ ਇੰਜੀਨੀਅਰਿੰਗ ਸੇਵਾਵਾਂ, ਸੇਲਜ, ਮਾਰਕੀਟਿੰਗ ਅਤੇ ਚੈਨਲ ਇਨੇਬਲਮੈਂਟ ਸੌਫਟਵੇਅਰ ਅਤੇ ਰੀਅਲ ਅਸਟੇਟ ਮਾਰਕੀਟਿੰਗ ਅਤੇ ਲੀਜ ਸੇਵਾਵਾਂ ਦੇ ਖੇਤਰ ਵਿੱਚ ਲਗਭਗ 1000 ਨੌਜਵਾਨਾਂ ਨੂੰ ਇਸ ਉੱਦਮ ਨਾਲ ਜੋੜ ਕੇ ਲਈ ਉਨ੍ਹਾਂ ਲਈ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨਗੇ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ




**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਪੇਂਡੂ ਮਜ਼ਦੂਰ ਯੂਨੀਅਨ ਨੇ ਡੀ ਸੀ ਦਫਤਰ ਮੁਕਤਸਰ ਅੱਗੇ ਆਪਣੀਆਂ ਮੰਗਾਂ ਸਬੰਧੀ ਧਰਨਾ ਲਾਇਆ। ਇਸ ਮੌਕੇ ਗੱਲਬਾਤ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮੰਗਲ ਸਿੰਘ ਖੋਖਰ ਤੇ ਜਗਦੀਪ ਕੌਰ ਵੜਿੰਗ ਨੇ ਦੱਸਿਆ ਕਿ ਮਜ਼ਦੂਰਾਂ ਦੀਆਂ ਰੁਜ਼ਗਾਰ, ਦਿਹਾੜੀ ਦਾ ਵਾਧਾ, ਜ਼ਮੀਨੀ ਸੁਧਾਰ ਕਨੂੰਨ ਲਾਗੂ ਕਰਾਉਣ ਆਦਿ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਡੀ ਸੀ ਰਾਹੀਂ ਮੰਗ ਪੱਤਰ ਦਿੱਤਾ ਗਿਆ। ਇਸ ਦੇ ਨਾਲ ਹੀ ਸਥਾਨਕ ਪੱਧਰ ਦੇ ਮਸਲੇ ਜਿਵੇਂ ਪਿੰਡ ਪੱਕਾ ਕਾਲੇ ਵਾਲਾ ਵਿਖੇ ਬੰਦ ਪਿਆ ਮਨਰੇਗਾ ਦਾ ਕੰਮ ਚਾਲੂ ਕਰਾਉਣ ਦੀ ਮੰਗ ਵੀ ਰੱਖੀ ਗਈ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਲਖਵੰਤ ਕਿਰਤੀ ਨੇ ਕਿਹਾ ਕਿ ਦੇਸ਼ ਦੇ ਸੰਵਿਧਾਨ ਵਿੱਚ ਲੈਂਡ ਸੀਲਿੰਗ ਐਕਟ 1975 ਕਾਨੂੰਨ ਬਣਿਆ ਹੋਇਆ ਹੈ, ਜਿਸ ਤਹਿਤ ਸਾਡੇ ਸਤਾਰਾਂ ਏਕੜ ਤੋਂ ਵੱਧ ਮਾਲਕੀ ਵਾਲੀ ਜ਼ਮੀਨ ਬੇਜ਼ਮੀਨੇ ਲੋਕਾਂ ਵਿੱਚ ਵੰਡੀ ਜਾ ਸਕਦੀ ਹੈ, ਪਰ ਇਸ ਉੱਤੇ ਸੂਬਾ ਤੇ ਕੇਂਦਰ ਸਰਕਾਰ ਅਤੇ ਪ੍ਰਸ਼ਾਸਨ ਚੁੱਪ ਹਨ। ਜਿੱਥੇ ਬੇਜ਼ਮੀਨੇ ਮਜ਼ਦੂਰ ਨਰਕ ਭਰੀ ਜ਼ਿੰਦਗੀ ਹੰਢਾ ਰਹੇ ਹਨ, ਓਥੇ ਹੀ ਵੱਡੀਆਂ ਜ਼ਮੀਨਾਂ ਦੇ ਮਾਲਕ ਵੱਡੀਆਂ ਜਗੀਰਾਂ ਦੇ ਨਾਲ ਐਸ਼ੋ ਅਰਾਮ ਦੀ ਜ਼ਿੰਦਗੀ ਜੀ ਰਹੇ ਹਨ। ਤਹਿਸੀਲਦਾਰ ਸਾਹਿਬ ਨੇ ਧਰਨੇ ਵਿੱਚ ਆ ਕੇ ਮੰਗ ਪੱਤਰ ਲਿਆ ਤੇ ਮੰਗਾਂ ਸਬੰਧੀ ਪੱਤਰ ਸਰਕਾਰ ਨੂੰ ਭੇਜਣ ਦਾ ਵਿਸ਼ਵਾਸ ਦਿਵਾਇਆ। ਉਨ੍ਹਾ ਸਥਾਨਕ ਮਸਲਿਆਂ ਸਬੰਧੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨਾਲ 25 ਸਤੰਬਰ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਨਾਲ ਮੀਟਿੰਗ ਕਰਾਉਣ ਦਾ ਵਾਅਦਾ ਕੀਤਾ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ, ਪੇਂਡੂ ਮਜ਼ਦੂਰ ਯੂਨੀਅਨ ਦੇ ਗੁਰਤੇਜ ਸਿੰਘ ਭੁੱਟੀਵਾਲਾ, ਗਿਆਨ ਸਿੰਘ ਝਬੇਲਵਾਲੀ, ਦੇਵ ਸਿੰਘ, ਬੂਟਾ ਸਿੰਘ, ਗੁਰਮੇਲ ਸਿੰਘ, ਵੀਰਪਾਲ ਕੌਰ, ਜਸਵਿੰਦਰ ਕੌਰ, ਗੁਰਮੀਤ ਕੌਰ, ਰਸਪਿੰਦਰ ਕੌਰ, ਅਮਨਦੀਪ ਕੌਰ, ਮਨਪ੍ਰੀਤ ਕੌਰ ਆਦਿ ਆਗੂ ਹਾਜ਼ਰ ਸਨ।

## ਔਰਤਾਂ ਨੂੰ ਰਾਖਵਾਂਕਰਨ ਦੇਣ 'ਚ ਕੇਂਦਰ ਸਰਕਾਰ ਜੁਮਲੇਬਾਜ਼ੀ ਕਰ ਰਹੀ : ਰਾਏ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਔਰਤਾਂ ਨੂੰ ਰਾਖਵਾਂਕਰਨ ਦੇਣ ਦੇ ਮਾਮਲੇ 'ਚ ਕੇਂਦਰ ਜੁਮਲੇਬਾਜ਼ੀ ਕਰ ਰਹੀ ਹੈ, ਜਦਕਿ ਸਾਰੀਆਂ ਵਿਰੋਧੀ ਧਿਰਾਂ ਔਰਤਾਂ ਦੇ ਰਾਖਵਾਂਕਰਨ ਦੇ ਹੱਕ ਵਿੱਚ ਹਨ। ਇਹ ਪ੍ਰਗਟਾਵਾ ਵਿਧਾਇਕ ਲਖਵੀਰ ਸਿੰਘ ਰਾਏ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਿਛਲੇ 9 ਸਾਲਾਂ ਤੋਂ ਦੇਸ ਦੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੈ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਪੰਦਰਾਂ-ਪੰਦਰਾਂ ਲੱਖ ਰੁਪਏ ਦੇਣ ਦੇ ਝੂਠੇ ਵਾਅਦੇ ਕੀਤੇ ਗਏ, ਜਿਸ ਨੂੰ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜੁਮਲਾ ਕਰਾਰ ਦਿੱਤਾ ਗਿਆ। ਮਹਿੰਗਾਈ ਨੂੰ ਕਾਬੂ ਕਰਨ 'ਚ ਕੇਂਦਰ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ, 450 ਰੁਪਏ ਵਿੱਚ ਮਿਲਣ ਵਾਲਾ ਗੈਸ ਸਿਲੰਡਰ 1100 ਰੁਪਏ ਤੱਕ ਪਹੁੰਚ ਗਿਆ। ਹੁਣ 2024 ਦੀਆਂ ਵੋਟਾਂ ਵਿੱਚ ਔਰਤਾਂ ਨੂੰ ਭਰਮਾਉਣ ਲਈ 200 ਰੁਪਏ ਘੱਟ ਕਰ ਦਿੱਤੇ ਗਏ, ਤਾਂ ਜੁ ਔਰਤਾਂ ਨੂੰ ਭਰਮਾ ਕੇ ਦੁਬਾਰਾ 2024 ਦੀਆਂ ਚੋਣਾਂ ਵਿੱਚ ਸੱਤਾ 'ਤੇ ਕਬਜ਼ਾ ਕੀਤਾ ਜਾ ਸਕੇ। ਹੁਣ ਸਪੈਸ਼ਲ ਸੈਸ਼ਨ ਦੌਰਾਨ ਕੇਂਦਰ ਸਰਕਾਰ ਵੱਲੋਂ ਇੱਕ ਹੋਰ ਜੁਮਲੇਬਾਜ਼ੀ ਕੀਤੀ ਗਈ, ਜਿਸ ਵਿੱਚ ਔਰਤਾਂ ਨੂੰ ਰਾਖਵਾਂਕਰਨ ਦੇਣ ਤੇ ਰਾਜਨੀਤੀ ਕੀਤੀ ਜਾ ਰਹੀ ਹੈ। ਇਹ ਕੇਵਲ ਔਰਤਾਂ ਦੇ ਨਾਲ ਜੁਮਲੇਬਾਜ਼ੀ ਕੀਤੀ ਜਾ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਦੋਂ ਦਾ ਦੇਸ ਸੰਭਾਲਿਆ ਗਿਆ ਹੈ, ਉਦੋਂ ਤੋਂ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ, ਮਨੀਪੁਰ ਵਰਗੀਆਂ ਬਹੁਤ ਸਾਰੀਆਂ ਘਟਨਾਵਾਂ ਤੁਹਾਡੇ ਸਾਹਮਣੇ ਹਨ। ਹੁਣ ਤਾਂ ਕੈਨੇਡਾ 'ਚ ਵੀ ਮੋਦੀ ਦੇ ਕਾਰਨਾਮਿਆਂ ਬਾਰੇ ਪਤਾ ਲੱਗ ਗਿਆ ਹੈ। ਭਾਰਤ ਦੇ ਲੋਕਾਂ ਨੂੰ ਸਮਝਣ ਦੀ ਜ਼ਰੂਰਤ ਹੈ, 2024 'ਚ ਨਰਿੰਦਰ ਮੋਦੀ ਨੂੰ ਸੱਤਾ ਤੋਂ ਲਾਂਭੇ ਨਾ ਕੀਤਾ ਤਾਂ ਦੇਸ ਦਾ ਬਹੁਤ ਨੁਕਸਾਨ ਹੋਵੇਗਾ।

# ਅਨਾਜ ਮੰਡੀ ਦੇ ਮਜ਼ਦੂਰਾਂ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਅਨਾਜ ਮੰਡੀ ਦੇ ਮਜ਼ਦੂਰਾਂ ਨੇ ਆਪਣੇ ਹੱਕਾਂ ਨੂੰ ਲੈ ਕੇ ਬਣਾਈ ਮਜ਼ਦੂਰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਮੰਨਵਾਉਣ ਲਈ ਮਾਰਕੀਟ ਕਮੇਟੀ ਦਫ਼ਤਰ ਅੱਗੇ ਧਰਨਾ ਦਿੱਤਾ ਤੇ ਬਾਅਦ ਵਿਚ ਆਪਣਾ ਮੰਗ ਪੱਤਰ ਕਮੇਟੀ ਦੇ ਅਧਿਕਾਰੀਆਂ ਨੂੰ ਸੌਂਪਿਆ।

ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਮਾਰਕੀਟ ਕਮੇਟੀ ਦਫ਼ਤਰ ਅੱਗੇ ਧਰਨਾ ਦੇ ਰਹੇ ਪ੍ਰਧਾਨ ਦਰਸ਼ਨ ਲਾਲ, ਮਲਕੀਤ ਸਿੰਘ, ਮਨੋਜ ਕੁਮਾਰ, ਰਾਮ ਪ੍ਰਕਾਸ਼, ਰਾਮ ਕ੍ਰਿਸ਼ਨ, ਵਿਜੈ ਕੁਮਾਰ, ਤਿਲਕ ਰਾਜ, ਪੱਪੂ ਕੁਮਾਰ, ਮਨੋਹਰ ਲਾਲ, ਰੌਸ਼ਨ ਲਾਲ, ਰਾਜਨ ਕੁਮਾਰ, ਸੰਜੇ, ਨਿਰਪੁਮ ਚੌਧਰੀ, ਮਨੀਸ਼ ਕੁਮਾਰ, ਅਕਾਸ਼ ਤੇ ਰਾਮਪਾਲ ਨੇ ਕਿਹਾ ਕਿ ਮੰਡੀ ਵਿਚ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ 25 ਫੀਸਦੀ ਵਾਧਾ ਕੀਤਾ ਜਾਵੇ ਕਿਉਂਕਿ ਹੁਣ ਮਹਿੰਗਾਈ ਦੇ ਦੌਰ ਵਿਚ ਉਨ੍ਹਾਂ ਨੂੰ ਘੱਟ ਮਜ਼ਦੂਰੀ 'ਤੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਨਾ ਬਹੁਤ ਔਖਾ ਹੋ ਗਿਆ ਹੈ, ਲੋਡਿੰਗ ਦਾ ਰੇਟ 5 ਰੁਪਏ ਨਿਰਧਾਰਤ ਕੀਤਾ ਜਾਵੇ ਤੇ 50 ਕਿੱਲੋ ਝੋਨੇ ਦੀ ਮਜ਼ਦੂਰੀ ਦੇ ਬਰਾਬਰ 50 ਕਿੱਲੋ ਕਣਕ ਦੀ ਮਜ਼ਦੂਰੀ ਵੀ ਦਿੱਤੀ ਜਾਵੇ, ਪੰਜਾਬ ਸਰਕਾਰ ਵੱਲੋਂ 'ਜੇ' ਫਾਰਮ ਵਿੱਚ ਪਾਸ ਕੀਤੀ ਮਜ਼ਦੂਰੀ ਕੱਟ ਕੇ ਮਜ਼ਦੂਰਾਂ ਨੂੰ ਆੜ੍ਹਤੀਆਂ ਰਾਹੀਂ ਅਦਾਇਗੀ ਕੀਤੀ ਜਾਵੇ। ਇਸ ਮੌਕੇ ਆੜ੍ਹਤੀ ਐਸੋ. ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਵੀ ਮਜ਼ਦੂਰਾਂ ਦੇ ਹੱਕ ਵਿੱਚ ਆਏ, ਜਿਨ੍ਹਾਂ ਕਿਹਾ ਕਿ ਸਰਕਾਰਾਂ ਇਨ੍ਹਾਂ ਦੀਆਂ ਮੰਗਾਂ ਤੁਰੰਤ ਮੰਨੇ, ਕਿਉਂਕਿ ਉਹ ਬਿਲਕੁਲ ਜਾਇਜ਼ ਹਨ। ਉਨ੍ਹਾਂ ਕਿਹਾ ਕਿ ਦਾਣਾ ਮੰਡੀ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਦੀ ਮਜ਼ਦੂਰੀ ਨੂੰ ਵਧਾਉਣਾ ਚਾਹੀਦਾ ਹੈ। ਪ੍ਰਧਾਨ ਖੇੜਾ ਨੇ ਕਿਹਾ ਕਿ ਮੰਡੀ ਵਿਚ ਝੋਨੇ ਦੀ ਆਮਦ ਸ਼ੁਰੂ ਹੋ ਗਈ ਹੈ ਅਤੇ ਜੇਕਰ ਮਜ਼ਦੂਰ ਹੜਤਾਲ 'ਤੇ ਚਲੇ ਗਏ ਤਾਂ ਕਿਸਾਨਾਂ ਦੀ ਫਸਲ ਦੀ ਸਫ਼ਾਈ ਤੇ ਢੋਆ-ਢੁਆਈ ਵਿੱਚ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੰਤ ਵਿੱਚ ਮਜ਼ਦੂਰ ਯੂਨੀਅਨ ਦੇ ਆਗੂਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਮਾਰਕੀਟ ਕਮੇਟੀ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ।

## ਇਲੈਕਟ੍ਰੀਕਲ ਦੀ ਦੁਕਾਨ ਦਾ ਸ਼ਟਰ ਤੋੜ ਕੇ ਇਨਵਰਟਰ, ਸਿਲੰਡਰ ਤੇ ਬਿਜਲੀ ਦਾ ਸਮਾਨ ਚੋਰੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਫ਼ਤਹਿਗੜ੍ਹ ਸਾਹਿਬ-ਬੱਸੀ ਪਠਾਣਾਂ ਮਾਰਗ 'ਤੇ ਸਥਿਤ ਪਿੰਡ ਬਹਾਦਰਗੜ੍ਹ ਵਿਖੇ ਇਲਕੈਟ੍ਰੀਕਲ ਸਮਾਨ ਦੀ ਦੁਕਾਨ 'ਚ ਚੋਰੀ ਹੋ ਜਾਣ ਦਾ ਸਮਾਚਾਰ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਅਸ਼ੋਕ ਕੁਮਾਰ ਵਾਸੀ ਪਿੰਡ ਤਲਾਣੀਆਂ ਨੇ ਦੱਸਿਆ ਕਿ ਉਸਦੀ ਪਿੰਡ ਬਹਾਦਰਗੜ੍ਹ ਵਿਖੇ ਅਸ਼ੋਕਾ ਇਲੈਕਟ੍ਰੀਕਲ ਨਾਂਅ 'ਤੇ ਦੁਕਾਨ ਹੈ ਤੇ 18/19 ਸਤੰਬਰ ਦੀ ਦਰਮਿਆਨੀ ਰਾਤ ਨੂੰ ਨਾਮਾਲੂਮ ਵਿਅਕਤੀਆਂ ਨੇ ਉਸਦੀ ਦੁਕਾਨ ਦਾ ਸ਼ਟਰ ਤੋੜ ਕੇ ਦੁਕਾਨ 'ਚ ਪਏ 3 ਇਨਵਰਟਰ, 2 ਗੈਸ ਸਿਲੰਡਰ, ਤਾਰਾਂ ਦੇ ਰੋਲਾਂ ਦੇ 6 ਡੱਬੇ, ਸਵਿੱਚਾਂ ਤੇ ਪਲੇਟਾਂ ਦੀਆਂ ਦੋ ਪੇਟੀਆਂ, ਸੀਟਾਂ ਦੀਆਂ 8 ਪੇਟੀਆਂ ਤੇ ਹੋਰ ਸਮਾਨ ਚੋਰੀ ਕਰ ਲਿਆ।

ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 457, 380 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਕਾਤਰਾਂ

### ਵਿਜੈ ਵਰਮਾ ਨੇ ਵਿਦਿਆਰਥੀ ਦੀ ਪੂਰੇ ਸਾਲ ਦੀ ਫੀਸ ਭਰੀ



**ਜਗਰਾਓਂ (ਅਮਿਤ ਖੰਨਾ)**-ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ.ਸੈ. ਸਕੂਲ ਜਗਰਾਓਂ ਵਿਖੇ ਅਡਾਪਟ-ਟੂ-ਐਜੂਕੇਟ ਦੇ ਅੰਤਰਗਤ ਸ਼੍ਰੀ ਵਿਜੈ ਵਰਮਾ ਨੇ ਇਕ ਵਿਦਿਆਰਥੀ ਦੀ ਪੂਰੇ ਸਾਲ ਦੀ ਫੀਸ ਭਰੀ ਹੈ, ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ। ਅਜਿਹੇ ਦਾਨੀ ਸੱਜਣਾਂ ਦੀ ਦਿਆਲਤਾ ਕਰਕੇ ਹੀ ਪ੍ਰਤਿਭਾਵਾਨ ਵਿਦਿਆਰਥੀ, ਜੋ ਵਿੱਤੀ ਹਾਲਤ ਕਮਜ਼ੋਰ ਹੋਣ ਕਰਕੇ ਪੜ੍ਹ ਨਹੀਂ ਸਕਦੇ, ਉਹ ਵੀ ਪੜ੍ਹ ਲਿਖ ਕੇ ਆਪਣਾ ਉਦੇਸ਼ ਪ੍ਰਾਪਤ ਕਰ ਸਕਦੇ ਹਨ। ਸਕੂਲ ਦੇ ਪ੍ਰਧਾਨ ਰਵਿੰਦਰ ਗੁਪਤਾ, ਪ੍ਰਬੰਧਕ ਐਡਵੋਕੇਟ ਵਿਵੇਕ ਭਾਰਦਵਾਜ ਤੇ ਪ੍ਰਿੰਸੀਪਲ ਨੀਲੂ ਨਰੂਲਾ ਨੇ ਅਜਿਹੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।

### ਮਾਤਾ ਸੁਦੀਕਸ਼ਾ ਦਾ ਚੰਡੀਗੜ੍ਹ 'ਚ ਆਗਮਨ 24 ਨੂੰ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਸਮਾਣਾ ਦੇ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਤੇ ਮੀਡੀਆ ਸਹਾਇਕ ਇਕਬਾਲ ਸਿੰਘ ਬੱਲ ਨੇ ਦੱਸਿਆ ਕਿ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜ ਪਿਤਾ ਰਮਿਤ ਜੀ ਦਾ 24 ਸਤੰਬਰ ਨੂੰ ਚੰਡੀਗੜ੍ਹ ਦੀ ਧਰਤੀ 'ਤੇ ਆਗਮਨ ਹੋਣ ਜਾ ਰਿਹਾ ਹੈ। ਉਨ੍ਹਾਂ ਦੀ ਹਜ਼ੂਰੀ ਵਿੱਚ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਮੇਲਾ ਗਰਾਊਂਡ, ਸੈਕਟਰ 34-ਏ ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੰਡੀਗੜ੍ਹ ਜ਼ੋਨ ਦੇ ਜ਼ੋਨਲ ਇੰਚਾਰਜ ਸਤਿਕਾਰਯੋਗ ਸ੍ਰੀ ਓ. ਪੀ. ਨਿਰੰਕਾਰੀ ਨੇ ਦੱਸਿਆ ਕਿ ਸੰਤ ਨਿਰੰਕਾਰੀ ਮਿਸ਼ਨ ਦੇ ਸੇਵਾਦਲ ਦੇ ਮੈਂਬਰ ਤੇ ਸਾਧ ਸੰਗਤ ਮੇਲਾ ਮੈਦਾਨ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਵਰਣਨਯੋਗ ਹੈ ਕਿ ਨਿਰੰਕਾਰੀ ਮਿਸ਼ਨ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜ ਸੇਵਾ ਦੇ ਕਾਰਜ ਜਿਨ੍ਹਾਂ ਵਿੱਚ ਖ਼ੂਨਦਾਨ ਕੈਂਪ, ਸਫਾਈ ਮੁਹਿੰਮ, ਕੁਦਰਤੀ ਆਫਤਾਂ ਦੌਰਾਨ ਰਾਹਤ ਕੈਂਪ, ਰੁੱਖ ਲਗਾਉਣ ਆਦਿ ਸਮੇਤ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਇਸ ਸੰਤ ਸਮਾਗਮ ਵਿੱਚ ਚੰਡੀਗੜ੍ਹ, ਮੁਹਾਲੀ, ਪੰਚਕੂਲਾ ਤੇ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚਣਗੀਆਂ।

### ਕੈਨੇਡਾ ਦਾ ਵੀਜ਼ਾ ਲਵਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਐਕਸਪਰਟ ਇਮੀਗ੍ਰੇਸ਼ਨ ਸਰਵਿਸ ਦੇ ਚੇਅਰਮੈਨ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦੇਸ਼ ਭੇਜਣ ਦੇ ਲੰਮੇ ਤਜਰਬੇ ਤਹਿਤ ਸਰਬਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਗਿੱਲ ਨੱਥੇਵਾਲਾ ਦਾ ਇਕ ਰੀਫਿਊਜ਼ਲ ਹੋਣ ਉਪਰੰਤ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਵਾ ਕੇ ਦਿੱਤਾ ਗਿਆ। ਇਸ ਮੌਕੇ ਸੰਸਥਾ ਚੇਅਰਮੈਨ ਦੇਵਾਸ ਗੋਇਲ ਨੇ ਸਰਬਜੀਤ ਕੌਰ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਸੰਸਥਾ ਤੋਂ ਅਨੇਕਾਂ ਲੋਕ ਆਪਣਾ ਭਵਿੱਖ ਸੁਨਹਿਰੀ ਬਣਾ ਚੁੱਕੇ ਹਨ।

### ਕਥਾ ਵਿਚਾਰ ਸਮਾਗਮ 24 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਥਾ ਵਿਚਾਰ ਸਮਾਗਮ 24 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀਆਂ ਤਿਆਰੀਆਂ ਸਬੰਧੀ ਸ਼੍ਰੋਮਣੀ ਕਮੇਟੀ ਹਰਜਤਿੰਦਰ ਸਿੰਘ ਪਵਾਤ ਨੇ ਇਲਾਕੇ ਦੀਆਂ ਧਾਰਮਿਕ ਸੰਸਥਾਵਾਂ ਨਾਲ ਮੀਟਿੰਗ ਕੀਤੀ ਤੇ ਵੱਧ ਤੋਂ ਵੱਧ ਸੰਗਤ ਨੂੰ ਆਉਣ ਲਈ ਪ੍ਰੇਰਿਤ ਕੀਤਾ। ਮੀਟਿੰਗ ਉਪਰੰਤ ਹਰਜਤਿੰਦਰ ਸਿੰਘ ਪਵਾਤ ਨੇ ਦੱਸਿਆ ਕਿ ਕਥਾ ਵਿਚਾਰ ਸਮਾਗਮ ਸਰਬੱਤ ਦੇ ਭਲੇ ਨੂੰ ਸਮਰਪਤ ਹੋਵੇਗਾ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਕਥਾਵਾਚਕ ਬਾਬਾ ਬੰਤਾ ਸਿੰਘ ਸੰਗਤਾਂ ਨੂੰ ਬਾਣੀ ਨਾਲ ਜੋੜਨਗੇ। ਉਨ੍ਹਾਂ ਦੱਸਿਆ ਕਿ 24 ਸਤੰਬਰ ਨੂੰ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਰਾਤ 8 ਤੋਂ 10 ਵਜੇ ਤੱਕ ਧਾਰਮਿਕ ਸਮਾਗਮ ਹੋਵੇਗਾ।

# ਨਸ਼ਿਆਂ ਵਿਰੁੱਧ ਜ਼ਿਲ੍ਹਾ ਪੱਧਰੀ ਮੁਹਿੰਮ ਦਾ ਪਬਲਿਕ ਕਾਲਜ ਤੋਂ ਆਗਾਜ਼




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਰੰਭੀ ਨਸ਼ਿਆਂ ਵਿਰੁੱਧ ਜੰਗ ਨੂੰ ਵਿੱਦਿਅਕ ਸੰਸਥਾਵਾਂ ਵਿੱਚ ਲਿਜਾਣ ਦੀ ਜ਼ਿਲ੍ਹਾ ਪੱਧਰੀ ਮੁਹਿੰਮ ਦਾ ਆਗਾਜ਼ ਪਬਲਿਕ ਕਾਲਜ ਸਮਾਣਾ ਤੋਂ ਕੀਤਾ। ਵਿਦਿਆਰਥੀਆਂ ਨਾਲ ਕੀਤੇ ਨਿਵੇਕਲੇ ਦੁਵੱਲੇ ਸੰਵਾਦ ਪ੍ਰੋਗਰਾਮ ਮੌਕੇ ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਵੱਲੋਂ ਨਸ਼ਿਆਂ ਦੀ ਲੱਤ ਦੇ ਸ਼ਿਕਾਰ ਹੋਣ ਦੇ ਕਾਰਨ ਵੀ ਵਿਦਿਆਰਥੀਆਂ ਤੋਂ ਹੀ ਜਾਣੇ ਤੇ ਨਸ਼ਿਆਂ ਦੀ ਬੰਦੀ ਤੋਂ ਖਹਿੜਾ ਛੁਡਾ ਕੇ ਆਜ਼ਾਦ ਰਹਿਣ ਦਾ ਸੱਦਾ ਦਿੱਤਾ।

ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਸ ਨਸ਼ਾ ਵਿਰੋਧੀ ਮੁਹਿੰਮ ਨੂੰ ਵਿਦਿਆਰਥੀਆਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ ਤੇ ਉਹ ਜ਼ਿਲ੍ਹਾ ਪੁਲਸ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਜ਼ਿਲ੍ਹੇ ਅੰਦਰ ਪਿੰਡਾਂ ਤੇ ਸ਼ਹਿਰਾਂ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਵਿੱਚ ਲਿਜਾਇਆ ਜਾਵੇਗਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਤੇ ਆਪਣੇ ਕਾਰੋਬਾਰ ਕਰਨ ਦੇ ਅਥਾਹ ਮੌਕੇ ਪ੍ਰਦਾਨ ਕਰ ਰਹੀ ਹੈ, ਪਰ ਲੋੜ ਹੈ ਕਿ ਵਿਦਿਆਰਥੀ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਟੀਚੇ ਮਿੱਥਣ ਤੇ ਮਿਹਨਤ ਕਰਨ।

ਡਿਪਟੀ ਕਮਿਸ਼ਨਰ ਨੇ ਨਸ਼ਿਆਂ ਦੀ ਲਤ ਦੇ ਸ਼ਿਕਾਰ ਹੋਏ ਦੂਸਰੇ ਵਿਅਕਤੀਆਂ ਦੀ ਮਦਦ ਕਰਨ ਲਈ ਵਿਦਿਆਰਥੀਆਂ ਨੂੰ ਅੱਗੇ ਆਉਣ ਦਾ ਸੱਦਾ ਦਿੰਦਿਆਂ ਪਟਿਆਲਾ ਵਿਖੇ ਸਾਕੇਤ ਨਸ਼ਾ ਮੁਕਤੀ ਕੇਂਦਰ ਵਿਖੇ ਸ਼ੁਰੂ ਕੀਤੀ ਗਈ ਸਹਿਯੋਗੀ ਹੈਲਪਲਾਈਨ 0175-2213385 ਦਾ ਲਾਭ ਲੈਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਵਿੱਚੋਂ ਇੱਕ ਸਾਲ ਦੇ ਅੰਦਰ-ਅੰਦਰ ਨਸ਼ਿਆਂ ਦੀ ਜੜ੍ਹ ਪੁੱਟਣ ਦੇ ਕੀਤੇ ਐਲਾਨ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਦਾ ਸਹਿਯੋਗ ਲੈ ਕੇ ਹੀ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾਵੇਗਾ।

ਦੁਵੱਲੇ ਸੰਵਾਦ ਪ੍ਰੋਗਰਾਮ ਮੌਕੇ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਖ਼ੁਦ ਦੂਰ ਰਹਿਣ ਤੇ ਦੂਸਰਿਆਂ ਨੂੰ ਜਾਗਰੂਕ ਕਰਨ ਦਾ ਪ੍ਰਣ ਵੀ ਕਰਵਾਇਆ ਤੇ ਕਿਹਾ ਕਿ ਨੌਜਵਾਨ ਵਲੰਟੀਅਰ ਬਣਕੇ ਆਪਣੇ ਸਮਾਜ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣ ਲਈ ਅੱਗੇ ਆਉਣ।

## ਰਣੀਕੇ ਚੌਂਕੀ 'ਚ ਨੌਜਵਾਨ ਦੀ ਕੁੱਟਮਾਰ ਦਾ ਮਾਮਲਾ ਭਖਿਆ

# ਸਾਢੇ ਛੇ ਘੰਟਿਆਂ ਦੀ ਖਿੱਚੋਤਾਣ ਮਗਰੋਂ ਡੀ ਐੱਸ ਪੀ ਦੇ ਭਰੋਸੇ 'ਤੇ ਕਿਸਾਨਾਂ ਧਰਨਾ ਚੁੱਕਿਆ


ਰਣੀਕੇ ਚੌਂਕੀ 'ਚ ਕਿਸਾਨ ਆਗੂਆਂ ਨਾਲ ਗੱਲਬਾਤ ਕਰਦੇ ਡੀ ਐੱਸ ਪੀ ਤਲਵਿੰਦਰ ਸਿੰਘ ਗਿੱਲ ਤੇ ਐੱਸ ਐੱਚ ਓ ਜਗਦੀਪ ਸਿੰਘ।

**ਸ਼ੇਰਪੁਰ (ਸੁਖਦੇਵ ਧੂਰੀ)**

ਰਣੀਕੇ ਚੌਂਕੀ 'ਚ ਇੱਕ ਨੌਜਵਾਨ ਨੂੰ ਡੰਡਿਆਂ ਨਾਲ ਕੁੱਟੇ ਜਾਣ ਦਾ ਮਾਮਲਾ ਉਸ ਸਮੇਂ ਭਖ ਗਿਆ, ਜਦੋਂ ਪੀੜਤ ਨੌਜਵਾਨ ਨੂੰ ਹਸਪਤਾਲ ਦਾਖਲ ਕਰਵਾ ਕੇ ਦੇ ਹੱਕ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਨਹਿਰੀ ਪੁਲ 'ਤੇ ਕੀਤੇ ਚੱਕਾ ਜਾਮ ਨੂੰ ਸਰਗਰਮ ਹਮਾਇਤ ਦੇ ਦਿੱਤੀ। ਛੇ ਘੰਟਿਆਂ ਦੀ ਆਪਸੀ ਖਿੱਚੋਤਾਣ ਮਗਰੋਂ ਆਖਰ ਡੀ ਐੱਸ ਪੀ ਤਲਵਿੰਦਰ ਸਿੰਘ ਤੇ ਐੱਸ ਐੱਚ ਓ ਸਦਰ ਜਗਦੀਪ ਸਿੰਘ ਨੇ ਦੇਰ ਸ਼ਾਮ ਚੌਂਕੀ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕੀਤਾ।

ਧਰਨੇ ਦੌਰਾਨ ਪੂਰੇ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਜਗਤਾਰ ਸਿੰਘ ਸੁਲਤਾਨਪੁਰ ਨੇ ਦੋਸ਼ ਲਾਇਆ ਕਿ ਉਹ ਅਲਾਲ ਪਿੰਡ ਦੇ ਬੂਟਾ ਸਿੰਘ ਦੇ ਝਗੜੇ ਦਾ ਰੌਲਾ ਨਿਪਟਾਉਣ ਮਗਰੋਂ ਸਮਝੌਤੇ ਦਾ ਕਾਗਜ਼ ਦੇ ਕੇ ਵਾਪਸ ਜਾ ਰਹੇ ਸਨ ਤਾਂ ਚੌਂਕੀ ਇੰਚਾਰਜ ਨੇ ਉਨ੍ਹਾਂ ਨੂੰ ਪੁਲਸ ਦਾ 'ਚਾਹ-ਪਾਣੀ' ਕਰਕੇ ਜਾਣ ਲਈ ਕਿਹਾ ਤੇ ਜਵਾਬ ਦੇਣ 'ਤੇ ਉਨ੍ਹਾਂ ਨਾਲ ਦੁਰ-ਵਿਵਹਾਰ 'ਤੇ ਉੱਤਰ ਆਇਆ। ਗੁੱਸੇ 'ਚ ਆਏ ਸਰਪੰਚ ਤੇ ਉਸ ਦਾ ਸਾਥੀ ਚੌਂਕੀ ਅੱਗੇ ਧਰਨਾ ਮਾਰ ਕੇ ਬੈਠ ਗਏ। ਮੌਕੇ 'ਤੇ ਐੱਸ ਐੱਚ ਓ ਸਦਰ ਜਗਦੀਪ ਸਿੰਘ ਪਹੁੰਚੇ, ਜਿਨ੍ਹਾਂ ਅੱਗੇ ਉਨ੍ਹਾਂ ਧਰਨਾਕਾਰੀਆਂ ਨੇ ਪਿੰਡ ਅਲਾਲ ਦੇ ਹੀ ਇੱਕ ਹੋਰ ਗਰੀਬ ਪਰਿਵਾਰ 'ਚੋਂ ਮਾਂ-ਪੁੱਤ ਨੂੰ ਪੇਸ਼ ਕਰ ਦਿੱਤਾ, ਜਿਸ ਨਾਲ ਚੌਂਕੀ ਇੰਚਾਰਜ ਕਥਿਤ ਠੀਕ ਵਿਵਹਾਰ ਨਹੀਂ ਕਰ ਰਿਹਾ ਸੀ। ਧਰਨਾਕਾਰੀ ਤੇ ਐੱਸ ਐੱਚ ਓ ਜਗਦੀਪ ਸਿੰਘ ਗੱਲਬਾਤ ਰਾਹੀਂ ਮਸਲਾ ਨਿਬੇੜ ਕੇ ਹਾਲੇ ਗਏ ਹੀ ਸਨ, ਐੱਸ ਐੱਚ ਓ ਅੱਗੇ ਪੇਸ਼ ਹੋਣ ਤੋਂ ਗੁੱਸੇ ਚੌਂਕੀ ਇੰਚਾਰਜ ਨੇ ਉਸ ਮਜ਼ਦੂਰ ਪਰਿਵਾਰ ਦੇ ਮੁੰਡੇ ਦੀ ਉਸ ਦੀ ਮਾਂ ਦੇ ਸਾਹਮਣੇ ਡੰਡਿਆਂ ਨਾਲ ਬੁਰੀ ਤਰ੍ਹਾਂ ਕੁਟਾਈ ਕਰ ਦਿੱਤੀ, ਜਿਸ ਮਗਰੋਂ ਲੋਕਾਂ ਨੂੰ ਚੱਕਾ ਜਾਮ ਕਰਨਾ ਪਿਆ। ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਆਗੂ ਲਖਵੀਰ ਸਿੰਘ ਲੱਖਾ, ਬਲਾਕ ਪ੍ਰਧਾਨ ਨਾਜ਼ਰ ਸਿੰਘ ਪੂੰਨਾਵਾਲ, ਬੀਕੇਯੂ ਉਗਰਾਹਾਂ ਦੇ ਜਰਨੈਲ ਸਿੰਘ ਸੁਲਤਾਨਪੁਰ, ਕਰਮਜੀਤ ਸਿੰਘ, ਲੋਕ ਸੰਘਰਸ਼ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਅਲਾਲ ਨੇ ਡੀਐੱਸਪੀ ਵੱਲੋਂ ਚੌਂਕੀ ਇੰਚਾਰਜ ਨੂੰ ਤੁਰੰਤ ਸਸਪੈਂਡ ਕਰਨ, ਉਸ ਦੇ ਵਿਰੁੱਧ ਵਿਭਾਗੀ ਕਾਰਵਾਈ ਸ਼ੁਰੂ ਕਰਨ ਤੇ ਕੁੱਟੇ ਗਏ ਨੌਜਵਾਨ ਦੇ ਮਾਮਲੇ 'ਤੇ ਬਣਦੀ ਕਾਨੂੰਨੀ ਕਾਰਵਾਈ ਦੀਆਂ ਰੱਖੀਆਂ ਮੰਗਾਂ ਮੰਨੇ ਜਾਣ ਦੇ ਭਰੋਸੇ ਮਗਰੋਂ ਧਰਨਾ ਸਮਾਪਤ ਕਰਨ ਦਾ ਦਾਅਵਾ ਕੀਤਾ।

## ਮਾਂਗੇਵਾਲ 'ਚ ਦਿਵਿਆਂਗ ਲੋਕ ਭਲਾਈ ਸੇਵਾ ਸੁਸਾਇਟੀ ਦਾ ਗਠਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਮਾਂਗੇਵਾਲ ਵਿਖੇ ਦਿਵਿਆਂਗ ਲੋਕ ਭਲਾਈ ਸੇਵਾ ਸੁਸਾਇਟੀ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਦਾਸ ਬਾਵਾ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਮੌਕੇ ਹੱਕੀ ਮੰਗਾਂ ਲਈ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪਿੰਡ ਪਿੰਡ ਨਵੀਆਂ ਇਕਾਈਆਂ ਦਾ ਗਠਨ ਕਰਨ ਦੀ ਚਲਾਈ ਮੁਹਿੰਮ ਤਹਿਤ ਡੀਸੀ ਸਿੰਘ ਮਾਂਗੇਵਾਲ ਨੂੰ ਪਿੰਡ ਮਾਂਗੇਵਾਲ ਇਕਾਈ ਦਾ ਪ੍ਰਧਾਨ ਤੇ ਜੀਤੀ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ ਅਤੇ ਭੋਲਾ ਸਿੰਘ ਨੂੰ ਹਲਕਾ ਇੰਚਾਰਜ ਵਜੋਂ ਐਲਾਨਿਆ ਗਿਆ। ਸਲਾਹਕਾਰ ਲਾਭ ਸਿੰਘ ਧੌਲਾ, ਗੁਰਦੀਪ ਸਿੰਘ ਕਾਲੇਕੇ, ਅਜੈਬ ਸਿੰਘ ਖੁੱਡੀ ਕਲਾਂ, ਗੁਰਦੀਪ ਕੌਰ ਸੇਖਾ, ਨਿਰਮਲ ਸਿੰਘ ਘੁੰਨਸ ਖਜ਼ਾਨਚੀ, ਪਾਲਾ ਸਿੰਘ ਧੌਲਾ, ਰਾਜਦੀਪ ਬਾਵਾ ਹੰਡਿਆਇਆ, ਗੁਰਤੇਜ ਸਿੰਘ, ਪਰਵੇਜ਼ ਖਾਨ ਹਾਜ਼ਰ ਸਨ। ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਅੰਗਹੀਣਾਂ ਨੂੰ ਦਰਪੇਸ਼ ਮੁਸ਼ਕਲਾਂ ਜਿਵੇਂ ਪੈਨਸ਼ਨ, ਰਾਸ਼ਨ ਕਾਰਡ ਸੰਬੰਧੀ ਮੁਸ਼ਕਲਾਂ ਦਾ ਹੱਲ ਛੇਤੀ ਕਰਵਾਇਆ ਜਾਵੇਗਾ। ਅਖੀਰ 'ਚ ਤੇਜਿੰਦਰ ਦਾਸ ਬਾਵਾ ਨੇ ਸਮੂਹ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ।

# ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਨੇ ਕੁਸ਼ਤੀ ਮੁਕਾਬਲਿਆਂ 'ਚ ਮਾਰੀਆਂ ਮੱਲਾਂ

■ ਸਕੂਲ ਪ੍ਰਬੰਧਕਾਂ ਵੱਲੋਂ ਜੇਤੂ ਖਿਡਾਰਨਾਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾਪਕ ਪਬਲਿਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਤੇ ਟਰੱਸਟ ਪਾਤੜਾਂ ਦੀਆਂ ਵਿਦਿਆਰਥਣਾਂ ਨੇ ਸਕੂਲੀ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਗੁਰਵਿੰਦਰ ਕੌਰ ਸੰਧੂ ਨੇ ਦੱਸਿਆ ਕਿ ਸਕੂਲੀ ਖੇਡਾਂ ਦੇ ਪਿੰਡ ਤੇਈਪੁਰ ਵਿਖੇ ਹੋਏ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਕੁਸ਼ਤੀ ਮੁਕਾਬਲਿਆਂ ਵਿੱਚ ਪਹਿਲੇ ਸਥਾਨ 'ਤੇ ਰਿਹਾ। 14 ਤੇ 17 ਸਾਲਾਂ ਉਮਰ ਵਰਗ ਦੇ ਕੁਸ਼ਤੀ ਮੁਕਾਬਲਿਆਂ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜ ਗੋਲਡ ਮੈਡਲ, ਇੱਕ ਸਿਲਵਰ ਤੇ ਇੱਕ ਬ੍ਰਾਉਂਜ ਮੈਡਲ ਹਾਸਲ ਕੀਤਾ ਹੈ। ਇਨ੍ਹਾਂ ਖੇਡ ਮੁਕਾਬਲਿਆਂ ਦੌਰਾਨ ਵਿਦਿਆਰਥਣਾਂ ਬਲਰੂਪ ਕੌਰ, ਲਵਦੀਪ ਕੌਰ ਪਰਮਹਿਕ ਕੌਰ, ਕਰਮਪ੍ਰੀਤ ਕੌਰ ਤੇ ਮੀਨਾਕਸ਼ੀ ਨੇ ਜਸਪ੍ਰੀਤ ਕੌਰ ਤੇ ਦਲਜੀਤ ਸਿੰਘ ਨੇ ਸਿਲਵਰ ਮੈਡਲ ਅਤੇ ਸੁਖਨਪ੍ਰੀਤ ਕੌਰ ਨੇ ਬਰਾਊਂਜ ਮੈਡਲ ਪ੍ਰਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਪਟਿਆਲਾ ਦੇ ਅਖਾੜਾ ਕੇਸਰ ਵਿਖੇ ਹੋਏ ਕੁਸ਼ਤੀ ਮੁਕਾਬਲਿਆਂ ਵਿੱਚ ਸਕੂਲ ਦੀਆਂ ਪੰਜ ਵਿਦਿਆਰਥਣਾਂ ਬਲਰੂਪ ਕੌਰ, ਲਵਦੀਪ ਕੌਰ, ਪਰਮਹਿਕ ਕੌਰ, ਕਰਮਜੀਤ ਕੌਰ, ਮੀਨਾਕਸ਼ੀ ਤੇ ਜਸਪ੍ਰੀਤ ਨੇ ਗੋਲਡ ਮੈਡਲ ਹਾਸਲ ਕੀਤੇ ਹਨ। ਜ਼ੋਨ ਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵਧੀਆ ਖੇਡ ਪ੍ਰਦਰਸ਼ਨ ਕਰਕੇ ਅੰਮ੍ਰਿਤਸਰ ਵਿਖੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਬਲਰੂਪ ਕੌਰ ਦੀ ਨੈਸ਼ਨਲ ਮੁਕਾਬਲਿਆਂ ਲਈ ਚੋਣ ਕੀਤੇ ਜਾਣਾ ਸਕੂਲ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਸਕੂਲ ਦੀ ਇੰਚਾਰਜ ਮਨਪ੍ਰੀਤ ਕੌਰ ਹਾਜ਼ਰ ਸੀ।

## ਪੋਸ਼ਣ ਮਾਹ ਜਾਗਰੂਕਤਾ ਪ੍ਰੋਗਰਾਮ ਕਰਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਬਾਲ ਵਿਕਾਸ ਪ੍ਰੋਜੈਕਟ ਦਫ਼ਤਰ, ਬਲਾਕ ਸਰਹਿੰਦ ਵੱਲੋਂ ਜ਼ਿਲ੍ਹਾ ਅਨੈਕਸੀ ਹਾਲ, ਸਿਵਲ ਹਸਪਤਾਲ ਵਿਖੇ ਪੋਸ਼ਣ ਮਾਹ ਤੇ ਜਾਗਰੂਕਤਾ ਪ੍ਰੋਗਰਾਮ ਰੱਖਿਆ ਗਿਆ। ਸਿਹਤ ਵਿਭਾਗ ਤੇ ਕ੍ਰਿਸ਼ੀ ਵਿਗਿਆਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਧਿਕਾਰੀਆਂ ਨੇ ਵੀ ਇਸ ਸਬੰਧੀ ਕਾਫੀ ਡੀਟੇਲ ਵਿੱਚ ਜਾਣਕਾਰੀ ਸਾਂਝੀ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੋਂ ਆਏ ਵਿਦਿਆਰਥੀਆਂ ਨੇ ਨੁੱਕੜ ਨਾਟਕ ਪੇਸ਼ ਕਰਕੇ ਪ੍ਰੋਗਰਾਮ ਨੂੰ ਕਾਫੀ ਰੌਚਕ ਤੇ ਜਾਣਕਾਰੀ ਭਰਪੂਰ ਬਣਾਇਆ। ਡੀ ਪੀ ਓ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਅਕਸਰ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਜੁ ਇਸ ਸਬੰਧੀ ਵਡਮੁੱਲੀ ਜਾਣਕਾਰੀ ਸਾਰਿਆਂ ਨੂੰ ਮਿਲਦੀ ਰਹੇ। ਇਸ ਪ੍ਰੋਗਰਾਮ ਨੂੰ ਸਫ਼ਲ ਕਰਨ 'ਚ ਸਮੁੱਚੇ ਸਟਾਫ਼ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਆਂਗਣਵਾੜੀ ਤੇ ਸੁਪਰਵਾਈਜਰ ਭੈਣਾਂ ਦਾ ਵੀ ਬਹੁਤ ਵੱਡਾ ਯੋਗਦਾਨ ਸੀ।

# ਨਜਾਇਜ਼ ਉਸਾਰੀ ਕਰਨ ਵਾਲਿਆਂ 'ਤੇ ਕੌਂਸਲ ਅਧਿਕਾਰੀ ਨਹੀਂ ਕਰ ਰਹੇ ਕਾਰਵਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸਥਾਨਕ ਸਟੈਂਡ ਰੋਡ, ਨੇੜੇ ਭਗਵਾਨ ਵਾਲਮੀਕ ਚੌਂਕ ਸਥਿਤ ਇੱਕ ਦੁਕਾਨਦਾਰ ਜੋ ਵਾਦ-ਵਿਵਾਦ ਕਾਰਨ ਹਮੇਸ਼ਾ ਸੁਰਖੀਆਂ ਵਿੱਚ ਰਹਿੰਦਾ ਹੈ। ਹੁਣ ਇਸ ਦੁਕਾਨਦਾਰ ਨੇ ਅਪਣੀ ਨਕਸ਼ੇ ਤੋਂ ਬਾਹਰ ਜਾ ਕੇ ਕੀਤੀ ਨਜਾਇਜ਼ ਉਸਾਰੀ ਦਾ ਧਿਆਨ ਹਟਾਉਣ ਲਈ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਤੇ ਬਲੈਕਮੇਲ ਦੀ ਨੀਤੀ ਨਾਲ ਖ਼ਬਰਾਂ ਰਾਹੀਂ ਉਨ੍ਹਾਂ ਨੂੰ ਡਰਾਉਣ ਲਈ ਉਨ੍ਹਾਂ ਤੇ ਆਰ ਟੀ ਆਈ ਅਤੇ ਝੂਠੇ ਮੁਕੱਦਮੇ ਪਾ ਰਿਹਾ ਹੈ। ਇਹ ਤਾਂ ਉਹ ਗੱਲ ਹੋਈ ਉਲਟਾ ਚੋਰ ਕੋਤਵਾਲ ਕੋ ਡਾਂਟੇ। ਪਹਿਲਾਂ ਵੀ ਇੱਕ ਫ਼ਰਜ਼ੀ ਮੁਕੱਦਮਾ ਮਾਨਯੋਗ ਹਾਈਕੋਰਟ ਕੋਰਟ 'ਚ ਨਗਰ ਕੌਂਸਲ ਖਿਲਾਫ਼ ਪਾਇਆ ਸੀ, ਫੇਰ ਅਪਣੀ ਹਾਰ ਹੋਣ ਕਾਰਨ ਇਸ ਨੂੰ ਝਗੜਨ ਤੋਂ ਪਹਿਲਾਂ ਹੀ ਵਾਪਸ ਲੈ ਗਿਆ ਸੀ। ਲੱਗਦਾ ਇਹ ਦੁਕਾਨਦਾਰ ਆਰ.ਟੀ.ਆਈ ਦੀ ਆੜ ਵਿੱਚ ਆਪਣੀਆਂ ਨਜਾਇਜ਼ ਉਸਾਰੀਆਂ ਨੂੰ ਬਚਾਉਣ ਲਈ ਕਾਮਯਾਬ ਹੋ ਰਿਹਾ ਹੈ। ਕੁੱਝ ਸਮਾਂ ਪਹਿਲਾਂ ਇਸ ਦੁਕਾਨਦਾਰ ਨੇ ਨਜਾਇਜ਼ ਉਸਾਰੀ ਸ਼ੁਰੂ ਕੀਤੀ ਤਾਂ ਕੁੱਝ ਸਮਾਜ ਸੇਵੀ ਲੋਕਾਂ ਵੱਲੋਂ ਆਈਆਂ ਦਰਖਾਸਤਾਂ 'ਤੇ ਗੌਰ ਕਰਦੇ ਹੋਏ ਨਗਰ ਕੌਂਸਲ ਨੇ ਬੜੀ ਤੇਜ਼ੀ ਦਿਖਾਈ ਸੀ, ਜਿਸ 'ਤੇ ਇਸ ਦੁਕਾਨਦਾਰ ਨੂੰ ਨੋਟਿਸ ਵੀ ਕੱਢੇ ਗਏ, ਥਾਣੇ ਵੀ ਲਿਖ ਕੇ ਦਿੱਤਾ ਤੇ ਬੁਲਡੋਜ਼ਰ ਨਾਲ ਢਾਹੁਣ ਦਾ ਡਰਾਮਾ ਵੀ ਖੇਡਿਆ, ਪਰ ਉਸ ਤੋਂ ਬਾਅਦ ਨਜਾਇਜ਼ ਉਸਾਰੀ ਹੋਰ ਵਧਦੀ ਗਈ। ਹੁਣ ਇਸ ਦੁਕਾਨਦਾਰ ਨੇ ਸ਼ਟਰ ਵਗੈਰਾ ਲਾ ਕੇ ਰੰਗ ਰੋਗਨ ਕਰ ਦਿੱਤਾ ਤਾਂ ਜੁ ਬਿਲਡਿੰਗ ਪੁਰਾਣੀ ਲੱਗੇ। ਦੂਜੇ ਪਾਸੇ ਸਮਾਜ ਸੇਵੀਆਂ ਵੱਲੋਂ ਦਿੱਤੀਆਂ ਦਰਖਾਸਤਾਂ ਦੇ ਬਾਵਜੂਦ ਇਕ ਸਾਲ ਨਗਰ ਕੌਂਸਲ ਦਾ ਚੁੱਪ ਹੋ ਜਾਣਾ ਇਹੀ ਦਰਸਾਉਂਦਾ ਹੈ ਕਿ ਜਾਂ ਤਾਂ ਨਗਰ ਕੌਂਸਲ ਵਾਲਿਆਂ ਦੀ ਕੋਈ ਮਿਲੀਭੁਗਤ ਹੈ ਜਾਂ ਇਸ ਦੁਕਾਨਦਾਰ ਦੀਆਂ ਆਰ ਟੀ ਆਈਆਂ ਤੋਂ ਡਰ ਗਏ ਹਨ। ਹੁਣ ਇਸ ਦੁਕਾਨਦਾਰ ਕੋਲ ਕੋਈ ਵੀ ਸਟੇਅ ਵਗੈਰਾ ਨਹੀ ਹੈ। ਜੇ ਬਠਿੰਡਾ ਸ਼ਹਿਰ ਵਿੱਚ ਨਜਾਇਜ਼ ਉਸਾਰੀਆਂ ਤੇ ਪੀਲਾ ਪੰਜਾ ਚੱਲ ਸਕਦਾ ਹੈ ਤਾਂ ਇਸ ਦੁਕਾਨਦਾਰ 'ਤੇ ਕਿਉਂ ਨਹੀਂ। ਦੂਜੇ ਪਾਸੇ ਇਸ ਦੁਕਾਨਦਾਰ ਨੇ ਇਨ੍ਹਾਂ ਆਰ ਟੀ ਆਈ ਦੀ ਆੜ ਵਿੱਚ ਆਪਣੇ ਭਾਈ ਦੀ ਦੁਕਾਨ ਜੋ ਥਾਣੇ ਵਾਲੀ ਗਲੀ ਦੀ ਨੁੱਕਰ ਤੇ ਹੈ ਤੇ ਇਹ ਦੁਕਾਨ ਜੋ ਨਗਰ ਕੌਂਸਲ ਦੇ ਲੱਖਾਂ ਰੁਪਏ ਦੇਣ ਕਾਰਨ ਡਿਫਾਲਟਰ ਹੈ ਦੀ ਬਿਨਾਂ ਮਨਜ਼ੂਰੀ ਲਏ ਇਸ ਵਿੱਚ ਭਰਤ ਪਾ ਕੇ ਮੁਰੰਮਤ ਕਰਨਾ ਤੇ ਸਾਇਡ 'ਤੇ ਸਰਕਾਰੀ ਜਗ੍ਹਾ 'ਤੇ ਬਾਥਰੂਮ ਬਣਾ ਕੇ ਕਬਜ਼ਾ ਕਰਨਾ।

ਨਗਰ ਕੌਂਸਲ ਦੇ ਧਿਆਨ ਵਿੱਚ ਆਉਣ ਦੇ ਬਾਵਜੂਦ ਕੋਈ ਕਾਰਵਾਈ ਕਰਨ ਦੀ ਥਾਂ ਅੱਖਾਂ ਹੀ ਮੀਟ ਲੈਣੀਆਂ, ਇਸਨੂੰ ਕੀ ਸਮਝਿਆ ਜਾਵੇ। ਬਲੈਕਮੇਲਰ ਤੇ ਲੜਾਈ ਝਗੜੇ ਕਾਰਨ ਇਸ ਮਸ਼ਹੂਰ ਦੁਕਾਨਦਾਰ 'ਤੇ ਪਹਿਲਾਂ ਵੀ ਥਾਣਾ ਸਿਟੀ ਵਿਖੇ ਕਈ ਅਪਰਾਧਿਕ ਮਾਮਲੇ ਦਰਜ ਹਨ। ਇੱਕ ਹੋਰ ਫ਼ੈਸਲੇ 'ਚ ਮਾਨਯੋਗ ਕੋਰਟ ਨੇ ਇਸ ਦੁਕਾਨਦਾਰ ਸਬੰਧੀ ਲਿਖਿਆ ਹੈ ਕਿ ਇਨ੍ਹਾਂ ਲੋਕਾਂ ਨੇ ਰਲ ਕੇ ਇਕ ਗੈਂਗ ਬਣਾਇਆ ਹੋਇਆ ਹੈ ਇਹ ਭੋਲੇ-ਭਾਲੇ ਲੋਕਾਂ ਨੂੰ ਬਲੈਕਮੇਲ ਕਰਦੇ ਹਨ ਤੇ ਝੂਠੀਆਂ ਦਰਖਾਸਤਾਂ ਦੇਣ ਦੇ ਆਦੀ ਹਨ।

# ਮਕਾਨ ਦੀ ਛੱਤ ਡਿੱਗਣ ਕਾਰਨ ਭਾਰੀ ਨੁਕਸਾਨ

## ਜਾਨੀ ਨੁਕਸਾਨ ਤੋਂ ਬਚਾਅ, ਸਰਕਾਰ ਤੋਂ ਮੁਆਵਜ਼ੇ ਦੀ ਮੰਗ



**ਧੂਰੀ (ਸੁਖਦੇਵ ਧੂਰੀ)**-ਬੱਸ ਸਟੈਂਡ ਰੋਡ 'ਤੇ ਗਾਂਧੀ ਬਸਤੀ ਵਿੱਚ ਇੱਕ ਸਫ਼ਾਈ ਮਜ਼ਦੂਰ ਵਿੱਕੀ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਭਾਰੀ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਰ ਵਿੱਚ ਪਿਆ ਸਮਾਨ ਬੁਰੀ ਤਰਾ ਨੁਕਸਾਨਿਆ ਗਿਆ। ਵਿੱਕੀ ਦੀ ਪਤਨੀ ਨੇ ਭਰੇ ਮਨ ਨਾਲ ਦੱਸਿਆ ਕਿ ਮੁੱਖ ਮੰਤਰੀ ਦੇ ਦਫ਼ਤਰ ਵਿੱਚ ਸਹਾਇਤਾ ਲਈ ਬੇਨਤੀ ਪੱਤਰ ਦਿੱਤਾ ਗਿਆ ਹੈ ਨਗਰ ਕੌਂਸਲ ਦਫ਼ਤਰ ਵਿੱਚ ਵੀ ਮਕਾਨ ਦੀ ਮੁਰੰਮਤ ਕਰਨ ਲਈ ਸਹਿਯੋਗ ਦੇਣ ਲਈ ਅਰਜ਼ੀ ਦਿੱਤੀ ਗਈ ਹੈ, ਪ੍ਰੰਤੂ ਅਜੇ ਤੱਕ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਘਰ ਵਿੱਚ ਗੁਜ਼ਾਰੇ ਲਈ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ। ਪੰਜਾਬ ਸਰਕਾਰ ਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਸਹਿਯੋਗ ਦੇਣ ਲਈ ਅਪੀਲ ਕਰਦਿਆਂ ਇਸ ਔਖੀ ਘੜੀ ਵਿੱਚ ਮਦਦ ਦੀ ਗੁਹਾਰ ਲਾਈ ਗਈ। ਇਸ ਮੌਕੇ ਤਰਸੇਮ ਰਿੰਕੂ ਤੇ ਉਸ ਦੇ ਸਾਥੀ ਵੀ ਹਾਜ਼ਰ ਸਨ।

# ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਦਾ ਗਠਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਕੋਟਕਪੂਰਾ ਰੋਡ ਉੱਪਰ ਸਥਿਤ ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਬਾਘਾ ਪੁਰਾਣਾ ਦੀ ਮੀਟਿੰਗ ਵਿੱਚ ਹੋਈ, ਜਿਸ ਵਿੱਚ ਮਾਰਕੀਟ ਕਮੇਟੀ ਦੇ ਸਮੂਹ ਕਰਮਚਾਰੀ ਸ਼ਾਮਲ ਹੋਏ। ਮੀਟਿੰਗ ਵਿੱਚ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੀ ਇਕਾਈ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਰਬਸੰਮਤੀ ਨਾਲ ਸਮੂਹ ਮੁਲਾਜ਼ਮਾਂ ਦੀ ਸਹਿਮਤੀ ਦੇ ਨਾਲ ਗੁਰਪ੍ਰੀਤ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੌਰਾਨ ਹੀ ਗੁਰਪ੍ਰੀਤ ਸਿੰਘ ਪ੍ਰਧਾਨ ਦੀ ਅਗਵਾਈ ਵਿੱਚ ਸਮੂਹ ਮੁਲਾਜ਼ਮਾਂ ਵੱਲੋਂ ਗੋਬਿਦ ਸਿੰਘ ਸੇਵਾਦਾਰ ਨੂੰ ਵਾਇਸ ਪ੍ਰਧਾਨ, ਮਨਪ੍ਰੀਤ ਸਿੰਘ ਨੂੰ ਜਰਨਲ ਸਕੱਤਰ, ਹਰਪ੍ਰੀਤ ਕੌਰ ਨੂੰ ਖਜ਼ਾਨਚੀ, ਹਰਜੀਤ ਸਿੰਘ ਕਲਰਕ ਨੂੰ ਪ੍ਰੈੱਸ ਸਕੱਤਰ ਚੁਣੇ ਜਾਣ ਦੇ ਇਲਾਵਾ ਹਰਜਿੰਦਰ ਕੌਰ ਮਾਨ, ਕੁਲਜਿੰਦਰ ਸਿੰਘ, ਵਿਪਨ, ਕਿਰਨ ਕੁਮਾਰ, ਸੁਭਾਸ਼ ਚੰਦਰ, ਜੋਤੀ, ਜਗਜੀਵਨ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਜੋ ਉਸ ਨੂੰ ਸਮੂਹ ਮੁਲਾਜ਼ਮਾਂ ਨੇ ਜ਼ਿੰਮੇਵਾਰੀ ਸੌਂਪੀ ਹੈ, ਉਹ ਤਨਦੇਹੀ ਨਾਲ ਨਿਭਾਉਂਦਾ ਹੋਇਆ ਮੁਲਾਜ਼ਮਾਂ ਦੇ ਹੱਕਾਂ ਲਈ ਦਿਨ-ਰਾਤ ਇੱਕ ਕਰ ਦੇਵੇਗਾ। ਇਸ ਮੌਕੇ ਸਮੂਹ ਨਵ-ਨਿਯੁਕਤ ਮੈਂਬਰਾਂ ਨੇ ਅਹਿਦ ਲਿਆ ਕਿ ਉਹ ਇਕਜੁੱਟ ਹੋ ਕੇ ਅਪਣੇ ਹੱਕਾਂ ਲਈ ਇਕ ਦੂਸਰੇ ਦਾ ਸਾਥ ਦੇਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਮਾਰਕੀਟ ਕਮੇਟੀ ਦੇ ਮੁਲਾਜ਼ਮ ਹਾਜ਼ਰ ਸਨ।

# ਧਰਮਪੁਰਾ 'ਚ ਬਣੀ ਲਾਇਬ੍ਰੇਰੀ ਨੇ ਨੌਜਵਾਨਾਂ, ਸਿਆਣਿਆਂ ਤੇ ਨਿਆਣਿਆਂ ਨੂੰ ਪੜ੍ਹਨੇ ਪਾਇਆ

■ ਆਰ. ਨੇਤ ਨੇ ਵੀ ਕੀਤੀ ਇਸ ਕਾਰਜ ਦੀ ਸ਼ਲਾਘਾ



**ਬਰੇਟਾ (ਰੀਤਵਾਲ)**-ਬਰੇਟਾ ਤੋਂ ਬੋਹਾ ਸੜਕ 'ਤੇ ਪੈਂਦੇ ਪਿੰਡ ਧਰਮਪੁਰਾ ਕਿਸੇ ਸਮੇਂ ਸਭ ਤੋਂ ਵੱਧ ਅਨਪੜ੍ਹਤਾ ਵਾਲੇ ਪਿੰਡਾਂ ਵਿੱਚ ਗਿਣਿਆ ਜਾਂਦਾ ਸੀ ਤੇ ਅਜੋਕੇ ਸਮੇਂ ਵਿੱਚ ਨੌਜਵਾਨਾਂ ਨੇ ਬੀੜਾ ਚੁੱਕ ਕੇ ਤਰੱਕੀ ਦੇ ਰਾਹ ਖੋਲ੍ਹਦੇ ਹੋਏ ਬਰੇਟਾ ਇਲਾਕੇ ਦੇ ਪਿੰਡ ਧਰਮਪੁਰਾ ਵਿਖੇ ਬਣੀ ਮਾਤਾ ਗੁਜਰੀ ਲਾਇਬ੍ਰੇਰੀ ਕਿਸੇ ਸ਼ਹਿਰੀ ਖੇਤਰ ਤੋਂ ਘੱਟ ਨਹੀਂ ਹੈ। ਇਸ ਲਾਇਬ੍ਰੇਰੀ ਵਿੱਚ ਸਿਆਣਿਆਂ, ਨਿਆਣਿਆਂ ਤੇ ਨੌਜਵਾਨਾਂ ਲਈ ਵੱਖ ਵੱਖ ਲਿਟਰੇਚਰ ਪੜ੍ਹਨ ਵਾਸਤੇ ਹਰ ਤਰ੍ਹਾਂ ਦੀ ਸੁਵਿਧਾ ਵੀ ਬਣਾਈ ਗਈ ਹੈ। ਪਿੰਡ ਦੀ ਪੰਚਾਇਤ ਨੇ ਮੌਕੇ ਦੇ ਡਿਪਟੀ ਕਮਿਸ਼ਨਰ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਸੁੰਦਰ ਨਕਸ਼ਾ ਤਿਆਰ ਕਰਵਾ ਕੇ ਸਬੰਧਤ ਲਾਇਬ੍ਰੇਰੀ ਵਿੱਚ ਪੜ੍ਹਨ ਵਾਲਿਆਂ ਦੇ ਬੈਠਣ ਲਈ ਸਾਧਨ ਵੀ ਬਣਾਏ ਗਏ ਹਨ ਤੇ ਇਲਾਕੇ ਵਿੱਚ ਇਸ ਦੀ ਨਿਰਮਾਣਤਾ ਵੱਡੇ ਸ਼ਹਿਰਾਂ ਦੀ ਲਾਇਬਰੇਰੀ ਦੀ ਤਰਜ 'ਤੇ ਕੀਤੀ ਗਈ ਹੈ।

ਪਿੰਡ ਦੇ ਸਰਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਤੇ ਬੁਰੀਆਂ ਆਦਤਾਂ ਦੀ ਦਲਦਲ ਵਿੱਚ ਜਾਣ ਦੀ ਬਜਾਏ ਬੁੱਧੀਜੀਵੀ ਬਣਾਉਣ ਲਈ ਇਸ ਲਾਇਬ੍ਰੇਰੀ ਨੂੰ ਸਮਾਂ ਕੱਢ ਕੇ ਸ਼ੌਕ ਨਾਲ ਤਿਆਰ ਕਰਵਾਇਆ ਗਿਆ ਹੈ ਤਾਂ ਕਿ ਪਿੰਡ ਦੇ ਨੌਜਵਾਨਾਂ ਨੂੰ ਦਿਮਾਗੀ ਕਸਰਤ ਕਰਨ ਲਈ ਵਧੀਆ ਸਾਧਨ ਤੇ ਵਾਤਾਵਰਨ ਮਿਲ ਸਕੇ ਅਤੇ ਇਸ ਲਾਇਬ੍ਰੇਰੀ ਵਿੱਚ ਆਪਣੇ ਮਨ ਪਸੰਦ ਦੀਆਂ ਕਿਤਾਬਾਂ ਨਾਲ ਦਿਮਾਗ ਨੂੰ ਨਵਾਂ ਨਰੋਆ ਬਣਾ ਸਕਣ। ਉਨ੍ਹਾਂ ਦੱਸਿਆ ਕਿ ਇਸ ਲਾਇਬ੍ਰੇਰੀ ਨੂੰ ਖੁੱਲ੍ਹੇ ਮਾਹੌਲ ਵਿੱਚ ਬਣਾ ਕੇ ਇਸ ਦੇ ਆਲੇ-ਦੁਆਲੇ ਕਈ ਤਰ੍ਹਾਂ ਦੇ ਪੌਦੇ ਵਿਸ਼ੇਸ਼ ਤੌਰ 'ਤੇ ਲਗਾਏ ਗਏ ਹਨ ਤਾਂ ਕਿ ਲਾਇਬ੍ਰੇਰੀ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋ ਸਕੇ। ਇਲਾਕੇ ਵਿੱਚ ਪਹਿਲ ਦੇ ਆਧਾਰ 'ਤੇ ਬਣਾਈ ਗਈ ਇਹ ਲਾਇਬ੍ਰੇਰੀ ਕਿਸੇ ਅਜੂਬੇ ਤੋਂ ਘੱਟ ਨਹੀਂ, ਜਿਸ ਨੂੰ ਬਾਹਰਲੇ ਪਿੰਡਾਂ ਦੇ ਨੌਜਵਾਨਾਂ ਤੋਂ ਇਲਾਵਾ ਦੂਰ ਦੁਰਾਡੇ ਦੇ ਨੌਜਵਾਨ ਵੀ ਦੇਖਣ ਲਈ ਆਉਂਦੇ ਹਨ। ਪਿੰਡ ਵਾਸੀ ਬਲਵੀਰ ਸਿੰਘ, ਗੁਰਦਾਸ ਸਿੰਘ, ਚਮਕੌਰ ਸਿੰਘ ਤੇ ਡਾ. ਭੋਲਾ ਸਿੰਘ ਤੋਂ ਇਲਾਵਾ ਪਿੰਡ ਦੇ ਜੰਮਪਲ ਮਸ਼ਹੂਰ ਕਲਾਕਾਰ ਆਰ. ਨੇਤ ਆਧੁਨਕ ਤੌਰ 'ਤੇ ਮਾਤਾ ਗੁਜਰੀ ਦੇ ਨਾਮ 'ਤੇ ਬਣੀ ਇਸ ਲਾਇਬ੍ਰੇਰੀ ਦੀ ਸਥਾਪਨਾ ਨੂੰ ਲੈ ਕੇ ਪੰਜਾਬ ਸਰਕਾਰ ਤੇ ਪੰਚਾਇਤ ਦਾ ਧੰਨਵਾਦ ਕਰਦੇ ਨਹੀਂ ਥੱਕਦੇ, ਕਿਉਂਕਿ ਇਨ੍ਹਾਂ ਨੇ ਪੰਜਾਬ ਪੱਧਰ 'ਚੋਂ ਪੱਛੜੇ ਹੋਏ ਇਲਾਕੇ ਦੇ ਪਿੰਡ ਧਰਮਪੁਰਾ ਦੇ ਨੌਜਵਾਨਾਂ ਨੂੰ ਸਹੀ ਸੇਧ ਦੇਣ ਦਾ ਧਿਆਨ ਰੱਖਦੇ ਹੋਏ ਇੱਕ ਵਰਦਾਨ ਸਾਬਤ ਕਰਨ ਦਾ ਕਦਮ ਚੁੱਕਿਆ ਹੈ।

# ਰਾਣਵਾਂ ਦੰਗਲ ਮੇਲੇ 'ਚ ਓਮੇਸ਼ ਮਥੁਰਾ ਨੇ ਰੋਜ਼ੀ ਕਪੂਰਥਲਾ ਨੂੰ ਚਿੱਤ ਕੀਤਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਰਾਮ ਜੋਗੀ ਪੀਰ ਪ੍ਰਬੰਧਕ ਕਮੇਟੀ ਰਾਣਵਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 70 ਤੋਂ ਵੱਧ ਕੁਸ਼ਤੀਆਂ ਦੇ ਜੌਹਰ ਦਿਖਾਏ ਗਏ, ਜਿਨ੍ਹਾਂ ਨੂੰ ਮੀਂਹ ਪੈਂਦੇ ਵਿੱਚ ਵੀ ਦਰਸ਼ਕਾਂ ਨੇ ਸਾਹ ਰੋਕ ਕੇ ਦੇਖਿਆ। ਬਾਬਾ ਰਾਮ ਜੋਗੀ ਪੀਰ ਦੇ ਸਥਾਨ ਤੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਪ੍ਰਬੰਧਕਾਂ ਨੇ ਝੰਡੀ ਨੂੰ ਅਖਾੜੇ ਵਿੱਚ ਲਿਆਂਦਾ। ਝੰਡੀ ਦੀ ਕੁਸ਼ਤੀ ਵਿਚ ਓਮੇਸ਼ ਮਥੁਰਾ ਨੇ ਰੋਜ਼ੀ ਕਪੂਰਥਲਾ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ਤੇ ਦੂਸਰੀ ਕੁਸ਼ਤੀ ਅੰਕਿਤ ਮਥੁਰਾ ਤੇ ਸੁੱਖ ਮੰਡ ਚੌਂਤਾ ਵਿਚਕਾਰ ਬਰਾਬਰ ਰਹੀ। ਸਮੁੱਚੇ ਦੰਗਲ ਮੇਲੇ ਦਾ ਅੱਖੀਂ ਡਿੱਠਾ ਹਾਲ ਰੱਬੀ ਗੱਗੋਂ ਤੇ ਪ੍ਰਿੰਸ ਪੂਨੀਆਂ ਨੇ ਸੁਣਾਇਆ। ਜੇਤੂ ਪਹਿਲਵਾਨਾਂ ਨੂੰ ਸਨਮਾਨਤ ਕਰਨ ਦੀ ਰਸਮ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਜ਼ਿਲ੍ਹਾ ਪ੍ਰਧਾਨ ਜਸਮੇਲ ਸਿੰਘ ਬੌਂਦਲੀ, ਸੁਖਜਿੰਦਰ ਸਿੰਘ ਮਾਨ, ਬਲਾਕ ਸੰਮਤੀ ਮੈਂਬਰ ਅਮਨਦੀਪ ਸਿੰਘ ਗੁਰੋਂ, ਸੁਖਵਿੰਦਰ ਗਿੱਲ, ਜਗਮੀਤ ਮੱਕੜ, ਪ੍ਰਵੀਨ ਮੱਕੜ, ਲਾਲਾ ਮੰਗਤ ਰਾਏ, ਪਰਮਿੰਦਰ ਤਿਵਾੜੀ, ਗੁਰਮੁਖ ਸਿੰਘ, ਹਰਚੰਦ ਸਿੰਘ, ਸੁਖਜਿੰਦਰ ਸਿੰਘ ਖੀਰਨੀਆਂ, ਕਰਮਜੀਤ ਸਿੰਘ ਹੇੜੀਆਂ, ਕਰਮਜੀਤ ਸਿੰਘ, ਕਰਮਜੀਤ ਸਿੰਘ ਅਢਿਆਣਾ ਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਹਾਦਰ ਸਿੰਘ, ਸਾਬਕਾ ਸਰਪੰਚ ਮੇਵਾ ਸਿੰਘ ਤੇ ਬਲਵਿੰਦਰ ਸਿੰਘ, ਜਸਵੀਰ ਸਿੰਘ, ਡਾ. ਜਸਦੇਵ ਸਿੰਘ, ਡਾ. ਹਰਬੰਸ ਸਿੰਘ, ਗੁਰਦੁਆਰਾ ਪ੍ਰਧਾਨ ਦਲੀਪ ਸਿੰਘ, ਰਜਿੰਦਰ ਸਿੰਘ ਚਹਿਲ, ਅਵਤਾਰ ਸਿੰਘ ਫੌਜੀ, ਪ੍ਰੇਮ ਸਿੰਘ ਆਦਿ ਨੇ ਅਦਾ ਕੀਤੀ।

22-Sep-PAGE-11-Majha-2023.qxd 9/21/2023 10:50 PM Page 1



# 28 ਦੇ ਰੇਲ ਰੋਕੂ ਧਰਨੇ ਸੰਬੰਧੀ ਜ਼ੋਨ ਪੱਧਰੀ ਮੀਟਿੰਗ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਅੱਜ ਤਰਨ ਤਾਰਨ ਜ਼ਿਲ੍ਹੇ ਦੇ ਜ਼ੋਨ ਬਾਬਾ ਬੀਰ ਸਿੰਘ ਦੀ ਮੀਟਿੰਗ ਗੁਰਦੁਆਰਾ ਗੁਰੂਸਰ ਸਾਹਿਬ ਪੱਟੀ ਮੋੜ ਪਿੰਡ ਰਸੂਲਪੁਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ, ਜ: ਸਕੱਤਰ ਬਲਜਿੰਦਰ ਸਿੰਘ ਸੇਰੋਂ ਤੇ ਬੀਬੀ ਦਵਿੰਦਰ ਕੌਰ ਪਿੱਦੀ ਨੇ ਕਿਹਾ ਕਿ ਪੰਜਾਬ ਵਿੱਚ ਇਸ ਵਾਰ ਝੋਨੇ ਦੇ ਸੀਜ਼ਨ ਦੌਰਾਨ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਵਿਚ ਹੋਈ ਕੁਤਾਹੀ ਕਾਰਨ ਪੰਜਾਬ ਵਿੱਚ ਦੋਹਰੀ ਮਾਰ ਝੱਲਣੀ ਪਈ। ਇਕ ਸੀਜ਼ਨ ਦੌਰਾਨ ਦੋ ਵਾਰੀ ਝੋਨਾ ਲਗਾਇਆ ਗਿਆ ਪਰ ਪਾਣੀ ਦੀ ਮਾਰ ਨੇ ਪੰਜਾਬ ਦੇ 11 ਜ਼ਿਲ੍ਹਿਆਂ ਵਿਚ ਲੱਖਾਂ ਏਕੜ ਝੋਨੇ ਦਾ ਰਕਬਾ ਤਬਾਹ ਕਰਕੇ ਰੱਖ ਦਿੱਤਾ। ਕਿਸਾਨਾਂ ਦੀਆਂ ਜ਼ਮੀਨਾਂ ਵਿਚ ਅਜੇ ਵੀ ਪਾਣੀ ਭਰਿਆ ਹੋਇਆ ਹੈ। ਦਰਿਆਵਾਂ ਨੇੜੇ ਜ਼ਮੀਨਾਂ ਵਿਚ 10-10 ਫੁੱਟ ਰੇਤਾ ਚੜ੍ਹ ਗਈ ਹੈ। ਸੂਬਾ ਤੇ ਕੇਂਦਰ ਸਰਕਾਰ ਨੇ ਹੜ੍ਹਾਂ ਦੇ ਮਾਰੇ ਕਿਸਾਨਾਂ ਦੀ ਕੋਈ ਸਾਰ ਨਹੀਂ ਲਈ। ਮਾਨ ਸਰਕਾਰ ਵੱਲੋਂ ਤਾਂ ਅਜੇ ਤੱਕ ਹੜ੍ਹਾਂ ਵਾਲੇ ਪੂਰੇ ਖੇਤਰਾਂ ਦੀ ਗਿਰਦਾਵਰੀ ਵੀ ਅਮਲ ਵਿੱਚ ਨਹੀ ਲਿਆਂਦੀ ਗਈ, ਸਿਰਫ ਝੂਠੇ ਵਾਅਦੇ ਹੀ ਕਰ ਰਹੇ ਹਨ ਤੇ ਮੋਦੀ ਸਰਕਾਰ ਨੇ ਵੀ ਕਿਸਾਨੀ ਵਾਸਤੇ ਕੋਈ ਫੰਡ ਅਜੇ ਤੱਕ ਜਾਰੀ ਨਹੀਂ ਕੀਤਾ, ਸਗੋਂ ਜੀ 20 ਟਵੈਂਟੀ 'ਤੇ 4100 ਕਰੋੜ ਰੁਪਈਆ ਦੇਸਸ਼ ਦੇ ਖਜ਼ਾਨੇ ਵਿਚੋਂ ਫੂਕ ਦਿੱਤਾ ਹੈ। ਹੜ੍ਹਾਂ ਦੇ ਮੁਆਵਜ਼ੇ ਲਈ ਪੂਰੇ ਉੱਤਰ ਭਾਰਤ ਦੀਆਂ 16 ਕਿਸਾਨ ਮਜ਼ਦੂਰ ਜਥੇਬੰਦੀਆਂ 22 ਅਗਸਤ ਨੂੰ ਚੰਡੀਗੜ੍ਹ ਵਿੱਚ ਮੋਰਚਾ ਲਗਾਇਆ ਜਾ ਰਿਹਾ ਸੀ ਜਿਸ ਮੋਰਚੇ ਨੂੰ ਫੇਲ੍ਹ ਕਰਨ ਲਈ ਮਾਨ ਸਰਕਾਰ ਨੇ ਆਪਣਾ ਤਾਨਾਸ਼ਾਹ ਰੁਖ ਅਪਣਾਉਂਦੇ ਹੋਏ 300 ਤੋਂ ਵੱਧ ਕਿਸਾਨਾਂ ਮਜ਼ਦੂਰਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਤੇ ਸੰਗਰੂਰ ਵਿੱਚ ਲਾਠੀਚਾਰਜ ਕਰਕੇ ਕਿਸਾਨ ਪ੍ਰੀਤਮ ਸਿੰਘ ਨੂੰ ਸ਼ਹੀਦ ਕਰ ਦਿੱਤਾ। ਮਾਨ ਸਰਕਾਰ ਹੜ੍ਹਾਂ ਦੇ ਮੁਆਵਜ਼ੇ ਸਬੰਧੀ ਭਗੌੜੀ ਹੋ ਚੁੱਕੀ ਹੈ। ਇਸ ਲਈ ਹੁਣ 16 ਜਥੇਬੰਦੀਆਂ ਵੱਲੋਂ 28 ਸਤੰਬਰ ਨੂੰ ਉੱਤਰੀ ਭਾਰਤ ਵਿੱਚ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਮੰਗਾਂ 'ਚ ਉਤਰੀ ਭਾਰਤ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ 50 ਹਜ਼ਾਰ ਕਰੋੜ ਦਾ ਵਿਸ਼ੇਸ਼ ਪੈਕੇਜ ਜਾਰੀ ਕਰੇ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦਾ ਸੀ.2 ਫਾਰਮੂਲਾ ਲਾਗੂ ਕਰਨ, ਮਨਰੇਗਾ ਤਹਿਤ 200 ਦਿਨ ਰੁਜ਼ਗਾਰ, ਪੰਜਾਬ ਵਿਚ ਤੇ ਉਤਰੀ ਭਾਰਤ ਵਿਚ ਭਿਆਨਕ ਤੇ ਮਾਰੂ ਕੈਮੀਕਲ ਤੇ ਸੰਥੈਟਿਕ ਨਸ਼ੇ ਬੰਦ ਕੀਤੇ ਜਾਣ, ਐਮ ਐਸ ਪੀ ਗਰੰਟੀ ਕਾਨੂੰਨ ਬਣਾਉਣ, ਦਿੱਲੀ ਮੋਰਚੇ ਦੌਰਾਨ ਪਾਏ ਪੁਲਸ ਕੇਸ ਰੱਦ ਕਰਨ ਤੇ ਲਖੀਮਪੁਰ ਖੀਰੀ ਕਾਂਡ ਦਾ ਇਨਸਾਫ ਦੇਣ ਸਬੰਧੀ ਆਦਿ ਮੰਗਾਂ ਹਨ। ਇਸ ਮੌਕੇ ਬਲਦੀਸ਼ ਕੌਰ ਪਿੱਦੀ, ਨਿਰਮਲ ਸਿੰਘ ਪਿੱਦੀ, ਫਤਿਹ ਸਿੰਘ ਪਿੱਦੀ, ਸਰਮੁੱਖ ਸਿੰਘ ਸੇਰੋਂ, ਅਮਨਦੀਪ ਸਿੰਘ ਸੇਰੋਂ, ਅਵਤਾਰ ਸਿੰਘ ਸਹਾਬਪੁਰ, ਫੁੰਮਣ ਸਿੰਘ ਬਾਠ, ਮੇਜਰ ਸਿੰਘ ਦੁਗਲਵਾਲਾ, ਸੁਖਦੇਵ ਸਿੰਘ ਸਹਾਬਪੁਰ, ਗਿਆਨਦੀਪ ਸਿੰਘ ਬਾਗੜੀਆਂ, ਬਾਬਾ ਸੁੱਖਾ, ਰਘਬੀਰ ਸਿੰਘ ਰੈਸੀਆਣਾ, ਹਰਦੇਵ ਸਿੰਘ ਪੰਡੋਰੀ ਗੋਲਾ, ਮੰਗਲ ਕਲੇਰ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਸੜਕ ਹਾਦਸੇ 'ਚ ਜ਼ਖਮੀ ਵਿਅਕਤੀ ਦੀ ਮੌਤ

ਗੁਰਦਾਸਪੁਰ (ਜਨਕ ਮਹਾਜਨ)- ਕਸ਼ਮੀਰ ਕੌਰ ਪਤਨੀ ਚੰਨਣ ਸਿੰਘ ਵਾਸੀ ਵੀਰਾ ਕੋਟਲੀ ਥਾਣਾ ਡੇਰਾ ਬਾਬਾ ਨਾਨਕ ਨੇ ਥਾਣਾ ਕਲਾਨੌਰ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਭਰਾ ਮੇਜਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਮੋੜ ਉਮਰ 57 ਸਾਲ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਲਾਨੌਰ ਸਾਈਡ ਨੂੰ ਆ ਰਿਹਾ ਸੀ। ਜਦ ਉਹ ਅਗਵਾਨ ਚੌਕ ਪੁੱਜਾ ਤਾਂ ਰੁੜਿਆਣਾ ਰੋਡ 'ਤੇ ਪਹੁੰਚਿਆ ਤਾਂ ਇੱਕ ਬਲੈਨੋ ਕਾਰ ਜਿਸ ਨੂੰ ਸੁਖਬੀਰ ਸਿੰਘ ਪੁੱਤਰ ਸ਼ਾਮ ਲਾਲ ਵਾਸੀ ਅਵਾਂਖਾ ਚਲਾ ਰਿਹਾ ਸੀ ਨੇ ਆਪਣੀ ਕਾਰ ਬਿਨਾਂ ਹਾਰਨ ਦਿੱਤੇ ਲਾਪ੍ਰਵਾਹੀ ਨਾਲ ਚਲਾਉਂਦੇ ਹੋਏ ਮੇਜਰ ਸਿੰਘ ਦੇ ਮੋਟਰਸਾਈਕਲ ਵਿੱਚ ਮਾਰ ਦਿੱਤੀ ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਇਸ ਦੌਰਾਨ ਕਾਰ ਦੇ ਡਰਾਈਵਰ ਸੁਖਬੀਰ ਸਿੰਘ ਨੇ ਮੇਜਰ ਸਿੰਘ ਨੂੰ ਇਲਾਜ ਲਈ ਦਿਉਲ ਹਸਪਤਾਲ ਗੁਰਦਾਸਪੁਰ ਦਾਖਲ ਕਰਵਾਇਆ ਜਿਥੇ ਇਲਾਜ ਦੌਰਾਨ ਮੇਜਰ ਸਿੰਘ ਦੀ ਮੌਤ ਹੋ ਗਈ।

ਪੁਲਸ ਨੇ ਸੁਖਬੀਰ ਸਿੰਘ ਖ਼ਿਲਾਫ਼ ਧਾਰਾ 304 ਏ, 427 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਭਾਰੀ ਮੀਂਹ ਤੇ ਤੇਜ਼ ਹਵਾਵਾਂ ਨਾਲ ਝੋਨੇ ਦੀ ਫਸਲ ਵਿਛੀ



ਗੁਰਦਾਸਪੁਰ (ਜਨਕ ਮਹਾਜਨ)- ਬੀਤੇ ਤਿੰਨ ਦਿਨਾਂ ਤੋਂ ਲਗਾਤਾਰ ਹੋਈ ਭਾਰੀ ਵਰਖਾ ਅਤੇ ਤੇਜ਼ ਹਵਾਵਾਂ ਚੱਲਣ ਕਾਰਨ ਝੋਨੇ ਦੀ ਫ਼ਸਲ ਧਰਤੀ 'ਤੇ ਵਿਛਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਣ ਦਾ ਅਨੁਮਾਨ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਬੇਟ ਏਰੀਏ ਦੇ ਪਿੰਡ ਨੰਗਲ, ਲਮੀਣ, ਕਰਾਲ, ਗਾਜੀਕੋਟ, ਚੰਦਰਭਾਨ, ਛੀਨਾ ਬੇਟ, ਪੰਡੋਰੀ ਮਹੰਤਾ, ਕਰਵਾਲ ਦੇ ਕਿਸਾਨਾਂ ਨੇ ਦੱਸਿਆ ਕਿ ਭਾਰੀ ਵਰਖਾ ਅਤੇ ਤੇਜ਼ ਹਵਾ ਚੱਲਣ ਕਾਰਨ ਸੈਂਕੜੇ ਏਕੜ ਦੇ ਕਰੀਬ ਝੋਨੇ ਦੀ ਫ਼ਸਲ ਧਰਤੀ 'ਤੇ ਵਿਛ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੇ ਹੇਠਾਂ ਡਿਗਣ ਕਾਰਨ ਝਾੜ ਵਿਚ ਕਾਫ਼ੀ ਫਰਕ ਪਵੇਗਾ। ਉਨ੍ਹਾਂ ਦੱਸਿਆ ਕਿ ਬਹੁਤ ਜ਼ਿਆਦਾ ਮਿਹਨਤ ਅਤੇ ਕਾਫ਼ੀ ਖਰਚਾ ਕਰਕੇ ਉਨ੍ਹਾਂ ਨੇ ਝੋਨੇ ਦੀ ਫ਼ਸਲ ਦੀ ਬਿਜਾਈ ਕੀਤੀ ਸੀ ਪਰ ਹੁਣ ਕੁਦਰਤੀ ਮਾਰ ਨੇ ਉਨ੍ਹਾਂ ਦਾ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਜੇਕਰ ਆਉਣ ਵਾਲੇ ਦਿਨਾਂ ਵਿਚ ਹੋਰ ਵਰਖਾ ਹੋਈ ਤਾਂ ਹੋਰ ਵੀ ਜ਼ਿਆਦਾ ਝੋਨੇ ਦੀ ਫ਼ਸਲ ਖ਼ਰਾਬ ਹੋਵੇਗੀ। ਪਿਛਲੇ ਦਿਨੀਂ ਬੇਟ ਏਰੀਏ ਵਿਚ ਦਰਿਆ ਬਿਆਸ ਵਿਚ ਹੜ੍ਹ ਆਉਣ ਨਾਲ ਗੰਨੇ ਅਤੇ ਝੋਨੇ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ ਜਿਨ੍ਹਾਂ ਦਾ ਅਜੇ ਤੱਕ ਕਿਸਾਨਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ ਜਿਸ ਕਰਕੇ ਬੇਟ ਏਰੀਏ ਦੇ ਕਿਸਾਨਾਂ ਵਿਚ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਹੜ੍ਹਾਂ ਨਾਲ ਖ਼ਰਾਬ ਹੋਈ ਫ਼ਸਲ ਅਤੇ ਭਾਰੀ ਮੀਂਹ ਤੇ ਤੇਜ਼ ਹਵਾਵਾਂ ਨਾਲ ਧਰਤੀ 'ਤੇ ਵਿਛੀ ਕੁਦਰਤੀ ਮਾਰ ਕਾਰਨ ਝੋਨੇ ਦੀ ਫ਼ਸਲ ਦੀ ਗਿਰਦਾਵਰੀ ਕਰਵਾ ਕੇ ਪੀੜਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ।

## ਜ਼ਿਲ੍ਹਾ ਮੈਜਿਸਟਰੇਟ ਨੇ ਸੂਰ ਪਾਲਣ ਸੰਬੰਧੀ ਲਗਾਈਆਂ ਪਾਬੰਦੀਆਂ ਵਾਪਸ ਲਈਆਂ

**ਗੁਰਦਾਸਪੁਰ (ਜਨਕ ਮਹਾਜਨ)**- ਡਾ. ਹਿਮਾਂਸ਼ੂ ਅਗਰਵਾਲ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਸੀ.ਆਰ.ਪੀ.ਸੀ ਦੀ ਧਾਰਾ 144 ਤਹਿਤ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 'ਦਾ ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਇਨਫੈਕਸ਼ਨ ਐਂਡ ਕੋਨਟੀਜੀਅਸ ਡੀਜੀਸਸ ਇਨ ਐਨੀਮਲ ਐਕਟ-2009 ਦੇ ਚੈਪਟਰ 111 ਦੇ ਸੈਕਸ਼ਨ 06 ਤਹਿਤ ਪਸ਼ੂ ਪਾਲਣ ਵਿਭਾਗ ਦੇ ਜ਼ਿਲ੍ਹਾ ਵੈਟਨਰੀ ਅਥਾਰਟੀ (ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਗੁਰਦਾਸਪੁਰ) ਦੇ ਪੱਤਰ ਨੰਬਰ 3086, ਮਿਤੀ 6 ਸਤੰਬਰ 2023 ਦੀ ਰੌਸ਼ਨੀ ਵਿੱਚ ਸੂਰ ਪਾਲਣ, ਸੂਰਾਂ ਦੀ ਮੂਵਮੈਂਟ, ਸੂਰਾਂ ਤੋਂ ਬਣੇ ਪਦਾਰਥ, ਸੂਰਾਂ ਦੀ ਫੀਡ, ਸੂਰ ਫਾਰਮ ਦੀ ਮਸ਼ੀਨਰੀ ਆਦਿ ਸਬੰਧੀ ਲਗਾਈਆਂ ਸਮੂਹ ਪਾਬੰਦੀਆਂ ਨੂੰ ਵਾਪਸ ਲੈ ਲਿਆ ਹੈ।

ਉਨ੍ਹਾ ਕਿਹਾ ਕਿ ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ।

## ਕਮਿਸ਼ਨਰ ਨਗਰ ਨਿਗਮ ਨੇ ਕੀਤੇ ਜਾ ਰਹੇ ਕੰਮਾਂ ਦਾ ਲਿਆ ਜਾਇਜ਼ਾ



**ਬਟਾਲਾ (ਡਾ. ਮਲਵਿੰਦਰ ਸਿੰਘ)**- ਨਗਰ ਨਿਗਮ ਬਟਾਲਾ ਵੱਲੋਂ ਬਾਬੇ ਦੇ ਵਿਆਹ ਪੁਰਬ ਦੀਆਂ ਤਿਆਰੀਆਂ ਰਾਤ ਵੇਲੇ ਵੀ ਨਿਰੰਤਰ ਚੱਲ ਰਹੀਆਂ ਹਨ ਅਤੇ ਦਿਨ ਅਤੇ ਰਾਤ ਕੰਮ ਚੱਲ ਰਹੇ ਹਨ, ਤਾਂ ਜੋ ਸੰਗਤਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਪ੍ਰਗਟਾਵਾ ਕਰਦਿਆਂ ਡਾ. ਸ਼ਾਇਰੀ ਭੰਡਾਰੀ, ਐੱਸ. ਡੀ. ਐਮ. ਕਮ ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਦੋ ਦਿਨ ਪਏ ਲਗਾਤਾਰ ਮੀਂਹ ਕਾਰਨ ਤਿਆਰੀਆਂ ਵਿੱਚ ਵਿਘਨ ਪਿਆ ਸੀ, ਪਰ ਹੁਣ ਰਾਤ ਦਿਨ ਕੰਮ ਚੱਲ ਰਹੇ ਹਨ ਅਤੇ ਵਿਆਹ ਪੁਰਬ ਤੱਕ ਸੰਗਤਾਂ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾ ਖੁਦ ਰਾਤ ਵੇਲੇ ਕੀਤੇ ਜਾ ਰਹੇ ਸੜਕਾਂ ਦੇ ਮੁਰੰਮਤ ਦੇ ਕੰਮ ਚੈੱਕ ਕੀਤੇ ਹਨ ਅਤੇ ਵੱਖ ਵੱਖ ਵਿਭਾਗਾਂ ਵਲੋਂ ਪੂਰੀ ਮਿਹਨਤ ਨਾਲ ਕਾਰਜ ਕੀਤੇ ਜਾ ਰਹੇ ਹਨ।

# ਵਾਤਾਵਰਣ ਤੇ ਸੱਭਿਆਚਾਰ ਦੀ ਸੰਭਾਲ ਲਈ ਕਲਾਕਾਰਾਂ ਨੇ ਕੀਤਾ ਵੱਡਾ ਉਪਰਾਲਾ : ਈ ਟੀ ਓ



ਅੰਮ੍ਰਿਤਸਰ (ਜਸਬੀਰ ਪੱਟੀ) - ਪੰਜਾਬ ਆਰਟ ਇਨੀਸ਼ੀਏਟਿਵ-ਅੰਮ੍ਰਿਤਸਰ ਐਡੀਸ਼ਨ, ਯੂਜ਼ ਆਰਟਸ ਫਾਊਂਡੇਸ਼ਨ ਵੱਲੋਂ ਸਹਿਯੋਗ ਪ੍ਰਾਪਤ ਪਬਲਿਕ ਆਰਟ ਫੈਸਟੀਵਲ ਨੇ ਅੱਜ ਆਪਣੇ ਮਹੀਨੇ ਭਰ ਚੱਲਣ ਵਾਲੇ ਪਹਿਲੇ ਐਡੀਸ਼ਨ ਦੇ ਉਦਘਾਟਨ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਇਸ ਐਡੀਸ਼ਨ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਲਕਾਰਾਂ ਦੀ ਤਾਰੀਫ ਕਰਦੇ ਕਿਹਾ ਕਿ ਪੰਜਾਬ ਦੇ ਵਾਤਾਵਰਣ ਅਤੇ ਵਿਰਸੇ ਦੀ ਸੰਭਾਲ ਲਈ ਇਹ ਉਪਰਾਲਾ ਬਹੁਤ ਵੱਡਾ ਉਦਮ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਉਪਰਾਲੇ ਕਰ ਰਹੀ ਹੈ ਅਤੇ ਇਹ ਯਤਨ ਤਾਂ ਹੀ ਸੰਭਵ ਹੋਣਗੇ ਜਦੋਂ ਇਸ ਤਰ੍ਹਾਂ ਦਾ ਸਾਥ ਤੁਹਾਡੇ ਵੱਲੋਂ ਮਿਲੇਗਾ। ਉਨ੍ਹਾਂ ਕਿਹਾ ਕਿ ਇਨ੍ਹਾ ਕਲਾਕ੍ਰਿਤਾਂ ਵਿੱਚ ਦਿੱਤਾ ਗਿਆ ਸੰਦੇਸ਼ ਬੱਚਿਆਂ, ਜਵਾਨਾਂ ਦੇ ਸਹਿਜੇ ਹੀ ਦਿਲ ਨੂੰ ਟੁੰਬਦਾ ਹੈ, ਜੋ ਕਿ ਜਾਗਰੂਕਤਾ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਸਾਨਾਂ ਨੂੰ ਆ ਰਹੇ ਝੋਨੇ ਦੇ ਸੀਜ਼ਨ ਵਿੱਚ ਪਰਾਲੀ ਨਾ ਸਾੜਨ ਦੀ ਅਪੀਲ ਕਰਦੇ ਕਿਹਾ ਕਿ ਖੇਤਾਂ ਅਤੇ ਵਾਤਾਵਰਣ ਨੂੰ ਬਚਾਉਣ ਲਈ ਤੁਸੀਂ ਹੰਭਲਾ ਮਾਰੋ, ਅਸੀਂ ਤੁਹਾਡੇ ਨਾਲ ਹਾਂ। ਦੱਸਣਯੋਗ ਹੈ ਕਿ ਪੰਜਾਬ ਆਰਟ ਇਨੀਸ਼ੀਏਟਿਵ - ਅੰਮ੍ਰਿਤਸਰ ਐਡੀਸ਼ਨ 2023 ਸ਼ਹਿਰ ਦੇ ਕਲਾਤਮਕ ਭਾਈਚਾਰੇ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਮਹੱਤਵਪੂਰਨ ਵਿਅਕਤੀਆਂ ਨਾਲ ਭਾਈਵਾਲੀ ਰਾਹੀਂ "ਏ ਫਾਈਨ ਬੈਲੇਂਸ" ਥੀਮ ਦੇ ਆਲੇ-ਦੁਆਲੇ ਰਚਨਾਤਮਕ ਖੋਜਾਂ ਨੂੰ ਉਤਸ਼ਾਹਤ ਕਰਦਾ ਹੈ। ਇਹ ਥੀਮ ਮਨੁੱਖਾਂ ਅਤੇ ਉਨ੍ਹਾਂ ਦੇ ਵਾਤਾਵਰਣ ਵਿਚਕਾਰ ਨਾਜ਼ੁਕ ਸਬੰਧਾਂ ਦੀ ਜਾਂਚ ਕਰਨ ਦੇ ਉਦੇਸ਼ ਨਾਲ ਚੁਣਿਆ ਗਿਆ ਸੀ, ਜਿਸ ਵਿੱਚ ਜਲਵਾਯੂ ਤਬਦੀਲੀ ਅਤੇ ਸਥਿਰਤਾ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ। ਇਸ ਫੈਸਟੀਵਲ ਵਿੱਚ 150 ਤੋਂ ਵੱਧ ਆਰਟ ਸਥਾਪਨਾਵਾਂ, ਮੂਰਤੀਆਂ, ਪੇਂਟਿੰਗਾਂ ਅਤੇ ਫੋਟੋਆਂ ਪ੍ਰਦਰਸ਼ਤ ਕੀਤੀਆਂ ਜਾਣਗੀਆਂ। ਲਾਂਚ ਦੀ ਸ਼ੁਰੂਆਤ ਕਲਾਕਾਰ ਡਾ. ਬਲਜਿੰਦਰ ਗਿੱਲ ਦੁਆਰਾ ਪੇਂਟ ਕੀਤੇ ਗਏ 'ਕਾਲਾਕਾਰ' ਦੇ ਉਦਘਾਟਨ ਨਾਲ ਹੋਈ, ਇਸ ਤੋਂ ਬਾਅਦ ਇੰਟਰ ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਡਿਜ਼ਾਈਨ (ਆਈ.ਐਨ.ਆਈ.ਐਫ.ਡੀ.) ਦੁਆਰਾ ਪੇਸ਼ ਕੀਤੇ ਗਏ ਫੈਸ਼ਨ ਸ਼ੋਅਕੇਸ "ਪਹਿਨਣਯੋਗ ਕਲਾ" ਅਤੇ 2023 ਦੀ ਕਲਾ ਪ੍ਰਦਰਸ਼ਨੀ ਦੇ ਨਾਲ 'ਏ ਫਾਈਨ ਬੈਲੇਂਸ' ਦੀ ਸਮਾਪਤੀ ਹੋਈ। ਪੰਜਾਬ ਆਰਟ ਇਨੀਸ਼ੀਏਟਿਵ ਦੀ ਕਿਊਰੇਟਰ ਸੁਮੀ ਗੁਪਤਾ ਨੇ ਕਿਹਾ, "ਮੈਂ ਇਸ ਸ਼ਾਨਦਾਰ ਪ੍ਰੋਜੈਕਟ ਨੂੰ ਚਲਾਉਣ ਲਈ ਬਹੁਤ ਖੁਸ਼ ਹਾਂ ਜਿਸ ਵਿੱਚ ਅੰਮ੍ਰਿਤਸਰ ਦੀਆਂ ਸੰਸਥਾਵਾਂ ਅਤੇ ਵਿਦਿਆਰਥੀ ਕਲਾਕਾਰਾਂ ਨਾਲ ਸ਼ਾਨਦਾਰ ਸਹਿਯੋਗ ਹੈ। ਇਸ ਤਰ੍ਹਾਂ ਦੇ ਤਿਉਹਾਰਾਂ ਰਾਹੀਂ, ਅਸੀਂ ਨਾ ਸਿਰਫ ਉੱਭਰ ਰਹੇ ਕਲਾਕਾਰਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਦੇ ਹਾਂ, ਬਲਕਿ ਸ਼ਹਿਰ ਦੀ ਅਮੀਰ ਵਿਰਾਸਤ ਪ੍ਰਤੀ ਆਪਣੇਪਣ ਅਤੇ ਸਤਿਕਾਰ ਦੀ ਭਾਵਨਾ ਵੀ ਪੈਦਾ ਕਰਦੇ ਹਾਂ।

## ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਾਹਨੂੰਵਾਨ ਦੇ ਏ.ਐਸ.ਆਈ. ਸਤਿੰਦਰਪਾਲ ਸਿੰਘ ਸਮੇਤ ਪੁਲਸ ਪਰਟੀ ਨਾਗ ਮੰਡੀ ਚੌਕ ਕਾਹਨੂੰਵਾਨ ਤੋਂ ਦੋਸ਼ੀ ਭੁਪਿੰਦਰ ਸਿੰਘ ਭਿੰਦਾ ਪੁੱਤਰ ਕੁਲਦੀਪ ਸਿੰਘ ਵਾਸੀ ਤੁਗਲਵਾਲ ਨੂੰ ਸ਼ੱਕ ਦੇ ਆਧਾਰ 'ਤੇ ਮੋਮੀ ਲਿਫਾਫੇ ਸਮੇਤ ਕਾਬੂ ਕੀਤਾ ਹੈ। ਮੋਮੀ ਲਿਫਾਫੇ ਵਿੱਚ ਨਸ਼ੀਲਾ ਪਦਾਰਥ ਦਾ ਸ਼ੱਕ ਹੋਣ 'ਤੇ ਥਾਣਾ ਕਾਹਨੂੰਵਾਨ ਵਿਖੇ ਇਤਲਾਹ ਦਿੱਤੀ ਜਿਸ 'ਤੇ ਤਫਤੀਸ਼ੀ ਅਫਸਰ ਐਸ.ਆਈ. ਸੁਰਜਨ ਸਿੰਘ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਕਾਬੂ ਕੀਤੇ ਦੋਸ਼ੀ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 5 ਗ੍ਰਾਮ ਹੈਰੋਇਨ ਵਰਗਾ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ ਹੈ। ਪੁਲਸ ਨੇ ਕਥਿਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏ.ਐਸ.ਆਈ. ਹਰਭਜਨ ਚੰਦ ਨੇ ਸਮੇਤ ਪੁਲਸ ਪਾਰਟੀ ਦੋਸਸ਼ੀ ਸੁਰਜਾਨ ਹੀਰਾ ਪੁੱਤਰ ਸੈਮੂਅਲ ਮਸੀਹ ਵਾਸੀ ਲੇਹਲ ਦੇ ਘਰ ਰੇਡ ਕਰਕੇ ਦੋਸ਼ੀ ਨੂੰ 6 ਹਜ਼ਾਰ ਐਮ.ਐਲ. ਸ਼ਰਾਬ ਨਜਾਇਜ਼ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਵਿਧਾਨ ਸਭਾ ਹਲਕਾ ਬਟਾਲਾ ਦਾ ਵਿਕਾਸ ਮੇਰੀ ਪਹਿਲੀ ਤਰਜੀਹ : ਸ਼ੈਰੀ ਕਲਸੀ



ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਆਪ ਪਾਰਟੀ ਦਾ ਆਧਾਰ ਦਿਨੋ ਦਿਨ ਵਧ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀ ਦੇ ਆਗੂ ਤੇ ਵਰਕਰ ਆਪ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਜਿਸ ਦੇ ਚੱਲਦਿਆਂ ਵਿਧਾਨ ਸਭਾ ਹਲਕਾ ਬਟਾਲਾ ਦੇ ਪਿੰਡ ਅਰਜਨਪੁਰ ਵਿਖੇ ਕਾਂਗਰਸ ਤੇ ਅਕਾਲੀ ਪਾਰਟੀ ਦੇ ਕਈ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਕਰਵਾਏ ਸਮਾਗਮ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ ਤੇ ਸਾਰਿਆਂ ਨੂੰ ਨਾਲ ਲੈ ਕੇ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ। ਉਨਾਂ ਅੱਗੇ ਕਿਹਾ ਕਿ ਭਗਵੰਤ ਮਾਨ, ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕ ਭਲਾਈ ਦਾ ਸਕੀਮਾਂ ਹੇਠਲੇ ਪੱਧਰ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਹਰ ਵਰਗ ਦੇ ਲੋਕਾਂ ਵਲੋਂ ਭਰਵਾਂ ਪਿਆਰ ਦਿੱਤਾ ਜਾ ਰਿਹਾ ਹੈ ਅਤੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਕਾਰਨ ਹੀ ਰਵਾਇਤੀ ਪਾਰਟੀ ਦੇ ਆਗੂ, ਵਰਕਰ ਤੇ ਪਰਿਵਾਰ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵਿਧਾਇਕ ਸ਼ੈਰੀ ਕਲਸੀ ਦਿਨ ਰਾਤ ਲੋਕਾਂ ਦੇ ਸੰਪਰਕ ਵਿੱਚ ਰਹਿੰਦੇ ਹਨ ਅਤੇ ਲੋਕਾਂ ਤੱਕ ਪਹੁੰਚ ਕਰਕੇ ਉਨਾਂ ਦੇ ਕੰਮ ਕਰਵਾ ਰਹੇ ਹਨ।

## ਹਰਪ੍ਰੀਤ ਸਿੰਘ ਕਾਹਲੋਂ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਵਾਲੇ ਹਮਲਾਵਰਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਪਿੰਡ ਲੱਖਣ ਖੁਰਦ ਵਿਖੇ ਯੂਨੀਅਨ ਦੇ ਪ੍ਰਧਾਨ ਬਲਵੰਤ ਸਿੰਘ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿੱਚ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਜੀਤ ਸਿੰਘ ਕਾਹਲੋਂ ਦੇ ਭਰਾ ਹਰਪ੍ਰੀਤ ਸਿੰਘ ਕਾਹਲੋਂ ਨੂੰ ਉਨ੍ਹਾਂ ਦੇ ਕਲਾਨੌਰ ਸਥਿਤ ਘਰ ਵਿੱਚ ਦਾਖਲ ਹੋ ਕੇ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੁਲੀਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ ਤਾਂ ਕਿ ਅਜਿਹੀਆਂ ਘਟਨਾਵਾਂ ਵਾਪਰਨ ਨੂੰ ਠੱਲ੍ਹ ਪੈ ਸਕੇ। ਕਿਸਾਨ ਆਗੂਆਂ ਕਿਹਾ ਕਿ ਇਸ ਵੇਲੇ ਸਮਾਜ ਵਿੱਚ ਨਸ਼ੇੜੀਆਂ ਅਤੇ ਲੁਟੇਰਿਆਂ ਕਾਰਨ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਸ਼ੇੜੀਆਂ ਅਤੇ ਲੁਟੇਰਿਆਂ ਨੂੰ ਠੱਲ੍ਹ ਪਾਉਣ ਲਈ ਠੋਸ ਕਦਮ ਉਠਾਏ ਜਾਣ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਕੁਮਾਰ ਲੱਖਣ ਕਲਾਂ, ਬਲਾਕ ਪ੍ਰਧਾਨ ਗੁਰਦੀਪ ਸਿੰਘ ਕਾਮਲਪੁਰ, ਬਲਵੰਤ ਸਿੰਘ, ਭੁਪਿੰਦਰ ਸਿੰਘ, ਪ੍ਰਗਟ ਸਿੰਘ, ਦਲਬੀਰ ਸਿੰਘ, ਜਰਨੈਲ ਸਿੰਘ , ਦਵਿੰਦਰ ਸਿੰਘ, ਨੱਡਾ ਮਸੀਹ ਅਤੇ ਚਿਮਨ ਮਸੀਹ ਹਾਜ਼ਰ ਸਨ।

## ਬਾਬਾ ਬੁੱਢਾ ਜੀ ਦਾ ਸਲਾਨਾ ਜੋੜ ਮੇਲਾ ਮਨਾਉਣ ਸੰਬੰਧੀ ਇਲਾਕਾ ਨਿਵਾਸੀਆਂ ਨਾਲ ਅਹਿਮ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)- ਮਾਝੇ ਦੇ ਪ੍ਰਸਿੱਧ ਤੇ ਇਤਿਹਾਸਕ ਅਸਥਾਨ ਗੁਰਦੁਆਰਾ ਧੰਨ ਧੰਨ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ 6-7 ਅਤੇ 8 ਅਕਤੂਬਰ ਨੂੰ ਮਨਾਏ ਜਾ ਰਹੇ ਤਿੰਨ ਰੋਜ਼ਾ ਸਲਾਨਾ ਜੋੜ ਮੇਲੇ ਸਬੰਧੀ ਅੱਜ ਸੇਵਕ ਸਭਾ ਸੁਸਾਈਆਂ ਇਲਾਕੇ ਦੇ ਆਗੂਆਂ, ਸਰਪੰਚਾਂ ਪੰਚਾਂ ਅਤੇ ਸੰਗਤਾਂ ਦੀ ਅਹਿਮ ਮੀਟਿੰਗ ਹੋਈ। ਜਿਸ ਵਿੱਚ ਵੱਖ ਵੱਖ ਆਗੂਆਂ ਨੇ ਜੋੜ ਮੇਲੇ ਦੌਰਾਨ ਨਤਮਸਤਕ ਹੋਣ ਲਈ ਦੇਸ਼ ਵਿਦੇਸ਼ ਵਿੱਚੋਂ ਪੁੱਜਣ ਵਾਲੀਆਂ ਸੰਗਤਾਂ ਵਾਸਤੇ ਰਿਹਾਇਸ਼ ਲੰਗਰਾਂ ਅਤੇ ਆਉਣ ਜਾਣ ਤੇ ਆਵਾਜਾਈ ਦੇ ਸੁਚੱਜੇ ਪ੍ਰਬੰਧਾਂ ਲਈ ਅਹਿਮ ਵਿਚਾਰਾਂ ਕੀਤੀਆਂ ਗਈਆਂ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਭੂਰਾ ਕੋਹਨਾ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਟੌਹੜਾ, ਬਾਬਾ ਸੋਹਨ ਸਿੰਘ ਕਾਰ ਸੇਵਾ ਵਾਲੇ, ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਸਾਬਕਾ ਮੀਤ ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ, ਜਥੇਦਾਰ ਕਸਮੀਰ ਸਿੰਘ ਗੰਡੀਵਿੰਡ, ਸੁਖਵਿੰਦਰ ਸਿੰਘ ਗੰਡੀਵਿੰਡ, ਬਾਬਾ ਸਤਵਿੰਦਰ ਸਿੰਘ, ਮੈਂਬਰ ਮੁਖਵਿੰਦਰ ਸਿੰਘ ਖਾਪੜਖੇੜੀ, ਪ੍ਰਮਜੀਤ ਸਿੰਘ ਮੁੰਡਾ ਪਿੰਡ, ਬਾਬਾ ਪ੍ਰਗਟ ਸਿੰਘ ਪੰਡੋਰੀ ਰੁਮਾਣੇ ਵਾਲੇ,ਖਾਲੜਾ ਮਿਸ਼ਨ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਵਿੰਦਰ ਸਿੰਘ ਝਬਾਲ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਸੁਖਵੰਤ ਸਿੰਘ ਗੰਡੀਵਿੰਡ,ਜਗਦੇਵ ਸਿੰਘ ਖਾਪੜਖੇੜੀ, ਬਿਕਰਮ ਸਿੰਘ, ਕਸ਼ਮੀਰ ਸਿੰਘ ਭੁੱਚਰ, ਚੇਅਰਮੈਨ ਤੇਗਾ ਸਿੰਘ ਸੋਹਲ, ਗੁਰਜੀਤ ਸਿੰਘ ਪੰਜਵੜ, ਜਸਪਾਲ ਸਿੰਘ ਨੌਸ਼ਹਿਰਾ ਢਾਲਾਂ, ਮਖਤੂਲ ਸਿੰਘ ਲੀਡਰ ਸਵਾਰਗਾਪੁਰੀ, ਕੈਪਟਨ ਸਿੰਘ ਬਘਿਆੜੀ, ਸਾਬਕਾ ਸਰਪੰਚ ਪ੍ਰਮਜੀਤ ਸਿੰਘ ਬਘਿਆੜੀ, ਜਗਦੇਵ ਸਿੰਘ,ਸੁਖਵੰਤ ਸਿੰਘ ਗੰਡੀਵਿੰਡ,ਬਾਬਾ ਜਰਨੈਲ ਸਿੰਘ ਸੁਰਸਿੰਘ ਵਾਲੇ,ਅੰਗਰੇਜ ਸਿੰਘ,ਬਾਬਾ ਕਾਲਾ ਸਿੰਘ, ਅਮਰਜੀਤ ਸਿੰਘ ਭਲਾਈਪੁਰ,ਮਨਜੀਤ ਸਿੰਘ ਖੱਦਰ ਭੰਡਾਰ, ਸਰਪੰਚ ਮਨਜਿੰਦਰ ਸਿੰਘ ਐਮਾਂ, ਸਰਕਲ ਝਬਾਲ ਦੇ ਸਾਰੇ ਪੱਤਰਕਾਰ ਸਮੇਤ ਵੱਡੀ ਗਿਣਤੀ ਵਿਚ ਇੱਕਤਰ ਸੇਵਾ ਸਭਾ ਸੁਸਾਇਟੀਆ ਤੇ ਸੰਗਤਾਂ ਨੂੰ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਜਦ ਕਿ ਮੈਨੇਜਰ ਰਜਿੰਦਰ ਸਿੰਘ ਟੌਹੜਾ ਵੱਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

## ਆਰ ਡੀ ਖੋਸਲਾ ਸਕੂਲ 'ਚ ਵਿਆਹ ਪੁਰਬ ਮੌਕੇ ਸੁਖਮਨੀ ਸਾਹਿਬ ਦੇ ਪਾਠ ਤੇ ਪਾਲਕੀ ਸਾਹਿਬ ਕੱਢੀ



ਬਟਾਲਾ (ਤਰਲੋਕ ਬੱਗਾ,ਡਾ.ਮਲਵਿੰਦਰ ਸਿੰਘ)- ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਜਿਸ ਵਿੱਚ ਸਮੂਹ ਬੱਚਿਆਂ ਅਤੇ ਅਧਿਆਪਕਾਂ ਨੇ ਸ਼ਰਧਾ ਭਾਵਨਾ ਨਾਲ ਭਾਗ ਲਿਆ। ਪਾਠ ਉਪਰੰਤ ਕੀਰਤਨ ਹੋਇਆ । ਸਾਰੇ ਸਕੂਲ ਨੇ ਪਾਲਕੀ ਸਾਹਿਬ ਦੇ ਦਰਸ਼ਨ ਕੀਤੇ। ਸਮੂਹ ਜਮਾਤਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ ਨੇ ਸ਼ਰਧਾ ਭਾਵਨਾ ਨਾਲ ਇਸ ਵਿਚ ਭਾਗ ਲਿਆ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਸਾਰਿਆਂ ਨੂੰ ਦਿਲੋਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸਾਡੇ ਸ਼ਹਿਰ ਬਟਾਲਾ ਦੀ ਧਰਤੀ ਬਹੁਤ ਪਵਿੱਤਰ ਹੈ ਜਿਸ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ ਅਤੇ ਇੱਥੋਂ ਦੇ ਲੋਕਾਂ ਨੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮੂਹ ਬਟਾਲਾ ਵਾਸੀ ਬਾਬਾ ਜੀ ਦਾ ਵਿਆਹ ਪੁਰਬ ਆਪਸੀ ਪਿਆਰ ਅਤੇ ਸਦਭਾਵਨਾ ਨਾਲ ਮਨਾਉਂਦੇ ਹਨ।

## ਪਿੰਡ ਕਰਾਲ ਦਾ ਛਿੰਝ ਮੇਲਾ ਸਮਾਪਤ



ਗੁਰਦਾਸਪੁਰ (ਜਨਕ ਮਹਾਜਨ)- ਪਿੰਡ ਕਰਾਲ ਵਿਖੇ ਬਾਬਾ ਸਾਹਿਬਦੀਨ ਦੀ ਮਜ਼ਾਰ 'ਤੇ ਮਾਤਾ ਸਜੋਤੀ ਨੂੰ ਸਮਰਪਤ ਇਕ ਰੋਜ਼ਾ ਛਿੰਝ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ । ਇਸ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਆਪ ਸ਼ਮਸ਼ੇਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਇਕ ਦਰਜਨ ਕਬੱਡੀ ਦੀਆਂ ਟੀਮਾਂ ਖੇਡੀਆਂ ਅਤੇ ਦੇਰ ਸ਼ਾਮ ਤੱਕ ਘੋਲ ਵੀ ਚੱਲਦੇ ਰਹੇ। ਇਸ ਤੋਂ ਇਲਾਵਾ ਰਿਵਾਇਤੀ ਖੇਡਾਂ ਵੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਵਿਮਲ ਸ਼ਰਮਾ, ਮੋਨੂੰ ਠਾਕੁਰ, ਰੋਕੀ ਠਾਕੁਰ, ਰਮਨ ਸ਼ਰਮਾ, ਸਾਗਰ ਸ਼ਾਮਾ, ਰਤਨ ਸਿੰਘ, ਵਿਸਵਾ ਨਾਥ ਸ਼ਰਮਾ, ਪ੍ਰਸ਼ੋਤਮ ਨੰਬਰਦਾਰ, ਪ੍ਰਧਾਨ ਗਗਨਦੀਪ ਸਿੰਘ ਨੇ ਦੱਸਿਆ ਕਿ ਫਾਈਨਲ ਮੁਕਾਬਲਾ ਕੁਸ਼ਤੀਆਂ ਦਾ ਬਾਬਾ ਹਜ਼ਾਰਾ ਸਿੰਘ ਯੂ.ਐਸ.ਏ. ਕਲੱਬ ਅਤੇ ਨੜਾਂਵਾਲੀ ਟੀਮ ਵਿਚਕਾਰ ਹੋਇਆ ਜਿਸ ਵਿਚ ਬਾਬਾ ਹਜ਼ਾਰਾ ਸਿੰਘ ਯੂਥ ਕਲੱਬ ਯੂ.ਐਸ.ਏ. ਪਹਿਲੇ ਨੰਬਰ 'ਤੇ ਰਿਹਾ। ਮੇਲਾ ਪ੍ਰਬੰਧਕ ਕਮੇਟੀ ਨੇ ਜੇਤੂ ਟੀਮਾਂ ਨੂੰ ਇਨਾਮ ਵੀ ਤਕਸੀਮ ਕੀਤੇ।

## ਸਿਵਲ ਜੱਜ ਵੱਲੋਂ ਕੇਂਦਰੀ ਜੇਲ੍ਹ ਦਾ ਦੌਰਾ

ਅੰਮ੍ਰਿਤਸਰ : ਹਰਪ੍ਰੀਤ ਕੌਰ ਰੰਧਾਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਸ਼ਪਾਲ ਸਿੰਘ, ਸਿਵਲ ਜੱਜ (ਸੀਨੀਅਰ ਡਵੀਜ਼ਨ) ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਹਵਾਲਾਤੀਆਂ ਨੂੰ ਕਾਨੂੰਨੀ ਸੇਵਾਵਾਂ ਦਾ ਲਾਭ ਲੇਣ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਕੇਂਦਰੀ ਜੇਲ੍ਹ ਦੇ ਵੱਖ ਵੱਖ ਬੇਰਕਾਂ, ਲੰਗਰ ਆਦਿ ਦਾ ਨਿਰੀਖਣ ਕੀਤਾ ਗਿਆ। ਜੱਜ ਸਾਹਿਬ ਵੱਲੋਂ ਲੰਗਰ ਘਰ ਵਿੱਚ ਹਵਾਲਾਤੀਆਂ ਵਾਸਤੇ ਬਣ ਰਹੇ ਖਾਣੇ ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਗਈ। ਉਨ੍ਹਾਂ ਨੇ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆ ਜਾਣ ਵਾਲੀਆਂ ਸੇਵਾਵਾਂ ਦੇ ਮਹੱਤਵ ਤੋਂ ਜਾਣੂ ਕਰਵਾਉਣ ਲਈ ਸੰਦੇਸ਼ ਵੀ ਦਿੱਤਾ ਗਿਆ ਕਿ ਜਿਜ਼ਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਔਰਤਾਂ, ਬੱਚਿਆਂ, ਹਵਾਲਾਤੀਆਂ, ਕੈਦੀਆਂ ਐਤ ਹਰੇਕ ਉਹ ਵਿਅਕਤੀ ਜਿਸ ਦੀ ਸਲਾਨਾ ਆਮਦਨ 3 ਲੱਖ ਤੋਂ ਘੱਟ ਹੋਵੇ ਆਦਿ ਨੂੰ ਮੁਫਤ ਕਾਨੂੰਨੀ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇ ਅਦਾਲਤਾਂ ਵਿੱਚ ਵਕੀਲ ਦੀਆਂ ਮੁਫਤ ਸੇਵਾਵਾਂ, ਕਾਨੂੰਨੀ ਸਲਾਹ ਮਸ਼ਵਰਾ, ਅਦਾਲਤੀ ਖਰਚੇ ਦੀ ਅਦਾਇਗੀ ਆਦਿ। ਇਸ ਮੌਕੇ ਜੇਲ੍ਹ ਦੇ ਅਫਸਰ ਵੀ ਮੌਜੂਦ ਸਨ ਅਤੇ ਉਨ੍ਹਾਂ ਵੱਲੋਂ ਹਰ ਸੰਭਵ ਸਹਿਯੋਗ ਦਿਤਾ ਗਿਆ।

## 'ਨਸ਼ਾ ਇੱਕ ਲਾਹਨਤ ਹੈ' ਵਿਸ਼ੇ 'ਤੇ ਨੁੱਕੜ ਨਾਟਕ ਖੇਡਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਚੇਤਨਤਾ ਪੈਦਾ ਕਰਨ ਲਈ 'ਨਸ਼ਾ ਇਕ ਲਾਹਨਤ ਹੈ' ਵਿਸ਼ੇ 'ਤੇ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਸਕੂਲ ਦੇ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਨੇ ਦੱਸਿਆ ਕਿ ਮਿਨਸਟਰੀ ਆਫ ਸੋਸ਼ਲ ਐਂਡ ਇੰਪਾਵਰਮੈਂਟ ਭਾਰਤ ਸਰਕਾਰ ਵਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪੂਰੇ ਭਾਰਤ ਅੰਦਰ ਰਾਜ ਅਤੇ ਜ਼ਿਲ੍ਹਾ ਪੱਧਰ ਅਤੇ ਸਕੂਲਾਂ ਵਿੱਚ ਨਸ਼ਿਆਂ ਵਿਰੁੱਧ ਚੇਤਨਤਾ ਪੈਦਾ ਕਰਨ ਲਈ ਨੁੱਕੜ ਨਾਟਕ ਖੇਡੇ ਜਾ ਰਹੇ ਹਨ। ਇਸ ਅਭਿਆਨ ਤਹਿਤ ਸਕੂਲ ਵਿੱਚ ਆਜਾਦ ਭਗਤ ਸਿੰਘ ਮੰਚ ਟੀਮ ਵੱਲੋਂ ਨੁੱਕੜ ਨਾਟਕ ਦੀ ਸ਼ਾਨਦਾਰ ਪੇਸ਼ਕਾਰੀ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਆਵਾਜ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਇਸ ਨਾਟਕ ਨੂੰ ਬਹੁਤ ਹੀ ਉਤਸੁਕਤਾ ਨਾਲ ਦੇਖਿਆ ਅਤੇ ਮੰਚ ਵੱਲੋਂ ਕੀਤੇ ਜਾ ਰਹੇ ਉਪਰਾਲੇ ਨੂੰ ਪੂਰਾ ਕਰਨ ਵਿੱਚ ਆਪਣਾ ਯੋਗਦਾਨ ਦਿੱਤਾ। ਵਿਦਿਆਰਥੀਆਂ ਵਲੋਂ ਨਾਟਕ ਤੋਂ ਪ੍ਰੇਰਿਤ ਹੋ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਲਿਆ। ਅੰਤ ਵਿੱਚ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਨਾਟਕ ਅਤੇ ਭਾਰਤ ਸਰਕਾਰ ਵਲੋਂ ਚਲਾਏ ਅਭਿਆਨ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਨੇ ਨਾਟਕ ਦੀ ਸ਼ਲਾਘਾ ਕਰਦੇ ਹੋਏ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਪ੍ਰੇਰਿਤ ਕੀਤਾ।

## ਮਾਨ ਸਰਕਾਰ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ 'ਚ ਪੰਜਾਬ ਹਿੱਤਾਂ ਦੀ ਪੈਰਵੀ ਕਰੇ: ਬੱਖਤਪੁਰਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੀ ਪੀ ਆਈ ਐਮ ਐਲ ਲਿਬਰੇਸ਼ਨ ਨੇ ਕਿਹਾ ਮਾਨ ਸਰਕਾਰ ਨੂੰ 26 ਸਤੰਬਰ ਨੂੰ ਉੱਤਰੀ ਜ਼ੋਨਲ ਕੌਂਸਲ ਦੀ ਅੰਮ੍ਰਿਤਸਰ ਵਿੱਚ ਹੋਣ ਜਾ ਰਹੀ ਮੀਟਿੰਗ ਵਿੱਚ ਦਰਿਆਈ ਪਾਣੀਆਂ ਸਮੇਤ ਗੁਵਾਂਢੀ ਰਾਜਾਂ ਨਾਲ ਚੱਲ ਰਹੇ ਵਿਵਾਦਿਤ ਮੁੱਦੇ ਪੂਰੀ ਤਿਆਰੀ ਨਾਲ ਉਠਾਉਣੇ ਚਾਹੀਦੇ ਹਨ। ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ 9 ਨਵੰਬਰ 2022 ਨੂੰ ਜੈਪੁਰ ਵਿੱਚ ਹੋਈ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ ਪੰਜਾਬ ਦੇ (ਦੋ ਮੰਤਰੀ) ਵਿੱਤ ਅਤੇ ਸਿੱਖਿਆ ਮੰਤਰੀ ਸ਼ਾਮਲ ਹੋਣ ਗਏ ਸਨ ਜਿਨ੍ਹਾਂ ਨੇ ਸਿਆਸੀ ਕਮਜ਼ੋਰੀ ਦਿਖਾਉਂਦਿਆਂ ਦਰਿਆਈ ਪਾਣੀਆਂ ਉਪਰ ਨਵਾਂ ਟ੍ਰਿਬਿਊਨਲ ਬਨਾਉਣ ਦੀ ਮੰਗ ਕੀਤੀ ਸੀ। ਜੋ ਕਿ ਆਮ ਤੌਰ 'ਤੇ ਦਰਿਆਈ ਪਾਣੀਆਂ ਦੀ ਵੰਡ ਨੂੰ ਮਾਪਣ ਲਈ ਲੋੜ ਪੈਂਦੀ ਹੈ। ਜਦੋਂ ਕਿ ਗੁਆਂਢੀ ਰਾਜਾਂ ਨਾਲ ਸਵਾਲ ਪਾਣੀਆਂ ਨੂੰ ਰਿਪੇਰੀਅਨ ਮਾਪਦੰਡਾਂ ਅਨੁਸਾਰ ਵਿਚਾਰਨ ਦਾ ਸੀ। ਇਥੇ ਹੀ ਬੱਸ ਨਹੀਂ ਪੰਜਾਬ ਦੇ ਇਹ ਮੰਤਰੀ ਉਸ ਸਮੇਂ ਵੀ ਬੋਲ ਨਹੀਂ ਸੀ ਸਕੇ ਜਦੋਂ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਨੇ ਚੰਡੀਗੜ੍ਹ ਵਿੱਚ ਆਪਣੀ ਵਿਧਾਨ ਸਭਾ ਬਣਾਉਣ ਲਈ ਮੀਟਿੰਗ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜ਼ਮੀਨ ਦੀ ਮੰਗ ਕੀਤੀ ਸੀ ਤੇ ਜਿਸ ਮੰਗ ਨੂੰ ਗ੍ਰਹਿ ਮੰਤਰੀ ਨੇ ਪ੍ਰਵਾਨ ਕਰ ਲਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਦਾਅਵਾ ਇਹ ਕਰਨਾ ਬਣਦਾ ਸੀ ਕਿ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਹੈ ਅਤੇ ਇਸ ਉੱਤੇ ਪੰਜਾਬ ਦਾ ਹੱਕ ਹੈ, ਇਸ ਚੋਂ ਹਰਿਆਣੇ ਦਾ ਦਖਲ ਬੰਦ ਕਰਕੇ ਉਸ ਨੂੰ ਵੱਖਰੀ ਰਾਜਧਾਨੀ ਬਣਾ ਕੇ ਦੇਣੀ ਚਾਹੀਦੀ ਹੈ।

ਬੱਖਤਪੁਰਾ ਨੇ ਕਿਹਾ ਕਿ ਦਰਿਆਈ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬ ਦੇ ਹਾਈਡਲ ਪਰੋਜੈਕਟਾਂ ਆਦਿ ਮਸਲਿਆਂ ਵਿੱਚ ਕੇਂਦਰ ਦੀ ਦਖਲਅੰਦਾਜ਼ੀ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78,79,80 ਦੇ ਦਰਜ ਹੋਣ ਕਾਰਨ ਹੈ ਜਿਸ ਨੂੰ ਖਤਮ ਕਰਨ ਦਾ ਸਵਾਲ ਵੀ ਮੀਟਿੰਗ ਵਿੱਚ ਉਠਾਇਆ ਜਾਣਾ ਚਾਹੀਦਾ ਹੈ।

## ਐਨ ਆਰ ਆਈ ਲਈ ਭਾਰਤ ਤੋਂ ਹੈਲਥ ਇੰਸ਼ੋਰੈਂਸ ਖਰੀਦਣਾ ਵਧੇਰੇ ਲਾਭਮੰਦ : ਪਾਲਿਸੀ ਬਾਜ਼ਾਰ

**ਜਲੰਧਰ** : ਭਾਰਤ ਤੋਂ ਹਰ ਸਾਲ ਵੱਡੀ ਗਿਣਤੀ 'ਚ ਲੋਕ ਆਪਣੀ ਪੜ੍ਹਾਈ, ਨੌਕਰੀ ਜਾਂ ਕਾਰੋਬਾਰ ਲਈ ਦੂਜੇ ਦੇਸ਼ਾਂ 'ਚ ਜਾਂਦੇ ਹਨ। ਕਈ ਲੋਕ ਅਜਿਹੇ ਹਨ ਜੋ ਦੂਜੇ ਦੇਸ਼ਾਂ ਵਿੱਚ ਰਹਿੰਦੇ ਹਨ ਪਰ ਉਨ੍ਹਾਂ ਦਾ ਪਰਵਾਰ ਭਾਰਤ ਵਿੱਚ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਨੂੰ ਵਾਰ-ਵਾਰ ਭਾਰਤ ਦੀ ਯਾਤਰਾ ਕਰਨੀ ਪੈਂਦੀ ਹੈ। ਅਜਿਹੇ ਮਾਮਲਿਆਂ ਵਿੱਚ ਪਰਵਾਸੀ ਭਾਰਤੀਆਂ ਨੂੰ ਅਕਸਰ ਇਹ ਸੋਚਣਾ ਪੈਂਦਾ ਹੈ ਕਿ ਉਹ ਜਿਸ ਦੇਸ਼ ਵਿੱਚ ਰਹਿੰਦੇ ਹਨ, ਉੱਥੋਂ ਹੈਲਥ ਇੰਸ਼ੋਰੈਂਸ ਪਾਲਿਸੀ ਖ਼ਰੀਦ ਜਾਂ ਫਿਰ ਭਾਰਤ ਤੋਂ। ਹਾਲਾਂਕਿ ਇੱਕ ਪਰਵਾਸੀ ਲਈ ਫਾੱਲ-ਬੈਕ ਵਿਕਲਪ ਦੇ ਰੂਪ ਵਿੱਚ ਭਾਰਤ ਤੋਂ ਹੈਲਥ ਇੰਸ਼ੋਰੈਂਸ ਪਾਲਿਸੀ ਖ਼ਰੀਦਣਾ ਜ਼ਿਆਦਾ ਚੰਗਾ ਰਹਿੰਦਾ ਹੈ। ਕਿਉਂਕਿ ਕਿਸੇ ਵੀ ਕਿਸਮ ਦੀ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ, ਇਹ ਪਾਲਿਸੀ ਵਿੱਤੀ ਸੁਰੱਖਿਆ ਦੇ ਨਾਲ-ਨਾਲ ਮਾਨਸਿਕ ਸ਼ਾਂਤੀ ਵੀ ਪ੍ਰਦਾਨ ਕਰਦੀ ਹੈ। ਸਿਧਾਰਥ ਸਿੰਘਲ, ਹੈੱਡ-ਹੈਲਥ ਇੰਸ਼ੋਰੈਂਸ, ਪਾਲਿਸੀ ਬਾਜ਼ਾਰ ਡਾਟ ਕਾੱਮ ਦੇ ਅਨੁਸਾਰ, ਭਾਰਤ ਆਪਣੀਆਂ ਕਿਫ਼ਾਇਤੀ ਅਤੇ ਚੰਗੀਆਂ ਸਿਹਤ ਸੰਭਾਲ ਸਹੂਲਤਾਂ ਦੇ ਕਾਰਨ ਹੈਲਥ ਇੰਸ਼ੋਰੈਂਸ ਪਾਲਿਸੀਆਂ ਖ਼ਰੀਦਣ ਲਈ ਪ੍ਰਵਾਸੀ ਭਾਰਤੀਆਂ ਲਈ ਚੰਗੀ ਅਤੇ ਪਸੰਦੀਦਾ ਥਾਂ ਹੈ। ਪਰਵਾਸੀ ਭਾਰਤੀਆਂ ਦੀਆਂ ਲੋੜਾਂ ਅਨੁਸਾਰ ਉਪਲਬਧ ਹੈਲਥ ਇੰਸ਼ੋਰੈਂਸ ਪਾਲਿਸੀਆਂ ਇਸ ਨੂੰ ਹੋਰ ਵੀ ਫ਼ਾਇਦੇਮੰਦ ਬਣਾਉਂਦੀਆਂ ਹਨ। ਇਸ ਤੋਂ ਇਲਾਵਾ, ਕੁਝ ਬੀਮਾਕਰਤਾ ਪਾਲਿਸੀ ਦੀ ਖ਼ਰੀਦ ਪ੍ਰਕਿਰਿਆ ਨੂੰ ਵਧਾਉਣ ਲਈ ਬਿਨਾਂ ਕਿਸੇ ਮੈਡੀਕਲ ਚੈੱਕਅਪ ਦੇ ਹੈਲਥ ਇੰਸ਼ੋਰੈਂਸ ਪਾਲਿਸੀ ਮੁਹੱਈਆ ਕਰਵਾਉਂਦੇ ਹਨ। ਮੌਜੂਦਾ ਸਮੇਂ ਵਿੱਚ, ਮਨੀਪਾਲ ਸਿਗਨਾ, ਏ.ਬੀ.ਐਚ.ਆਈ., ਅਤੇ ਨਿਵਾ ਬੂਪਾ ਤਿੰਨ ਬੀਮਾ ਕੰਪਨੀਆਂ ਹਨ ਜੋ 18 ਪ੍ਰਤੀਸ਼ਤ ਜੀ ਐਸ ਟੀ ਰਿਫੰਡ ਦੇ ਨਾਲ ਐਨ ਆਰ ਆਈ ਹੈਲਥ ਇੰਸ਼ੋਰੈਂਸ ਪ੍ਰਦਾਨ ਕਰਦੀਆਂ ਹਨ।

## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀਆਂ ਲੜਕੀਆਂ ਨੇ ਖੋ-ਖੋ 'ਚ ਮਾਰੀ ਬਾਜ਼ੀ



ਤਰਨ ਤਾਰਨ (ਪ੍ਰਿਤਪਾਲ ਸਿੰਘ) ਬੀਤੇ ਦਿਨੀਂ 67ਵੀਆਂ ਜੋਨਲ ਖੇਡਾਂ ਸੈਸ਼ਨ 2023-2024 ਜੋਨਲ ਕਨਵੀਨਰ ਬਲਦੇਵ ਸਿੰਘ ਬਸਰਾ ਦੀ ਯੋਗ ਅਗਵਾਈ ਅਧੀਨ ਕਰਵਾਈਆਂ ਗਈਆਂ। ਇਨ੍ਹਾਂ ਜੋਨਲ ਖੇਡਾਂ ਵਿੱਚ ਗੋਇੰਦਵਾਲ ਸਾਹਿਬ ਜੋਨ ਅਧੀਨ ਆਉਂਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਿਸ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੀਆਂ ਵਿਦਿਆਰਥਣਾਂ ਨੇ ਖੋ-ਖੋ (ਅੰਡਰ-17) ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਪੂਰੇ ਜੋਨ ਵਿੱਚੋਂ ਬਾਜੀ ਮਾਰੀ।

ਇਸ ਜਿੱਤ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹਾ ਖੇਡ ਕੁਆਰਡੀਨੇਟਰ ਯੁਗਰਾਜ ਸਿੰਘ ਜੀ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਸ. ਜਤਿੰਦਰਪਾਲ ਸਿੰਘ ਰੰਧਾਵਾ ਜੀ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮਨੀਸ਼ਾ ਸੂਦ ਜੀ ਨੇ ਕੋਚ ਅਨੁਦੀਪ ਕੌਰ ਦੀ ਵਡਿਆਈ ਕਰਦਿਆਂ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੀ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

## ਸਕੂਲੀ ਬੱਚਿਆਂ ਨੂੰ 25 ਹਜ਼ਾਰ ਰੁਪਏ ਦੀ ਮਦਦ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਮਾਈ ਭਾਗੋ ਸੇਵਾ ਸੋਸਾਇਟੀ ਗੁਰਦਾਸਪੁਰ (ਯੂ.ਕੇ.) ਵਲੋਂ ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੋਹਲ ਵਿੱਚ 9ਵੀਂ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ ਪੜ੍ਹਦੇ ਲੋੜਵੰਦ ਗਰੀਬ ਬੱਚਿਆਂ ਦੀ ਸਲਾਨਾ ਫੀਸਾਂ ਦੇਣ ਤੋਂ ਇਲਾਵਾ ਵਰਦੀਆਂ, ਬੈਗ, ਬੂਟ ਅਤੇ ਪੜ੍ਹਾਈ ਲਈ ਵਰਤੀ ਜਾਣ ਵਾਲੀ ਸਮੱਗਰੀ ਹਰ ਸਾਲ ਦਿੱਤੀ ਜਾਂਦੀ ਹੈ। ਇਸੇ ਤਹਿਤ ਅੱਜ ਤਲਵਿੰਦਰ ਸਿੰਘ ਸੋਹਲ ਨੇ ਮਾਈ ਭਾਗੋ ਸੇਵਾ ਸੋਸਾਇਟੀ ਗੁਰਦਾਸਪੁਰ ਵੱਲੋਂ ਭੇਜੀ 25 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਲੋੜਵੰਦ ਬੱਚਿਆਂ ਦੀ ਫੀਸ ਲਈ ਪਿੰਡ ਸੋਹਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਪ੍ਰਿੰਸੀਪਲ ਪੁਸ਼ਪਿੰਦਰ ਸਿੰਘ ਨੂੰ ਸੌਂਪੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਸਮੁੱਚੇ ਸਟਾਫ ਵੱਲੋਂ ਮਾਈ ਭਾਗੋ ਸੇਵਾ ਸੋਸਾਇਟੀ ਗੁਰਦਾਸਪੁਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੰਗਲੈਂਡ ਅਤੇ ਕੁਵੈਂਟਰੀ ਦੀਆਂ ਨਾਨਕ ਨਾਮ ਲੇਵਾ ਸੰਗਤਾਂ ਮਾਈ ਭਾਗੋ ਸੇਵਾ ਸੁਸਾਇਟੀ ਦੁਆਰਾ ਆਪਣੀ ਨੇਕ ਕਮਾਈ ਦਾ ਦਸਵੰਧ ਭੇਜ ਕੇ ਕਈ ਪ੍ਰਕਾਰ ਦੇ ਸਮਾਜ ਭਲਾਈ ਕਾਰਜ ਕਰਨ ਤੋਂ ਇਲਾਵਾ ਸਕੂਲ ਵਿੱਚ ਪੜ੍ਹਦੇ ਲੋੜਵੰਦ ਹੋਣਹਾਰ ਬੱਚਿਆਂ ਦਾ ਖਰਚਾ ਭੇਜਦੇ ਹਨ ਤਾਂ ਜੋ ਕੋਈ ਬੱਚਾ ਗਰੀਬੀ ਕਾਰਨ ਪੜ੍ਹਾਈ ਤੋਂ ਵਾਂਝਾ ਨਾ ਰਹਿ ਸਕੇ। ਸਕੂਲ ਪ੍ਰਿੰਸੀਪਲ ਪੁਸ਼ਪਿੰਦਰ ਸਿੰਘ ਵਲੋਂ ਮਾਈ ਭਾਗੋ ਸੇਵਾ ਸੋਸਾਇਟੀ ਦੇ ਕਾਰਕੁੰਨ ਤਲਵਿੰਦਰ ਸਿੰਘ ਸੋਹਲ ਅਤੇ ਪਿੰਡ ਸੋਹਲ ਦੀ ਮੌਜੂਦਾ ਸਰਪੰਚ ਦੇ ਪਤੀ ਜ਼ੈਲਦਾਰ ਜਸਮਿੰਦਰ ਸਿੰਘ ਸੋਹਲ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਡਾਕਟਰ ਸਰਦੂਲ ਸਿੰਘ, ਸੰਜੀਵ ਕੁਮਾਰ, ਭਾਰਤ ਭੂਸ਼ਨ,ਨਿਰਮਲਜੀਤ ਸਿੰਘ, ਦਵਿੰਦਰ ਸਿੰਘ, ਪਰਮਜੀਤ, ਅਮਨਦੀਪ, ਦੀਪਕ ਸ਼ਰਮਾ, ਰਾਜਨਦੀਪ ਸਿੰਘ, ਅੰਜੂ ਵਾਸੂਦੇਵਾ, ਮੀਨਾਕਸ਼ੀ, ਬਲਵਿੰਦਰ ਕੌਰ ਆਦਿ ਸਮੇਤ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸੀਨੀਅਰ ਸਕੂਲ ਜੌੜੀਆਂ ਕਲਾਂ ਦੇ ਵਿਦਿਆਰਥੀ ਨੂੰ ਵੇਟ ਲਿਫਟਿੰਗ ਮੁਬਾਕਲੇ 'ਚ ਪਹਿਲਾ ਸਥਾਨ ਹਾਸਲ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਥਾਨਕ ਕਸਬੇ ਨਾਲ ਲੱਗਦੇ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੌੜੀਆਂ ਕਲਾਂ ਬਾਰ੍ਹਵੀਂ ਜਮਾਤ (ਸਾਇੰਸ) ਦੇ ਵਿਦਿਆਰਥੀ ਹਰਮਨਦੀਪ ਸਿੰਘ ਨੇ ਹਰਦੋਰਵਾਲ ਵਿਖੇ ਹੋਏ ਜ਼ੋਨਲ ਪੱਧਰ ਵੇਟ ਲਿਫਟਿੰਗ ਮੁਕਾਬਲੇ ਦੌਰਾਨ ਪਹਿਲਾ ਸਥਾਨ ਅਤੇ ਜ਼ਿਲ੍ਹਾ ਪੱਧਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਵਿਖੇ ਹੋਏ ਵੇਟ ਲਿਫਟਿੰਗ ਮਕਾਬਲਿਆਂ ਦੌਰਾਨ ਵੀ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਇਲਾਕੇ ਦੇ ਨਾਲ ਨਾਲ ਆਪਣੇ ਮਾਪਿਆਂ ਦਾ ਨਾਂਅ ਵੀ ਰੋਸ਼ਨ ਕੀਤਾ ਹੈ। ਉਸ ਦਾ ਅੱਜ ਆਪਣੇ ਸਕੂਲ ਪਹੁੰਚਣ 'ਤੇ ਸਕੂਲ ਦੇ ਸਮੂਹ ਸਟਾਫ ਵੱਲੋਂ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ ਤੇ ਉਸ ਨੂੰ ਵਧਾਈ ਦਿੱਤੀ ਗਈ । ਇਸ ਮੌਕੇ ਸਕੂਲ ਪ੍ਰਿੰਸੀਪਲ ਪਲਵਿੰਦਰ ਕੌਰ ਬੇਦੀ ਅਤੇ ਸਮੂਹ ਸਟਾਫ ਵੱਲੋਂ ਵੇਟ ਲਿਫਟਿੰਗ ਖਿਡਾਰੀ ਹਰਮਨਦੀਪ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ । ਇਸ ਮੌਕੇ ਵੇਟ ਲਿਫਟਿੰਗ ਖਿਡਾਰੀ ਹਰਮਨਦੀਪ ਸਿੰਘ ਨੇ ਕਿਹਾ ਕਿ ਮੇਰੀ ਜਿੱਤ ਦਾ ਸਿਹਰਾ ਮੇਰੇ ਸਕੂਲ ਦੇ ਪ੍ਰਿੰਸੀਪਲ ਪਲਵਿੰਦਰ ਕੌਰ ਬੇਦੀ ਜਿਨ੍ਹਾ ਮੈਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਅਤੇ ਮੇਰੇ ਡੀ.ਪੀ ਅਧਿਆਪਕ ਬਿਕਰਮਜੀਤ ਸਿੰਘ ਅਤੇ ਐਨ.ਸੀ.ਸੀ. ਅਧਿਆਪਿਕਾ ਮੈਡਮ ਰਾਜਵਿੰਦਰ ਕੌਰ ਨੂੰ ਜਾਂਦਾ ਹੈ , ਜਿਨ੍ਹਾਂ ਵੱਲੋਂ ਕਰਵਾਈ ਗਈ ਮਿਹਨਤ ਸਦਕਾ ਹੀ ਮੈਂ ਇਹ ਜਿੱਤ ਹਾਸਲ ਕਰ ਸਕਿਆ ਹਾਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਪਲਵਿੰਦਰ ਕੌਰ ਬੇਦੀ, ਵਾਇਸ ਪ੍ਰਿੰਸੀਪਲ ਭੁਪਿੰਦਰ ਸਿੰਘ, ਸੁਖਵਿੰਦਰ ਕੌਰ, ਮੈਡਮ ਰਾਜ, ਮੈਡਮ ਮਧੂ , ਰੀਨਾ ਸ਼ਰਮਾ, ਰਣਜੀਤ ਕੌਰ , ਤਾਨੀਆਂ, ਕਰਮਜੀਤ ਕੌਰ, ਰਣਜੀਤ ਕੌਰ, ਹਰਜੀਤ ਕੌਰ, ਰਾਜਵਿੰਦਰ ਕੌਰ, ਬਿਕਰਮਜੀਤ ਸਿੰਘ, ਜਗਵਿੰਦਰ ਕੌਰ, ਸੁਖਵਿੰਦਰ ਕੌਰ, ਮਨਪ੍ਰੀਤ ਕੌਰ, ਸੰਦੀਪ ਕੌਰ, ਜੋਤੀ, ਹਰਪ੍ਰੀਤ ਕੌਰ, ਜੀਵਨ, ਅਮਨਪ੍ਰੀਤ ਕੌਰ, ਜਸ਼ਨ, ਸੁੱਖਜੀਤ ਕੌਰ, ਸਿਮਰਨ , ਸਾਜਨ ਮਸੀਹ ਸਮੇਤ ਸਕੂਲ ਦੇ ਬੱਚੇ ਹਾਜ਼ਰ ਸਨ ।

## ਕੇਂਦਰੀ ਜੇਲ੍ਹ 'ਚ 'ਵੋਕੇਸ਼ਨਲ ਲਿਟਰੇਸੀ ਫਾਰ ਜੇਲ੍ਹ ਇਨਮੇਟਸ' ਮੁਹਿੰਮ ਸ਼ੁਰੂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 'ਵੋਕੇਸ਼ਨਲ ਲਿਟਰੇਸੀ ਫਾਰ ਜੇਲ੍ਹ ਇਨਮੇਟਸ' ਮੁਹਿੰਮ ਚਲਾਈ ਜਾ ਰਹੀ ਹੈ।

ਇਹ ਮੁਹਿੰਮ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ 20 ਸਤੰਬਰ ਤੋਂ 20 ਅਕਤੂਬਰ ਤੱਕ ਚਲਾਈ ਜਾਵੇਗੀ। ਇਸ ਮੁਹਿੰਮ ਦੌਰਾਨ ਕੇਂਦਰੀ ਜੇਲ੍ਹ, ਗੁਰਦਾਸਪੁਰ ਅੰਦਰ ਬੰਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਵੱਖ-ਵੱਖ ਕੋਰਸਾਂ ਜਿਵੇਂ ਕਿ ਉਸਾਰੀ ਦਾ ਕੰਮ, ਚਿਣਾਈ, ਇਲੈਕਟ੍ਰੀਕਲ ਫੀਟਿੰਗ, ਤਰਖਾਣ, ਚਮੜੇ ਦਾ ਕੰਮ, ਟੇਲਰਿੰਗ, ਕੱਪੜਿਆਂ ਦੀ ਸਿਲਾਈ, ਖੇਤੀਬਾੜੀ, ਬਾਗਬਾਨੀ, ਫੁੱਲਾਂ ਦੀ ਖੇਤੀ ਅਤੇ ਬੇਕਰੀ ਆਦਿ ਵੱਖ-ਵੱਖ ਕੋਰਸਾਂ ਸਬੰਧੀ ਜਾਗਰੂਕ ਕੀਤਾ ਜਾਵੇਗਾ। ਇਸ ਮੁਹਿੰਮ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ, ਗੁਰਦਾਸਪੁਰ ਦੁਆਰਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਕੈਦੀਆਂ ਅਤੇ ਹਵਾਲਾਤੀਆਂ ਨੂੰ ਹੁਨਰਮੰਦ ਬਣਾਉਣ ਲਈ ਡਿਊਟੀ ਲਗਾਈ ਗਈ ਹੈ। ਇਸ ਮੁਹਿੰਮ ਦੇ ਸਬੰਧ ਵਿੱਚ ਅੱਜ ਸੁਮਿੱਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਕੇਂਦਰੀ ਜੇਲ੍ਹ, ਗੁਰਦਾਸਪੁਰ ਦਾ ਦੌਰਾ ਕੀਤਾ ਗਿਆ ਅਤੇ ਇਸ ਮਹਿੰਮ ਦਾ ਜਾਇਜ਼ਾ ਲਿਆ ਗਿਆ।

